

# ਟੱਪਰੀਵਾਸ ਕੁੜੀ

ਪੰਜਾਬੀ ਅਨੁਵਾਦ
ਪਿਆਰਾ ਸਿੰਘ ਭੌਰ

# Hunchback of Notre-Dame

Victor Hugo

www.PunjabiLibrary.com

# ਟੱਪਰੀਵਾਸ ਕੁੜੀ

ਫ਼ਰਾਂਸੀਸੀ ਲਿਖਾਰੀ ਵਿਕਟਰ ਹਿਊਗੋ ਦੇ

ਸੰਸਾਰ-ਪ੍ਰਸਿਧ ਨਾਵਲ

Hunchback of Notre-Dame

ਦਾ ਖੁਲ੍ਹਾ ਅਨੁਵਾਦ

ਪਿਆਰਾ ਸਿੰਘ 'ਭੌਰ'

ਬੀ. ਏ., ਗਿਆਨੀ

ਸਿਖ ਨੈਸ਼ਨਲ ਕਾਲਜ, ਲਾਹੌਰ

DEPARTMENT OF LANGUAGES
LIBRARY
PUNJAB, PATIALA

★

ਲਾਹੌਰ

ਪ੍ਰੀਤ ਨਗਰ ਸ਼ਾਪ

੩੦, ਨਿਸਬਤ ਰੋਡ

www.PunjabiLibrary.com

Digitized by Panjab Digital Library | www.panjabdigilib.org

ਪੰਜਾਬੀ ਮਾਤਾ ਦੇ ਸਾਹਿੱਤਕ ਭੰਡਾਰ ਵਿਚ ਵਾਧਾ ਕਰਨ ਲਈ,

ਮੈਂ ਇਕ ਬਦੇਸ਼ੀ ਸ਼ਾਹਕਾਰ ਨੂੰ

ਆਪਣੀ ਬੋਲੀ ਵਿਚ ਢਾਲ ਕੇ ਪੇਸ਼ ਕਰ ਰਿਹਾ ਹਾਂ।

ਪਿਆਰਾ ਸਿੰਘ "ਭੌਰ"

Digitized by Panjab Digital Library | www.panjabdigilib.org

# ਮੁਖ-ਸ਼ਬਦ

'ਟੱਪਰੀਵਾਸ ਕੁੜੀ' ਜਿਹੜਾ ਕਿ ਵਿਕਟਰ ਹਿਊਗੋ ਫ਼ਰਾਂਸੀਸੀ ਨਾਵਲਿਸਟ ਦੇ ਜਗਤ ਪ੍ਰਸਿਧ ਨਾਵਲ ਦਾ, ਜਿਸਦਾ ਅੰਗਰੇਜ਼ੀ ਅਨੁਵਾਦ ਵਿਚ ਨਾਂ "Hunchback of Notre Dame' ਹੈ, ਪੰਜਾਬੀ ਵਿਚ ਉਲਥਾ ਹੈ। ਉਲਥਾ ਹੋਣ ਦੀ ਹੈਸੀਅਤ ਵਿਚ ਇਹ ਪੁਸਤਕ ਬਹੁਤ ਸਫਲ ਹੈ ਤੇ ਇਸ ਦੇ ਇਕ ਇਕ ਪਤਰੇ ਤੋਂ ਉਲਥਾਕਾਰ ਦੀ ਸੁਘੜਤਾ, ਮਿਹਨਤ ਤੇ ਬੋਲੀ ਦਿਆਂ ਗੁਝਿਆਂ ਭੇਦਾਂ ਤੇ ਵਿਸ਼ੇਸ਼ ਲਛਣਾ ਦੀ ਸੋਝੀ ਦਾ ਪਤਾ ਲਗਦਾ ਹੈ। ਉਲਥਾਕਾਰੀ ਲਿਖਣ-ਹੁਨਰ ਵਿਚ ਇਕ ਬਹੁਤ ਔਖਾ ਕੰਮ ਹੈ ਤੇ ਆਮ ਖ਼ਿਆਲ ਤੋਂ ਵਿਰੁਧ ਬਹੁਤ ਚੇਤੰਨ ਤੇ ਤੀਬਰ ਰਚਨਕਾਰੀ ਦੀ ਸੋਝੀ ਦੀ ਮੰਗ ਕਰਦਾ ਹੈ। ਉੱਚੇ ਦਰਜੇ ਦੀ ਉਲਥਾ-ਰਚਨਾ ਵਿਚ ਅਸਲੀ ਰਚਨਾਂ ਦੀ ਅੰਤ੍ਰੀਵ ਸਪਿਰਿਟ, ਉਸਦੇ ਸੁਹਜ ਦੀ ਵਿਸ਼ੇਸ਼ ਸੁਗੰਧੀ ਤੇ ਨਾਲ ਹੀ ਉਸ ਦੇ ਅਰਥ-ਭਾਵਂ ਨੂੰ ਠੀਕ ਠੀਕ ਨਿਬਾਹੁਣਾ, ਇਹ ਸਭ ਗੁਣ ਉੱਕਰੇ ਜਾਂਦੇ ਹਨ ਅਤੇ ਉਲਥਾ-ਕਾਰ ਦਾ ਭਾਵ ਸੰਖੇਪ ਇਹ ਹੁੰਦਾ ਹੈ ਕਿ ਅਸਲ ਰਚਨਾ ਦਾ ਦਰਸ਼ਨ ਜਿਥੋਂ ਤਕ ਕਿ ਇਕ ਓਪਰੀ ਬੋਲੀ ਦੀ ਰਚਨਾ ਨੂੰ ਦੂਜੀ ਵਿਚ, ਇਕ ਕਲਾ ਦੀ ਰਚਨਾ ਵਜੋਂ ਦਰਸਾਇਆ ਜਾ ਸਕਦਾ ਹੈ, ਦਰਸਾਉਣ ਦਾ ਯਤਨ ਕੀਤਾ ਜਾਵੇ। ਸਾਹਿੱਤਕ ਰਚਨਾ ਵਿਚ ਜਿਹਾ ਕਿ ਹਰ ਇਕ ਸੋਝੀਵਾਨ ਪਾਠਕ ਅੰਦਾਜ਼ਾ ਲਾ ਸਕਦਾ ਹੈ, ਜਿਹੜੀ ਔਕੜ ਰਚਨਹਾਰ ਨੂੰ ਦਰਪੇਸ਼ ਹੁੰਦੀ ਹੈ ਅਤੇ ਜਿਸ ਗੁੰਝਲ ਨੂੰ ਖੋਹਲਣ ਦੀ ਜਾਚ ਦੀ ਉਸ ਪਾਸੋਂ ਹੁਨਰ ਮੰਗ ਕਰਦਾ ਹੈ, ਉਹ ਇਹ ਹੈ ਕਿ ਅਨ-ਗਿਣਤ ਕਿਸਮਾਂ ਦੀਆਂ ਚੀਜ਼ਾਂ ਦੇ ਉਸ ਨੂੰ ਨਾਂ ਲੱਭਣੇ ਪੈਂਦੇ ਹਨ, ਅਤੇ ਅੰਤ੍ਰੀਵ ਤਜਰਬੇ ਨੂੰ ਸ਼ਬਦਾਂ ਵਿਚ ਢਾਲ ਕੇ ਉਹਨਾਂ ਨੂੰ ਸੁੰਦਰ ਰੂਪ ਤੇ ਆਕਾਰ ਦੇਣਾ ਹੁੰਦਾ ਹੈ ਜਿਹੜਾ ਉਸ ਦੀ ਕਵਿਤਾ ਯਾ ਵਾਰਤਕ ਦੀ ਚਾਲ ਅਤੇ ਰੂਪ-ਰੇਖਾ ਵਿਚ ਦਿਸੀਂਦਾ ਹੈ। ਇਸ ਰਚਨਾ ਦੇ



Digitized by Panjab Digital Library | www.panjabdigilib.org

ਦੌਰਾਨ ਵਿਚ ਉਸ ਨੂੰ ਨਵੇਂ ਨਵੇਂ ਅਤੇ ਅਦਿੱਖ ਤਜਰਬਿਆਂ, ਵੇਦਨਾਂ, ਘਟਨਾਵਾਂ ਅਤੇ ਸੂਖਮ ਭੇਦ ਰਖਣ ਵਾਲੀਆਂ, ਭਿੰਨ ਭਿੰਨ ਮਾਨਸਕ ਹਾਲਤਾਂ ਲਈ ਨਾਂ ਲੱਭਣੇ ਪੈਂਦੇ ਹਨ, ਅਤੇ ਸਾਰਿਆਂ ਨੂੰ ਜੋੜ ਕੇ ਇਕ ਅਜਿਹਾ ਗੰਢ-ਪਸਾਰਾ ਸਾਜਣਾ ਹੁੰਦਾ ਹੈ ਜਿਸ ਤੋਂ ਪੜ੍ਹਨ ਵਾਲੇ ਨੂੰ ਵਧੀਕ ਤੋਂ ਵਧੀਕ ਵਾਸ੍ਤਵਿਕਤਾ ਨਾਲ ਉਸ 'ਤਜਰਬੇ' ਯਾ ਦਸ਼ਾ, ਉਸ ਦ੍ਰਿਸ਼ ਯਾ ਕ੍ਰਮ ਦਾ ਦਰਸ਼ਨ ਹੋ ਜਾਵੇ ਜਿਸ ਨੂੰ ਕਰਤਾ ਨੇ ਦਰਸਾਉਣਾ ਲੋੜਿਆ ਹੈ। ਇਹ ਕੁਝ ਇਸ਼ਾਰੇ ਵਜੋਂ ਬਿਆਨ ਹੈ, ਰਚਣਹਾਰ ਸਾਹਿਤਕਾਰ ਦੀਆਂ ਔਖਾਂ ਦਾ।

ਉਲਥਾਕਾਰ ਨੂੰ ਵੀ ਇਹਨ੍ਹਾਂ ਵਿਚੋਂ ਬਹੁਤ ਸਾਰੀਆਂ ਔਖਾਂ ਨੂੰ ਉਲੰਘਣਾਂ ਪੈਂਦਾ ਹੈ ਅਤੇ ਇਨ੍ਹਾਂ ਗੁੰਝਲਾਂ ਨੂੰ ਖੋਹਲਣਾਂ ਪੈਂਦਾ ਹੈ, ਤਦ ਜਾ ਕੇ ਉਸ ਨੂੰ ਅਸਲ ਕਰਤਾ ਦੇ ਪ੍ਰਗਟਾਏ ਹੋਏ ਭਾਵ ਨੂੰ ਆਪਣੀ ਬੋਲੀ ਰਾਹੀਂ ਪ੍ਰਗਟਾਉਣ ਵਿਚ ਸਫ਼ਲਤਾ ਹੁੰਦੀ ਹੈ। ਖ਼ਾਸ ਕਰਕੇ ਜਦੋਂ ਉਲਥਾਕਾਰ ਦੇ ਸਾਹਮਣੇ ਇਕ ਅਜਿਹੀ ਪੁਸਤਕ ਹੋਵੇ ਜਿਹੜੀ ਇਕ ਨਿਪਟ ਹੀ ਅੱਡਰੀ ਬੋਲੀ ਵਿਚੋਂ ਅਨੁਵਾਦਣੀ ਹੋਵੇ, ਜਿਸ ਵਿਚ ਕਹਾਣੀ ਇਕ ਦੂਰ ਪੁਰਾਣੇ ਸਮੇਂ ਦੀ ਵੱਖਰੀ ਮਰ ਚੁਕੀ ਹੋਈ ਸਭਿਅਤਾ ਦੀ ਤੇ ਇਕ ਅਣਜਾਣੇ ਸਥਾਨਕ ਤੇ ਸਮਾਜਕ ਵਾਯੂ-ਮੰਡਲ ਦੀ ਹੋਵੇ, ਉਦੋਂ ਕਹਾਣੀ ਨੂੰ ਨਵੀਂ ਬੋਲੀ ਵਿਚ ਕਰਕੇ ਤੇ ਪਾਠਕਾਂ ਵਿਚ ਉਸ ਦਿਆਂ ਪਾਤਰਾਂ ਤੇ ਉਸਦੀਆਂ ਘਟਨਾਵਾਂ ਲਈ ਦਿਲਚਸਪੀ ਪੈਦਾ ਕਰਨਾ ਬਹੁਤ ਕਠਨ ਕੰਮ ਹੋ ਜਾਂਦਾ ਹੈ, ਅਤੇ ਇਸ ਕੰਮ ਨੂੰ ਸਫ਼ਲਤਾ ਨਾਲ ਕਰ ਲੈਣਾ ਕਾਫ਼ੀ ਸ਼ਲਾਘਾ ਦਾ ਹੱਕਦਾਰ ਅਨੁਵਾਦਕ ਨੂੰ ਬਣਾ ਦਿੰਦਾ ਹੈ। "Hunch-back of Notre Dame" ਦਾ ਅਨੁਵਾਦ ਕਰਨ ਵਿਚ ਅਨੁਵਾਦਕ ਨੂੰ ਇਹਨਾਂ ਸਾਰੀਆਂ ਔਕੜਾਂ ਉਪਰ ਕਾਬੂ ਪਾ ਕੇ ਕੰਮ ਕਰਨਾ ਪਿਆ ਹੈ। ਕਹਾਣੀ ਬਹੁਤ ਲੰਮੀ ਸੀ, ਜਿਸ ਵਿਚ ਫ਼ਰਾਂਸ ਦੀਆਂ ਇਤਿਹਾਸਕ ਸਥਾਨਾਂ, ਰਸਮਾਂ ਰਿਵਾਜ਼ਾਂ ਅਤੇ ਪਾਤਰਾਂ ਦੇ ਬਹੁਤ ਲੰਮੇ ਲੰਮੇ ਬਿਆਨ ਹਨ ਜਿਹੜੇ ਅਸਲ ਕਰਤਾ ਵਿਕਟਰ ਹਿਊਗੋ ਦੀ ਵਿਦਵਤਾ ਤੇ ਬਿਆਨ ਦੇ ਦਰਸਾਉਣ ਦਾ ਪਤਾ ਦਿੰਦੇ ਹਨ, ਪਰ ਆਮ ਪੰਜਾਬੀ ਪਾਠਕ ਉਹਨਾਂ ਤੋਂ ਜ਼ਰੂਰ ਉਕਤਾ ਜਾਂਦਾ। ਇਸ ਲਈ ਪਹਿਲਾ ਕੰਮ ਉਲਥਕਾਰ ਦੇ ਸਾਹਮਣੇ



Digitized by Panjab Digital Library | www.panjabdigilib.org

ਕਾਂਟ ਛਾਂਟ ਦਾ ਸੀ। ਇਸ ਅਨੁਵਾਦ ਵਿਚ ਯਤਨ ਇਹ ਕੀਤਾ ਗਿਆ ਹੈ ਕਿ ਉਹਨਾਂ ਸਭ ਬਿਆਨਾਂ ਅਤੇ ਨਿੱਕਿਆਂ ਨਿੱਕਿਆ, ਇਕ ਗੁੱਠੇ ਪਿਆਂ ਟੈਰ-ਜ਼ਰੂਰੀ ਪਾਤਰਾਂ ਅਤੇ ਬਿਆਨਾਂ ਨੂੰ ਕੱਢ ਦਿਤਾ ਗਿਆ ਹੈ ਅਤੇ ਕਹਾਣੀ ਦੀ ਅਸਲੀ ਮੁਢਲੀ ਗੋਂਦ ਯਾ ਪਲਾਟ ਅਤੇ ਉਸ ਪਲਾਟ ਦਿਆਂ ਪਾਤਰਾਂ ਉਪਰ ਹੀ ਸੰਕੋਚ ਕੇ ਪਾਠਕ ਦੇ ਧਿਆਨ ਨੂੰ ਜੋੜਿਆ ਗਿਆ ਹੈ। ਮੇਰੇ ਵਿਚਾਰ ਵਿਚ ਇਹ ਕਾਂਟ ਛਾਂਟ ਚੰਗੀ ਕਹਾਣੀ-ਸੁਆਦ ਤੇ ਪਰਖ ਦਾ ਫਲ ਹੈ ਤੇ ਇਸ ਨਾਲ ਕਹਾਣੀ ਆਮ ਪੰਜਾਬੀ ਪਾਠਕ ਦੀ ਪਸੰਦ ਦੇ ਵਧੇਰੇ ਨੇੜੇ ਆ ਗਈ ਹੈ।

ਦੂਜਾ ਕੰਮ ਸੀ ਪਾਤਰਾਂ ਦੇ ਮੱਧ-ਸ਼ਤਾਬਦੀਆਂ ਦੇ ਕਲਾਸੀਕਲ ਫ਼ਰਾਂਸੀਸੀ ਨਾਵਾਂ ਨੂੰ ਸਾਦਾ ਤੇ ਸਰਲ ਆਕਾਰ ਦੇਣਾ ਜਿਸ ਨਾਲ ਲੰਮੇ ਤੇ ਉਚਾਰਣ ਵਿਚ ਔਖ ਲਿਆਉਣ ਵਾਲੇ ਨਾਂ ਚੇਤੇ ਰਖਣ ਯੋਗ ਬਣ ਜਾਣ। ਇਹ ਵੀ ਕਰ ਦਿਤਾ ਗਿਆ ਹੈ। ਮਿਸਾਲ ਵਜੋਂ ਨਾਵਲ ਦੀ ਨਾਇਕਾ ਨਾਚੀ ਮਿਸਰੀ ਕੁੜੀ, ਜਿਸਦਾ ਅਨੁਵਾਦ ਵਿਚ ਨਾਂ 'ਅਸਮਰ' ਹੈ, ਉਸ ਦਾ ਅਸਲ ਵਿਚ ਨਾਂ 'ਲਾ ਐਸਮੈਰਾਲਡਾ' ਹੈ। ਪਾਠਕ ਦੇਖ ਲੈਣਗੇ ਕਿ ਇਸ ਤਬਦੀਲੀ ਨਾਲ ਹੁਨਰੀ ਲਾਭ ਹੋਇਆ ਹੈ, ਤੇ ਜਿਵੇਂ ਨਾਂ ਹੁਣ ਹੈ 'ਅਸਮਰ ਇਸ ਦੇ ਸ਼ਬਦ-ਨਾਦ ਵਿਚ ਮਿਸਰੀ-ਪੁਣੇ ਦੀ ਭੀ ਅਚੇਤ ਹੀ ਇਕ ਝਲਕ ਜਿਹੀ ਆ ਜਾਂਦੀ ਹੈ ਜਿਸ ਨਾਲ ਕਿ ਰੁਮਾਂਟਿਕ ਵਾ-ਗੋਲ ਦੀ ਰਚਨਾ ਵਿਚ ਵਾਧਾ ਹੁੰਦਾ ਹੈ।

ਉਲਥੇ ਵਿਚ ਬਿਆਨ ਅਤੇ ਪਾਤਰਾਂ ਦੀ ਗਲ ਬਾਤ ਦੀ ਬੋਲੀ, ਦੋਹਾਂ ਨੂੰ ਮੈਂ ਪੜ੍ਹਕੇ ਸਲਾਹਿਆਂ ਹੈ। ਖ਼ਾਸ ਕਰਕੇ ਗਲਬਾਤ ਦੀ ਬੋਲੀ ਬਹੁਤ ਹੀ ਚੰਗੀ ਹੈ। ਬਿਆਨ ਦੀ ਬੋਲੀ ਬਾਰੇ ਮੈਂ ਤੱਕਿਆ ਹੈ ਕਿ ਇਸ ਵਿਚ ਬਹੁਤ ਸੁਚਮਣ ਤੇ ਕਿਤਾਬੀ ਰੰਗਣ ਦੇਣ ਦਾ ਯਤਨ ਨਹੀਂ ਕੀਤਾ ਗਿਆ। ਭਾਵ ਇਹ ਕਿ ਉਲਥਾਕਾਰ ਨੇ ਬਹੁਤ ਵਿਦਵਤਾ ਨਹੀਂ ਦੱਸੀ। ਬੋਲੀ ਸਾਫ਼ ਤੇ ਸਰਲ ਹੈ। ਬਹੁਤੀਆਂ ਬਰੀਕੀਆਂ ਪੱਧਰੀਆਂ ਕਰ ਕੇ ਬਿਆਨੀਆਂ ਗਈਆਂ ਹਨ। ਪੰਜਾਬੀ ਦੇ ਬਿਆਨੀਆਂ ਵਾਰਤਕ ਵਿਚ ਇਹ ਇਕ ਚੰਗਾ ਤੇ ਜਾਇਜ਼ ਰੰਗ ਹੈ, ਭਾਵੇਂ ਇਹ ਵਾਰਤਕ ਉੱਚੇ ਦਰਜੇ ਦੀ ਨਹੀਂ, ਕਿਉਂਜੋ ਉੱਚੇ ਦਰਜੇ ਦੀ ਵਾਰਤਕ ਬਹੁਤ ਭਾਵੁਕ, ਸੂਖਮ ਤੇ ਭਰਪੂਰ ਬਹੁਲਤਾ ਦੀ ਪਾਤੂ ਹੁੰਦੀ ਹੈ,



Digitized by Panjab Digital Library | www.panjabdigilib.org

ਪਰ ਇਹ ਵਾਰਤਕ ਰਚਨਾਂ ਦੀਆਂ ਆਮ ਰੋਜ਼ਾਨਾ ਲੋੜਾਂ ਲਈ ਬਹੁਤ ਵਰਤਣੀਜ ਹੈ।

ਕਹਾਣੀ ਦਾ ਸਮੁਚਾ ਪ੍ਰਭਾਵ ਇਕ ਚੰਗੀ ਤਰ੍ਹਾਂ ਉਸਾਰੀ ਹੋਈ, ਗੋਂਦਵੀਂ ਤੇ ਰੁਚੀ ਨੂੰ ਖਿਚਣ ਵਾਲੀ ਵਾਰਤਾ ਦਾ ਹੈ, ਜਿਸ ਵਿਚ ਪਿਆਰ ਅਤੇ ਤੋੜ-ਨਿਭਾਉਣ ਦੇ ਜਜ਼ਬੇ, ਦੁਰਾਡੇ ਸਮੇਂ ਅਤੇ ਰਸਮਾਂ ਦੇ ਬਿਆਨ, ਹੈਰਾਨੀ, ਭੈ ਅਤੇ ਅਜੂਬਿਆਂ ਦੇ ਖਿਚਦਿਆਂ ਸੋਮਿਆਂ ਨੂੰ ਛੋਹ ਕੇ ਕਰਤਾ ਨੇ ਇਕ ਮਨ-ਖਿਚਵੀਂ ਕਹਾਣੀ ਸਾਜੀ ਹੈ। ਗੁਝੇ ਭੇਦ, ਅਚਨਚੇਤ ਘਟਨਾਵਾਂ, ਸਾਜ਼ਸ਼ ਤੇ ਦੂਤ-ਪੁਣੇ ਦੀਆਂ ਗੋਂਦਾਂ ਅਤੇ ਇਸ ਦੇ ਨਾਲ ਨਾਲ ਪਾਤਰਾਂ ਦੀ ਅੰਤ੍ਰੀਵ ਦਸ਼ਾਵਾਂ ਨੂੰ ਦਰਸਾਉਣ ਕਰਕੇ ਕਹਾਣੀ ਵਿਚ ਰੋਮਾਂਟਿਕ ਰੰਗਣ ਦੇ ਨਾਲ ਨਾਲ ਚੰਗੇ ਮਾਨਸਕ ਸਾਹਿਤ ਦੀ ਸਿਫ਼ਤ ਹੈ।

ਪੰਜਾਬੀ ਵਿਚ ਚੰਗੇ ਮੌਲਕ ਨਾਵਲਾਂ ਦੇ ਘਾਟੇ ਕਰਕੇ ਕਹਾਣੀ-ਕਲਾ ਦੀਆਂ ਪ੍ਰਸਿਧ ਤੇ ਚੰਗੀਆਂ ਰਚਨਾਂ ਦੇ ਅਨੁਵਾਦ ਹੋਣੇ ਜ਼ਰੂਰੀ ਤੇ ਲਾਭ-ਦਾਇਕ ਗੱਲ ਹੈ। ਹੁਣ ਤੀਕ ਪੰਜਾਬੀ ਵਿਚ ਨਾਵਲਾਂ ਤੇ ਕਹਾਣੀਆਂ ਦੇ ਕਈ ਚੰਗੇ ਚੰਗੇ ਉਲਥੇ ਪਾਠਕਾ ਦੇ ਅੱਗੇ ਆ ਚੁਕੇ ਹਨ। ਆਸ ਹੈ ਕਿ ਪਾਠਕ ਹਰ ਇਕ ਅਜਿਹੇ ਚੰਗੇ ਅਨੁਵਾਦ ਲਈ ਅਨੁਵਾਦਕਾਰਾਂ ਦੇ ਧੰਨਵਾਦੀ ਹੋਣਗੇ।

ਸਿਖ ਨੈਸ਼ਨਲ ਕਾਲਜ,
੩੦ ਜਨਵਰੀ, ੧੯੪੫

ਗੁਰਬਚਨ ਸਿੰਘ 'ਤਾਲਬ'

Digitized by Panjab Digital Library | www.panjabdigilib.org

# ੧

੬ ਜਨਵਰੀ ੧੬੮੨ ਦੀ ਸਵੇਰ ਪੈਰਿਸ ਵਾਸੀਆਂ ਲਈ ਇਕ ਖ਼ਾਸ ਸਵੇਰ ਸੀ। ਸਾਰੇ ਲੋਕੀਂ ਘੜਿਆਲਾਂ ਦੀਆਂ ਅਵਾਜ਼ਾਂ ਨਾਲ ਮੂੰਹ ਹਨੇਰੇ ਹੀ ਉਠ ਬੈਠੇ ਸਨ। ਸਾਰਾ ਸ਼ਹਿਰ ਘੰਟਿਆਂ ਦੇ ਰੌਲੇ ਨਾਲ ਗੂੰਜ ਰਿਹਾ ਸੀ। ਤਾਂ ਵੀ ਇਹ ਕੋਈ ਅਜਿਹਾ ਦਿਹਾੜਾ ਨਹੀਂ ਸੀ ਜਿਸ ਨੂੰ ਇਤਿਹਾਸ ਦੇ ਪੰਨਿਆਂ ਨੇ ਸਾਂਭ ਰਖਿਆ ਹੋਵੇ, ਕਿਉਂਕਿ ਨਾ ਤਾਂ ਉਸ ਦਿਨ ਪਕਡੋਜ਼ਾ ਤੇ ਬਰਗਾਨਡੀਅਨ ਦਾ ਆਪੋ ਵਿਚ ਕੋਈ ਯੁਧ ਹੋਇਆ ਸੀ ਅਤੇ ਨਾ ਹੀ ਕਿਸੇ ਮਹਾਂ ਪੁਰਸ਼ ਦੀ ਅਰਥੀ ਦਾ ਜਲੂਸ ਕਢਿਆ ਗਿਆ ਸੀ। ਇਸ ਤੋਂ ਬਿਨਾਂ ਨਾ ਹੀ ਕਿਸੇ ਡਾਕੂ, ਝੋਲੀ ਚੁਕ ਜਾਂ ਗ਼ਦਾਰ ਨੂੰ ਸੂਲੀ ਤੇ ਟੰਗਿਆ ਗਿਆ ਸੀ ਅਤੇ ਨਾ ਹੀ ਕਿਸੇ ਬਾਹਰਲੇ ਦੇਸ਼ ਦੇ ਸੈਲਾਨੀ ਦੀ ਤੂਲਾਂ ਨਾਲ ਲਦੀ ਹੋਈ ਫ਼ਿਟਨ ਸ਼ਹਿਰ ਵਿਚ ਨਜ਼ਰੀਂ ਪਈ ਸੀ। ਤਾਂ ਵੀ ੬ ਜਨਵਰੀ ਦੀ ਸਵੇਰ ਨੂੰ ਕਾਫ਼ੀ ਰੌਲਾ ਰੱਪਾ ਪਿਆ ਹੋਇਆ ਸੀ ਤੇ ਲੋਕੀਂ ਨਠੋ ਭਜੀ ਵਿਚ ਰੁਝੇ ਨਜ਼ਰੀਂ ਪੈਂਦੇ ਸਨ ਕਿਉਂਕਿ ਅੱਜ ਪੈਰਿਸ ਵਿਚ ਇਕ ਸ਼ਹਾਨਾ ਰਸਮ ਮਨਾਈ ਜਾਣੀ ਸੀ ਜਿਹੜੀ ਕਿ "ਬੇ-ਵਕੂਫ਼ਾਂ ਦੇ ਮੇਲੇ" ਦੇ ਨਾਂ ਨਾਲ ਪ੍ਰਸਿਧ ਸੀ।

"ਬੇਵਕੂਫ਼ਾਂ ਦਾ ਮੇਲਾ" ਈਸਾਈ ਤਿਓਹਾਰਾਂ ਤੇ ਖ਼ਾਸ ਮਹਾਨਤਾ ਰਖਦਾ ਸੀ ਅਤੇ ਕਿਸੇ ਸਮੇਂ ਜਦ ਕਿ 'ਪੋਪਇਜ਼ਮ' ਆਪਣੇ ਪੂਰੇ ਜੋਬਨ ਤੇ ਸੀ ਤਾਂ ਸਾਰੀ ਦੁਨੀਆਂ ਵਿਚ ਜਿਥੇ ਕਿਧਰੇ ਵੀ ਈਸਾਈ ਵਸਦੇ ਸਨ, ਇਹ ਰਸਮ ਬੜੀ ਸੱਜ ਧੱਜ ਨਾਲ ਮਨਾਈ ਜਾਂਦੀ ਸੀ ਪਰ ਜਦ ਰੋਮ ਦੇ ਪੋਪ ਨੇ ਜ਼ੋਰ ਫੜਿਆ ਅਤੇ ਜਦ ਮਨੁੱਖਤਾ ਦੇ ਸੁਧਾਰ ਦੇ ਚਾਹਵਾਨ ਕੁਝ ਕੁ ਸੱਜਣ



Digitized by Panjab Digital Library | www.panjabdigilib.org

ਸਦੀਆਂ ਦੀ ਗੂੜ੍ਹੀ ਨੀਂਦ ਪਿਛੋਂ ਤ੍ਰਬਕ ਕੇ ਉਠੇ ਤਾਂ ਏਸ ਤਿਓਹਾਰ ਨੂੰ ਕਾਨੂੰਨ ਵਿਰੁਧ ਕਰ ਦਿਤਾ ਕਿਉਂਕਿ ਇਸ ਨਾਲ ਲੋਕਾਂ ਦੇ ਆਚਰਨਾਂ ਤੇ ਭੈੜਾ ਅਸਰ ਪੈਂਦਾ ਸੀ। ਬਹੁਤ ਸਾਰੀਆਂ ਸਭਾਵਾਂ ਨੇ ਇਸ ਦੇ ਖ਼ਿਲਾਫ਼ ਆਵਾਜ਼ੇ ਕਸੇ ਅਤੇ ੧੧ ਮਾਰਚ ੧੭੪੪ ਨੂੰ ਪੈਰਿਸ ਯੂਨੀਵਰਸਿਟੀ ਵਲੋਂ ਇਸ ਦੇ ਵਿਰੁਧ ਇਕ ਕਮੇਟੀ ਬਣਾਕੇ ਉਸ ਨੂੰ ਫ਼ਰਾਂਸ ਦੇ ਸਾਰੇ ਪਾਦਰੀਆਂ ਪਾਸ ਭੇਜਿਆ।

ਇਹ ਸ਼ਾਹੀ ਰਸਮ ਪੈਲਸ ਆਫ਼ ਜਸਟਿਸ ਵਿਚ ਮਨਾਈ ਜਾਣੀ ਸੀ ਅਤੇ ਇਸ ਤੋਂ ਇਕ ਦਿਨ ਪਹਿਲੇ ਪੈਰਿਸ ਦੀਆਂ ਗਲੀਆਂ ਬਾਜ਼ਾਰਾਂ ਵਿਚ ਇਹ ਢੰਡੋਰਾ ਪਿਟਵਾ ਦਿਤਾ ਗਿਆ ਸੀ ਕਿ ਉਹ ਰਸਮ ਜਿਸ ਦੀ ਉਡੀਕ ਵਿਚ ਸਾਡੇ ਦਿਲ ਸਾਲ ਭਰ ਲਗੇ ਰਹਿੰਦੇ ਹਨ, ਕਲ ਮਨਾਈ ਜਾਏਗੀ।

ਦੂਜੇ ਦਿਨ ਤੜਕੇ ਹੀ ਸ਼ਹਿਰ ਦੇ ਹਰ ਪਾਸਿਓਂ ਲੋਕੀਂ ਪੈਲਸ ਆਫ਼ ਜਸਟਿਸ ਵਲ ਵਹੀਰਾਂ ਪਾਉਣ ਲਗ ਪਏ। ਸਿਟਾ ਇਹ ਨਿਕਲਿਆ ਕਿ ਪੈਲਸ ਆਫ਼ ਜਸਟਿਸ ਦੀਆਂ ਨਾ ਕੇਵਲ ਗੈਲਰੀਆਂ ਤੇ ਹਾਲ ਹੀ ਪਬਲਿਕ ਨਾਲ ਭਰ ਗਏ ਸਗੋਂ ਲੋਕੀ ਹਾਲ ਦੇ ਥਮਾਂ ਨਾਲ ਸਪਾਂ ਵਾਂਗ ਚਿੰਬੜੇ ਪਏ ਸਨ। ਇਹ ਭੀੜ ਪਲੋ ਪਲੀ ਵਧਦੀ ਹੀ ਜਾਂਦੀ ਸੀ। ਦਰਸ਼ਕ ਸਵੇਰ ਤੋਂ ਹੀ ਇਸ ਰਸਮ ਦਾ ਨਜ਼ਾਰਾ ਵੇਖਣ ਲਈ ਉਤਾਵਲੇ ਸਨ। ਇਨ੍ਹਾਂ ਵਿਚੋਂ ਕਈ ਤਾਂ ਅਜਿਹੇ ਵੀ ਸਨ ਜਿਨ੍ਹਾਂ ਨੇ ਪੈਲੇਸ ਦੇ ਬੂਹੇ ਅਗੇ ਖੜੋਤਿਆਂ ਖੜੋਤਿਆਂ ਰਾਤ ਲੰਘਾ ਛਡੀ ਸੀ ਤਾਂ ਜੋ ਸਵੇਰੇ ਬੂਹਾ ਖੁਲ੍ਹਦਿਆਂ ਸਾਰ ਹੀ ਉਹ ਸਭ ਤੋਂ ਪਹਿਲੇ ਅੰਦਰ ਜਾ ਸਕਣ।

"ਵੇਖੇ ਨਾਂ ਕਿਥੇ ਲਟਕਿਆ ਹੋਇਆ ਏ, ਸ਼ੈਤਾਨ!" ਭੀੜ ਵਿਚ ਖਲੋਤੇ ਇਕ ਆਦਮੀ ਨੇ ਆਪਣੇ ਸਾਥੀ ਨੂੰ ਆਪਣੀ ਵਲ ਖਿਚਿਦਿਆਂ ਹੋਇਆਂ ਕਿਹਾ। "ਜ਼ਬਾਨ ਨੂੰ ਲਗਾਮ ਦੇ ਕੇ ਰਖ, ਖੋਤਾ ਕਿਸੇ ਥਾਂ ਦਾ" ਥੰਮ ਨਾਲ ਲਟਕਦੇ ਬੰਦੇ ਨੇ ਆਖਿਆ। "ਜੇ ਹੁਣ ਕੁਸਕਿਉਂ ਤਾਂ ਤੇਰੇ ਸਿਰ ਤੇ ਛਾਲ ਮਾਰ ਦਿਆਂਗਾ।"

ਸਾਰੀ ਪਬਲਿਕ ਨੇ ਏਸ ਆਵਾਜ਼ ਨੂੰ ਸੁਣਿਆਂ। ਪੈਲਸ ਦਾ ਵਾਯੂ-



Digitized by Panjab Digital Library | www.panjabdigilib.org

ਮੰਡਲ ਤਾੜੀਆਂ ਤੇ ਖਿਲਖਿਲੀਆਂ ਨਾਲ ਗੂੰਜ ਉਠਿਆ। ਐਨ ਉਸ ਵੇਲੇ ਘੜਿਆਲ ਨੇ ਦੁਪਹਿਰ ਦੇ ਬਾਰਾਂ ਵਜਾਏ। ਲੋਕੀਂ ਹੁਣ ਬਹੁਤ ਕਾਹਲੇ ਪੈ ਗਏ ਅਤੇ ਹਾਲ ਵਿਚ ਕਈ ਅਵਾਜ਼ਾਂ ਗੂੰਜਣ ਲਗ ਪਈਆਂ। ਕੋਈ ਖੰਘਦਾ ਸੀ, ਕੋਈ ਨਕ ਨੂੰ ਫੜ ਕੇ ਨਿਛਾਂ ਮਾਰ ਰਿਹਾ ਸੀ ਪਰ ਬਹੁਤੇ ਲੋਕੀਂ ਮੂੰਹ ਖੋਲ੍ਹੀ, ਜੀਭਾਂ ਬਾਹਰ ਕਢ ਕੇ ਉਤਸ਼ਾਹ ਭਰੀਆਂ ਨਜ਼ਰਾਂ ਨਾਲ ਉਸ ਮੇਜ਼ ਵਲ ਤਕ ਰਹੇ ਸਨ ਜਿਹੜਾ ਹਾਲ ਦੇ ਵਿਚਕਾਰ ਪਿਆ ਹੋਇਆ ਸੀ। ਮੇਜ਼ ਦੇ ਆਲੇ ਦੁਆਲੇ ਚਾਰ ਹਥਿਆਰ ਬੰਦ ਸਿਪਾਹੀ ਬੁਤ ਬਣੇ ਖੜੋਤੇ ਸਨ। ਇਹਨਾਂ ਦੇ ਕੋਲ ਹੀ ਸਟੇਜ ਬਣਾਈ ਗਈ ਸੀ। ਲੋਕਾਂ ਨੇ ਬੜੇ ਉਤਾਵਲੇ ਹੋ ਕੇ ਫਲੇਮਸ ਸਫੀਰ ਦੀ ਗੈਲਰੀ ਵਲ ਤਕਿਆ। ਉਹ ਖਾਲੀ ਪਈ ਸੀ ਅਤੇ ਉਸ ਦਾ ਦਰਵਾਜ਼ਾ ਬੰਦ ਸੀ।

ਕੁਝ ਚਿਰ ਤਕ ਹੋਰ ਲੋਕੀਂ ਬੇਸਬਰੀ ਨਾਲ ਇਸ ਅਨੋਖੀ ਰਸਮ ਦੇ ਆਰੰਭ ਹੋਣ ਦੀ ਉਡੀਕ ਕਰਦੇ ਰਹੇ। ਪਰ ਸਬਰ ਦੀ ਵੀ ਕੋਈ ਹਦ ਹੁੰਦੀ ਹੈ। ਅਖੀਰ ਤੰਗ ਆ ਕੇ ਦ੍ਰਿੜ੍ਹਤਾ ਨਾਲ਼ "ਸ਼ੁਰੂ ਕਰੋ, ਛੇਤੀ ਕਰੋ" ਦਾ ਰੌਲਾ ਪਾਉਂਦੇ ਹੋਏ ਲੋਕੀਂ ਸਟੇਜ ਵਲ ਨੂੰ ਵਧੇ।

"ਚੁਪ ਕਰੋ, ਚੁਪ ਕਰੋ" ਇਕ ਆਵਾਜ਼ ਹਾਲ ਵਿਚ ਗੂੰਜੀ।

ਸਾਰੇ ਹਾਲ ਵਿਚ ਮੌਤ ਵਾਂਗੂ ਖਾਮੋਸ਼ੀ ਵਰਤ ਗਈ ਅਤੇ ਕੇਵਲ ਲੋਕਾਂ ਦੇ ਉਤਾਵਲੇ ਸਾਹਾਂ ਦੀ ਆਵਾਜ਼ ਪੈਲਸ ਦੇ ਵਾਯੂ-ਮੰਡਲ ਵਿਚ ਗੂੰਜ ਰਹੀ ਸੀ ਏਨੇ ਨੂੰ ਜੁਪੀਟਰ ਨਾਂ ਦਾ ਇਕ ਆਦਮੀ ਸਟੇਜ ਤੇ ਆਇਆ ਤੇ ਕਹਿਣ ਲੱਗਾ – "ਸਜਣੋ, ਅਸੀਂ ਆਸਟਰੇਲੀਆ ਦੇ ਡਿਊਕ ਦੀ ਉਡੀਕ ਕਰ ਰਹੇ ਹਾਂ। ਉਨ੍ਹਾਂ ਦੇ ਹਾਲ ਵਿਚ ਪੈਰ ਧਰਦਿਆਂ ਸਾਰ ਹੀ ਅਸੀਂ ਇਹ ਰਸਮ ਸ਼ੁਰੂ ਕਰ ਦਿਆਂਗੇ।"

ਜੁਪੀਟਰ ਦੇ ਇਨ੍ਹਾਂ ਅਖਰਾਂ ਨਾਲ ਲੋਕਾਂ ਦੀ ਤਸੱਲੀ ਨਾਂ ਹੋਈ। ਪਬਲਿਕ ਦੇ ਅਥਾਹ ਜੋਸ਼ ਨੇ ਫੇਰ ਉਬਾਲਾ ਖਾਧਾ ਤੇ ਜੁਪੀਟਰ ਦੀ ਆਵਾਜ਼ ਲੋਕਾਂ ਦੇ ਰੌਲੇ ਵਿਚ ਗੁੰਮ ਹੋ ਗਈ। ਫੇਰ ਅਵਾਜ਼ਾਂ ਆਈਆਂ, "ਸ਼ੁਰੂ ਕਰੋ, ਸ਼ੁਰੂ ਕਰੋ।"



Digitized by Panjab Digital Library | www.panjabdigilib.org

ਜੁਪੀਟਰ ਡਰਦਾ ਮਾਰਿਆ ਕੰਬਣ ਲਗ ਪਿਆ। ਉਸਦੇ ਚਿਹਰੇ ਦਾ ਰੰਗ ਫਿਕਾ ਪੈ ਗਿਆ। ਸਟੇਜ ਦੇ ਕੋਲ ਖੜੋਤੇ ਸਿਪਾਹੀਆਂ ਦਾ ਤਾਂ ਇਹ ਹਾਲ ਸੀ ਕਿ ਵਢੋ ਤਾਂ ਸਰੀਰ ਵਿਚ ਲਹੂ ਦਾ ਤੁਪਕਾ ਨਹੀਂ ਸੀ। ਇੰਜ ਜਾਪਦਾ ਸੀ ਕਿ ਉਹ ਬਰਫ ਦੇ ਪਹਾੜ ਥਲੇ ਦਬੇ ਪਏ ਹਨ। ਏਨੇ ਨੂੰ ਇਕ ਨੌਜੁਆਨ ਜਿਸਨੇ ਕਾਲੀ ਸਰਜ ਦਾ ਸੂਟ ਪਾਇਆ ਹੋਇਆ ਸੀ, ਥੰਮ ਦੇ ਪਿਛਿਉਂ ਨਿਕਲ ਕੇ ਸਟੇਜ ਵਲ ਵਧਿਆ। ਏਸ ਨੌਜਵਾਨ ਦਾ ਕੱਦ ਲੰਮਾ ਸੀ ਪਰ ਚਿਹਰੇ ਤੇ ਪਿਲੱਤਣ ਸੀ। ਉਹ ਸੀ ਤਾਂ ਜੁਆਨ ਪਰ ਉਸ ਦੇ ਚਿਹਰੇ ਤੇ ਝੁਰੜੀਆਂ ਪਈਆਂ ਹੋਈਆਂ ਸਨ।

"ਜੁਪੀਟਰ – ਮੇਰੇ ਪਿਆਰੇ ਜੁਪੀਟਰ।" ਉਸ ਨੇ ਅਗੇ ਵਧ ਕੇ ਹਾਕ ਮਾਰੀ। ਜੁਪੀਟਰ ਨੇ ਉਸ ਦੀ ਆਵਾਜ਼ ਨਾ ਸੁਣੀ। ਉਹ ਨੌਜੁਆਨ ਜ਼ਰਾ ਹੋਰ ਅਗੇ ਵਧਿਆ ਤੇ ਕੋਲ ਜਾ ਕੇ ਕਹਿਣ ਲਗਾ, "ਮਿਸਟਰ ਜੁਪੀਟਰ।"

"ਮੈਨੂੰ ਕੌਣ ਸਦ ਰਿਹਾ ਹੈ ?" ਜੁਪੀਟਰ ਨੇ ਇਹ ਅੱਖਰ ਕੁਝ ਅਜੇਹੇ ਢੰਗ ਨਾਲ ਕਹੇ ਜਿਵੇਂ ਪੀਤੀ ਹੋਈ ਹੋਵੇ। ਨੌਜੁਆਨ ਬੋਲਿਆ, "ਘਬਰਾਉਣ ਦੀ ਕੋਈ ਲੋੜ ਨਹੀਂ। ਮੈਂ ਲੋਕਾਂ ਨੂੰ ਖਰੂਦ ਪਾਉਣੋ ਰੋਕ ਦਿੰਦਾ ਹਾਂ ਪਰ ਤੁਸੀਂ ਕਾਰਵਾਈ ਛੇਤੀ ਸ਼ੁਰੂ ਕਰੋ।" ਉਹ ਨੌਜੁਆਨ ਅਜੇ ਹੋਰ ਕੁਝ ਕਹਿਣਾ ਚਾਹੁੰਦਾ ਸੀ ਪਰ ਲੋਕਾਂ ਵਿਚ ਫੇਰ ਇਕ ਬੇਸਬਰੀ ਦੀ ਲਹਿਰ ਉਠੀ ਤੇ ਆਵਾਜ਼ ਆਈ, "ਛੇਤੀ ਸ਼ੁਰੂ ਕਰੋ ਨਹੀਂ ਤਾਂ ਅਸੀਂ ਇਹ ਸਾਰਾ ਲਟਾ ਪਟਾ ਬਿਲੇ ਲਾ ਦਿਆਂਗੇ।"

ਝਟਾ ਪੱਟ ਸਟੇਜ ਵਲੋਂ ਵਖੋ ਵਖ ਸਾਜ਼ਾਂ ਦੇ ਵੱਜਣ ਦੀ ਆਵਾਜ਼ ਆਈ। ਲੋਕਾਂ ਨੇ ਖੁਸ਼ੀ ਨਾਲ ਤਾੜੀਆਂ ਮਾਰੀਆਂ। ਪੜਦੇ ਚੁਕੇ ਗਏ ਅਤੇ ਚਾਰ ਪਾਤਰ ਸਟੇਜ ਤੇ ਆਏ। ਲੋਕੀ ਹੁਣ ਖੁਸ਼ ਸਨ ਕਿਉਂਕਿ ਉਹ ਰੌਲਾ ਰੱਪਾ ਪਾ ਕੇ ਪਰੋਗਰਾਮ ਛੇਤੀ ਸ਼ੁਰੂ ਕਰਾਉਣ ਵਿਚ ਕਾਮਯਾਬ ਹੋ ਗਏ ਸਨ।

ਸਟੇਜ ਤੇ ਆਉਣ ਵਾਲੇ ਪਾਤਰਾਂ ਵਿਚੋਂ ਇਕ ਨੇ ਹਥ ਵਿਚ ਤਲਵਾਰ ਫੜੀ ਹੋਈ ਸੀ। ਦੂਜੇ ਦੇ ਹਥ ਵਿਚ ਸੋਨੇ ਦੀਆਂ ਦੋ ਚਾਬੀਆਂ



Digitized by Panjab Digital Library | www.panjabdigilib.org

ਸਨ। ਤੀਜੇ ਦੇ ਹਥ ਵਿਚ ਤਕੜੀ ਤੇ ਚੌਥੇ ਪਾਸ ਕਹੀ ਸੀ। ਇਨ੍ਹਾਂ ਪਾਤਰਾਂ ਦੇ ਕਪੜੇ ਇਕ ਦੂਜੇ ਤੋਂ ਬਿਲਕੁਲ ਵਖਰੇ ਸਨ। ਇਨ੍ਹਾਂ ਵਿਚੋਂ ਇਕ ਨੇ ਚੋਗ਼ਾ ਪਾਇਆ ਹੋਇਆ ਸੀ ਜਿਸ ਦੇ ਹੇਠਾਂ ਕਰ ਕੇ ਕਾਲੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ, "ਮੇਰਾ ਨਾਂ ਸਾਊਪੁਣਾ ਹੈ।" ਦੂਜੇ ਦੇ ਰੇਸ਼ਮੀ ਚੋਗ਼ੇ ਤੇ ਲਿਖਿਆ ਹੋਇਆ ਸੀ, "ਮੈਂ ਪਾਦਰੀ ਹਾਂ।" ਤੀਜੇ ਦੇ ਉਨ ਦੇ ਚੋਗ਼ੇ ਤੇ ਲਿਖਿਆ ਹੋਇਆ ਸੀ, "ਮੇਰਾ ਨਾਂ ਕਾਸ਼ਤ-ਕਾਰੀ ਹੈ!" ਇਹ ਸਾਰੇ ਪਾਤਰ ਆਪੋ ਆਪਣਾ ਹੁਨਰ ਵਿਖਾਉਣ ਵਿਚ ਜੁਟ ਪਏ। ਏਨੇ ਨੂੰ ਗੈਲਰੀ ਦਾ ਬੂਹਾ ਖੁਲਿਆ। ਦਰਬਾਨ ਨੇ ਕੁਰੱਖਤ ਤੇ ਭੱਦੀ ਜਹੀ ਆਵਾਜ਼ ਵਿਚ ਕਿਹਾ, "ਹਜ਼ੂਰ ਬਰਬਨ ਦੇ ਡਿਊਕ ਪਧਾਰ ਰਹੇ ਹਨ।" ਸਾਰਾ ਹਾਲ ਗੂੰਜ ਪਿਆ।

ਇਸ ਅਵਾਜ਼ ਦੇ ਨਾਲ ਹੀ ਲੋਕਾਂ ਦੀਆਂ ਨਜ਼ਰਾਂ ਗੈਲਰੀ ਵਲ ਨੂੰ ਉਠੀਆਂ। ਸਾਰੀ ਪਬਲਿਕ ਵਿਚ ਚਰਚਾ ਹੋਣ ਲਗ ਪਈ। "ਕਾਰਡਨਲ, ਡਿਊਕ ਆਫ ਬਰਬਨ" ਏਸ ਤਰਾਂ ਦੀਆਂ ਹੌਲੀਆਂ ਹੌਲੀਆਂ ਅਵਾਜ਼ਾਂ ਪੈਲਸ ਦੀ ਛਤ ਨਾਲ ਟਕਰਾ ਕੇ ਚੁਪ ਹੋ ਜਾਂਦੀਆਂ। ਕਾਰਡਨਲ ਨੇ ਗੈਲਰੀ ਦੇ ਬੂਹੇ ਵਿਚ ਪੈਰ ਰਖਦਿਆਂ ਹੋਇਆਂ ਪਬਲਿਕ ਵਲ ਇਕ ਸਰਸਰੀ ਨਜ਼ਰ ਨਾਲ ਤਕਿਆ ਅਤੇ ਹਰ ਇਕ ਆਦਮੀ ਨੇ ਆਪਣੇ ਅਗੇ ਖੜੋਤੇ ਬੰਦੇ ਦੇ ਮੋਢਿਆਂ ਤੇ ਹੱਥ ਰਖ ਕੇ ਕਾਰਡਨਲ ਦੇ ਚਿਹਰੇ ਨੂੰ ਚੰਗੀ ਤਰ੍ਹਾਂ ਵੇਖਣ ਦਾ ਯਤਨ ਕੀਤਾ। ਅੱਖ ਦੇ ਫੇਰ ਵਿਚ ਹੀ ਸਾਰੇ ਹਾਲ ਵਿਚ ਹਿਲਜੁਲ ਮੱਚ ਗਈ।

ਬਰਬਨ ਦਾ ਕਾਰਡਨਲ ਬੜਾ ਹੀ ਸਿਆਣਾ ਬੰਦਾ ਸੀ। ਉਹ ਸ਼ਾਹੀ ਚੈਲੋਟ ਦੀ ਸ਼ਰਾਬ ਪੀਣ ਦਾ ਬੜਾ ਸ਼ੁਕੀਨ ਸੀ। ਉਹ ਬੁਢੀਆਂ ਨਾਲੋਂ ਜੁਆਨ ਤੇ ਸੋਹਣੀਆਂ ਭਿਖਾਰਨਾਂ ਨੂੰ ਵਧੇਰੇ ਭਿਖਿਆ ਦੇਂਦਾ ਸੀ। ਉਸ ਦੀ ਪੈਰਸ ਦੇ ਵਸਨੀਕਾਂ ਨਾਲ ਦਿਲੀ ਲਗਨ ਸੀ ਅਤੇ ਸੱਚੀ ਗਲ ਤਾਂ ਇਹ ਹੈ ਕਿ ਪੈਰਸ ਦੇ ਲੋਕੀਂ ਵੀ ਉਸ ਤੋਂ ਜਾਨ ਵਾਰਨ ਨੂੰ ਤਿਆਰ ਸਨ ਅਤੇ ਹੁਣ ਵੀ ਜਦ ਕਿ ਉਨ੍ਹਾਂ ਆਪਣਾ ਪਾਦਰੀ ਚੁਨਣਾ ਸੀ ਤਾਂ ਨਾਂ



Digitized by Panjab Digital Library | www.panjabdigilib.org

ਕੇਵਲ ਉਸ ਨੂੰ ਸਦਿਆ ਹੀ ਗਿਆ ਸਗੋਂ ਆਪਣੀ ਰਾਏ ਦੱਸਣ ਲਈ ਵੀ ਜ਼ੋਰਦਾਰ ਬੇਨਤੀ ਕੀਤੀ ਗਈ। ਤੁਸੀਂ ਏਸੇ ਗਲ ਤੋਂ ਅਨੁਮਾਨ ਲਾ ਸਕਦੇ ਹੋ ਕਿ ਪੈਰਸ-ਵਾਸੀਆਂ ਦੇ ਦਿਲਾਂ ਵਿਚ ਉਸ ਲਈ ਕਿੰਨਾ ਕੁ ਸਤਿਕਾਰ ਸੀ।

ਕਾਰਡਨਲ ਲੋਕਾਂ ਵਲ ਸਰਸਰੀ ਨਜ਼ਰ ਨਾਲ ਤੱਕਦਾ ਹੋਇਆ ਪਾਦਰੀਆਂ ਦੀ ਇਕ ਟੋਲੀ ਨਾਲ ਗੈਲਰੀ ਵਿਚ ਜਾ ਵੜਿਆ ਤੇ ਉਸ ਲਾਲ ਮਖਮਲੀ ਕੁਰਸੀ ਤੇ ਜਾ ਬਰਾਜਿਆ ਜਿਹੜੀ ਕਿ ਉਚੇਰੀ ਉਸੇ ਲਈ ਹੀ ਰਖੀ ਗਈ ਸੀ। ਭੀੜ ਵਿਚੋਂ ਹਰ ਇਕ ਆਦਮੀ ਇਹ ਸਾਬਤ ਕਰਨ ਲਈ ਕਿ ਉਹ ਇਨ੍ਹਾਂ ਪਾਦਰੀਆਂ ਵਿਚੋਂ ਕਿਸੇ ਇਕ ਨੂੰ ਜਾਣਦਾ ਹੈ ਉਸਦਾ ਨਾਂ ਲੈ ਕੇ ਉਸ ਵਲ ਉਂਗਲ ਨਾਲ ਇਸ਼ਾਰਾ ਕਰ ਰਿਹਾ ਸੀ। "ਮਾਰਸੇਲਜ਼ ਦਾ ਪਾਦਰੀ" "ਡੀਨਸ ਦਾ ਪਾਦਰੀ", "ਲਜ਼ੰਬਨ ਦਾ ਰਾਬਰਟ" ਉਪਰੋ ਥਲੀ ਕਈ ਆਵਾਜ਼ਾਂ ਉਠੀਆਂ ਤੇ ਚੁਪ ਹੁੰਦੀਆਂ ਗਈਆਂ। ਏਨੇ ਨੂੰ ਇਕ ਹੋਰ ਆਦਮੀ ਗੈਲਰੀ ਵਿਚ ਦਾਖ਼ਲ ਹੋਇਆ। ਇਹ ਫਲੇਮਸ ਸਫ਼ੀਰ ਸੀ। ਇਸ ਦੇ ਪਿਛੋਂ ਆਸਟਰੀਆ ਦੇ ੪੯ ਸਫ਼ੀਰ ਆਏ ਤੇ ਗੈਲਰੀ ਵਿਚ ਆ ਕੇ ਆਪੋ ਆਪਣੀਆਂ ਥਾਵਾਂ ਤੇ ਬੈਠ ਗਏ। ਇਨ੍ਹਾਂ ਆਉਣ ਵਾਲਿਆਂ ਵਿਚੋਂ ਗਲੀਮ ਦਾ ਨਾਂ ਦੱਸਣ ਯੋਗ ਹੈ ਜਿਹੜਾ ਕਿ ਯੂਰਪ ਦੀ ਬਗ਼ਾਵਤ ਵਿਚ ਖ਼ਾਸ ਪ੍ਰਸਿਧਤਾ ਰਖਦਾ ਸੀ।

## ੨

ਗੋਰੀ ਆਪਣੇ ਸਮੇਂ ਦਾ ਮੰਨਿਆ ਪ੍ਰਮੰਨਿਆ ਫਿਲਾਸਫਰ ਸੀ। ਉਹ ਹਰ ਵੇਲੇ ਪੈਰਸ ਦੀਆਂ ਗਲੀਆਂ ਵਿਚ ਘਾਬਰਿਆ ਹੋਇਆ ਬੁਰੇ ਹਾਲੀਂ ਫਿਰਦਾ ਰਹਿੰਦਾ ਸੀ। ਆਮ ਜਨਤਾ ਉਸ ਨੂੰ ਦਿਲੋਂ ਪਿਆਰਦੀ ਸੀ। ਉਚ-



Digitized by Panjab Digital Library | www.panjabdigilib.org

ਘਰਾਣਿਆਂ ਦੇ ਅਮੀਰ ਲੋਕ ਤਾਂ ਇਸ ਨਾਲ ਖ਼ਾਸ ਦਿਲਚਸਪੀ ਰਖਦੇ ਸਨ। ਇਹ ਨਾਟਕ ਜਿਹੜਾ ਇਸ ਸ਼ਾਹੀ ਰਸਮ ਦੇ ਮੌਕੇ ਤੇ ਪੈਲਸ ਦੀ ਸਟੇਜ ਤੇ ਵਿਖਾਇਆ ਜਾ ਰਿਹਾ ਸੀ ਇਹ ਵੀ ਏਸੇ ਫ਼ਲਾਸਫ਼ਰ ਦਾ ਲਿਖਿਆ ਹੋਇਆ ਸੀ। ਉਹ ਅੱਜ ਏਸੇ ਲਈ ਪੈਲਸ ਦੀ ਸਟੇਜ ਤੇ ਆਇਆ ਸੀ ਕਿ ਆਪਣੇ ਖ਼ਿਆਲਾਂ ਦੀ ਲਹਿਰ ਵਿਚ ਪੈਰਸ ਦੇ ਹਰ ਬੱਚੇ ਬੁਢੇ ਨੂੰ ਰੁੜ੍ਹਾ ਕੇ ਲੈ ਜਾਵੇ ਅਤੇ ਉਸਦੇ ਇਸ ਦਿਮਾਗ਼ੀ ਕੰਮ ਦੀ ਸ਼ਲਾਘਾ ਆਹਾਂ ਤੇ ਹੰਝੂਆਂ ਨਾਲ ਕੀਤੀ ਜਾਵੇ। ਹਾਂ, ਉਹ ਅੱਜ ਏਸੇ ਹੀ ਇਰਾਦੇ ਨਾਲ ਪੈਲਸ ਵਿਚ ਦਾਖ਼ਲ ਹੋਇਆ ਸੀ। ਕਾਰਡਨਲ ਬਰਬਨ ਦੇ ਆਉਣ ਤੇ ਗੌਰੀ ਨੇ ਚਾਹਿਆ ਕਿ ਨਾਟਕ ਦਾ ਉਹ ਹਿਸਾ ਜਿਹੜਾ ਖੇਲਿਆ ਜਾ ਚੁਕਾ ਹੈ ਉਸਨੂੰ ਫੇਰ ਕਾਰਡਨਲ ਦੇ ਸਾਹਮਣੇ ਪੇਸ਼ ਕਰੇ ਪਰ ਮੂੜ੍ਹ ਲੋਕਾਂ ਨੇ ਇਹ ਗਲ ਨਾ ਮੰਨੀ ਅਤੇ ਰੌਲਾ ਪਾਉਣ ਲਗ ਪਏ ਕਿ ਛੇਤੀ ਹੀ ਪਾਦਰੀ ਦੀ ਚੋਣ ਕੀਤੀ ਜਾਵੇ ਨਹੀਂ ਤਾਂ ਉਹ ਪੈਲਸ ਦੀ ਇਟ ਨਾਲ ਇਟ ਖੜਕਾ ਦੇਣਗੇ। ਕਿਉਂਕਿ ਉਨ੍ਹਾਂ ਨੂੰ ਇਸ ਡਰਾਮੇ ਨਾਲ ਕੋਈ ਦਿਲਚਸਪੀ ਨਹੀਂ ਸੀ। ਗੌਰੀ ਨੂੰ ਇਨ੍ਹਾਂ ਤੇ ਬੜਾ ਗੁਸਾ ਆਇਆ ਪਰ ਵਿਚਾਰਾ ਕਰ ਵੀ ਕੀ ਸਕਦਾ ਸੀ, ਚੁਪ ਕਰ ਰਿਹਾ। ਲੋਕਾਂ ਦੀ ਬੇਸਬਰੀ ਨੂੰ ਮੁਖ ਰਖਦਿਆਂ ਹੋਇਆਂ ਪੈਲਸ ਦੇ ਪ੍ਰਬੰਧਕਾਂ ਨੇ ਇਹੋ ਹੀ ਯੋਗ ਸਮਝਿਆ ਕਿ ਸ਼ੀਘਰ ਹੀ ਅਸਲੀ ਕਾਰਵਾਈ ਸ਼ੁਰੂ ਕੀਤੀ ਜਾਵੇ ਨਹੀਂ ਤਾਂ ਇਹ ਭੂਤਰੇ ਹੋਏ ਅਲ੍ਹੜ ਤੇ ਬੇ-ਵਕੂਫ਼ ਲੋਕੀਂ ਕਿਆਮਤ ਲਿਆ ਦੇਣਗੇ।

ਥੋੜੇ ਹੀ ਸਮੇਂ ਵਿਚ ਵਿਚਕਾਰ ਪਈ ਮੇਜ਼ ਤੇ ਲਕੜੀ ਦੇ ਛੋਟੇ ਜਿਹੇ ਗਿਰਜੇ ਦਾ ਨਮੂਨਾ ਲਿਆ ਕੇ ਰੱਖ ਦਿਤਾ ਗਿਆ ਜਿਸ ਦੀ ਕੇਵਲ ਇਕੋ ਬਾਰੀ ਸੀ, ਜਿਸਨੂੰ ਬਾਰੀ ਤਾਂ ਨਹੀਂ ਜੇ ਛੇਕ ਕਿਹਾ ਜਾਵੇ ਤਾਂ ਠੀਕ ਜਚੇਗਾ। ਸ਼ਰਤ ਇਹ ਸੀ ਕਿ ਜਿਹੜਾ ਆਦਮੀ ਇਸ ਬਾਰੀ ਦੇ ਅੰਦਰ ਧੌਣ ਪਾ ਕੇ ਖਿਲਖਿਲੀ ਮਾਰੇ ਅਤੇ ਆਪਣੇ ਮੂੰਹ ਨੂੰ ਛੇਕ ਨਾਲ ਏਸ ਤਰ੍ਹਾਂ ਲਕੋਵੇ ਕਿ ਨਜ਼ਰੀ ਨਾ ਆ ਸਕੇ ਉਹ ਪੈਰਸ ਦਾ ਪਾਦਰੀ ਮੰਨਿਆ ਜਾਵੇਗਾ।

ਦੇਖਦਿਆਂ ੨ ਇਹ ਛੋਟਾ ਜਿਹਾ ਗਿਰਜਾ ਕਿਸਮਤ ਅਜ਼ਮਾਉਣ



Digitized by Panjab Digital Library | www.panjabdigilib.org

ਵਾਲਿਆਂ ਦੇ ਘੇਰੇ ਵਿਚ ਇਸ ਤਰਾਂ ਘਿਰ ਗਿਆ ਜਿਵੇਂ ਦੀਵਾ ਜਰਾ-ਦਿਆਂ ਹੀ ਅਨੇਕਾਂ ਭੰਬਟਾਂ ਨਾਲ ਘਿਰ ਜਾਂਦਾ ਹੈ। ਅਨ-ਗਿਣਤ ਆਦਮੀ ਜਿਹੜੇ ਪਾਦਰੀ ਬਨਣ ਦੀ ਇਛਿਆ ਰਖਦੇ ਸਨ, ਅਗੇ ਵਧੇ ਪਰ ਨਾਕਾਮ ਹੀ ਵਾਪਸ ਪਰਤੇ ਅਤੇ ਪੈਲਸ ਦੇ ਵਡੇ ਦਰਵਾਜ਼ੇ ਥਾਣੀ ਬਾਹਰ ਨਿਕਲਦੇ ਗਏ ਕਿਉਂਕਿ ਲੋਕਾਂ ਨੇ ਉਨ੍ਹਾਂ ਦਾ ਉਥੇ ਖਲੋਣਾ ਅਸੰਭਵ ਕਰ ਦਿਤਾ ਸੀ। ਜੇ ਠਹਿਰਦੇ ਤਾਂ ਹੋ ਸਕਦਾ ਸੀ, ਉਹਨਾਂ ਦੀ ਚੰਗੀ ਗਤ ਬਣਦੀ। ਏਸ ਵੇਲੇ ਓਹੀ ਆਦਮੀ ਇਨ੍ਹਾਂ ਦੀ ਹਮਾਇਤ ਹਾਸਲ ਕਰ ਸਕਦਾ ਸੀ ਜਿਹੜਾ ਲਾਈ ਹੋਈ ਸ਼ਰਤ ਵਿਚ ਪੂਰਾ ਉਤਰਦਾ ਕਿਉਂਕਿ ਲੋਕਾਂ ਦੀਆਂ ਬੇਕਰਾਰ ਨਜ਼ਰਾਂ ਉਸ ਖੁਸ਼ਨਸੀਬ ਬੰਦੇ ਦੀ ਉਡੀਕ ਵਿਚ ਸਨ ਜਿਹੜਾ ਕਿ ਉਨ੍ਹਾਂ ਦਾ ਪਾਦਰੀ ਬਨਣ ਵਾਲਾ ਸੀ, ਪਰ ਲੋਕਾਂ ਦੀ ਬੇਸਬਰੀ ਪਲ ਪਲ ਵਧਦੀ ਹੀ ਗਈ।

ਅੰਤ ਇਕ ਡਰਾਉਣੀ ਸ਼ਕਲ ਵਾਲਾ ਆਦਮੀ ਅਗੇ ਵਧਿਆ। ਉਸ ਦੀ ਪਿਠ ਉਤੇ ਊਂਠ ਵਾਂਗੂੰ ਕੁਬ ਜਿਹਾ ਉਭਰਿਆ ਹੋਇਆ ਸੀ ਅਤੇ ਉਸ ਦੀਆਂ ਭਿਆਨਕ ਅੱਖਾਂ ਵਿਚੋਂ ਚੰਗਿਆੜੇ ਨਿਕਲ ਰਹੇ ਸਨ। ਉਸ ਦੇ ਆਉਂਦਿਆਂ ਹੀ ਪੈਲਸ ਵਿਚ ਅਣਗਿਣਤ ਅਵਾਜ਼ਾਂ ਸੁਣਾਈ ਦਿਤੀਆਂ। "ਕੈਦੋ, ਨੋਟਰ ਦਾ ਕੁਬਾ", "ਕਾਣਾ ਖੈਦੋ", "ਗਰਭਵਤੀ ਇਸਤ੍ਰੀਆਂ ਲਾਂਭੇ ਹੋ ਜਾਣ" ਆਦਿ। ਇਸਤਰੀਆਂ ਦਾ ਦਿਲ ਵਧੇਰੇ ਨਾਜ਼ਕ ਹੁੰਦਾ ਹੈ ਏਸ ਲਈ ਜਿਹੜੀਆਂ ਉਥੇ ਸਨ ਉਨ੍ਹਾਂ ਨੇ ਏਸ ਦੇਓ ਦੀ ਸ਼ਕਲ ਤੋਂ ਡਰ ਕੇ ਦੋਹਾਂ ਹਥਾਂ ਨਾਲ ਆਪਣੇ ਚਿਹਰਿਆਂ ਨੂੰ ਢੱਕ ਲਿਆ। ਅਵਾਜ਼ਾਂ ਪਹਿਲੇ ਨਾਲੋਂ ਵੀ ਉੱਚੀਆਂ ਹੁੰਦੀਆਂ ਗਈਆਂ।

"ਹੂਈ, ਜਿੰਨ ਦਾ ਜਿੰਨ" ਇਕ ਨੇ ਕਿਹਾ—

"ਸ਼ੈਤਾਨ ਹੈ, ਇਹ ਸ਼ੈਤਾਨ" ਦੂਜਾ ਜ਼ਰਾ ਧੌਣ ਨੂੰ ਮਟਕਾਉਂਦਾ ਹੋਇਆ ਬੋਲਿਆ।

ਇਕ ਹੋਰ ਬੋਲਿਆ, "ਮੈਂ ਬਦਕਿਸਮਤੀ ਨਾਲ ਨੋਟਰ-ਡੈਮ ਦੇ ਨੇੜੇ ਰਹਿੰਦਾ ਹਾਂ ਤੇ ਰੋਜ਼ ਰਾਤੀਂ ਇਸਨੂੰ ਗੰਦੇ ਨਾਲੇ ਵਿਚ ਲੇਟਦਾ ਵੇਖਦਾ ਹਾਂ।"



Digitized by Panjab Digital Library | www.panjabdigilib.org

"ਇਹ ਤਾਂ ਡੈਣਾਂ ਦੇ ਦੇਸ਼ ਦਾ ਰਾਜਕੁਮਾਰ ਹੈ।"

"ਇਸ ਨੂੰ ਮੈਂ ਕਈ ਵੇਰਾਂ ਕਾਰਖਾਨਿਆਂ ਚੋਂ ਨਿਕਲਦੇ ਧੂੰਏਂ ਨਾਲ ਖੇਡਦੇ ਵੇਖਿਆ ਹੈ।"

"ਆਹ, ਜੰਗਲੀ ਮਹਿਰੂ।"

ਕੁਬੇ ਕੈਦੋ ਦੇ ਕੰਨਾਂ ਤਕ ਇਹ ਸਭ ਅਵਾਜ਼ਾਂ ਪੁਜਦੀਆਂ ਪਰ ਉਹ ਉਨ੍ਹਾਂ ਦੀ ਰਤਾ ਜਿੰਨੀ ਵੀ ਪਰਵਾਹ ਨਾ ਕਰਦਾ ਹੋਇਆ ਮੇਜ਼ ਵਲ ਵਧਦਾ ਗਿਆ।

ਇਸ ਦੇ ਪਿਛੋਂ ਬੇਵਕੂਫ਼ਾਂ ਦਾ ਇਹ ਸ਼ਾਹੀ ਜਲੂਸ ਆਪਣੇ ਨਵੇਂ ਪਾਦਰੀ ਕੈਦੋ ਕੁਬੇ ਨੂੰ ਜਿਹੜਾ ਕਿ ਇਸ ਚੋਣ ਸਮਾਗਮ ਵਿਚ ਕਾਮਯਾਬ ਹੋਇਆ ਸੀ, ਮਖ਼ਮਲੀ ਕੁਰਸੀ ਤੇ ਬਿਠਾਈ ਪੈਰਿਸ ਦੀਆਂ ਗਲੀਆਂ ਬਾਜ਼ਾਰਾਂ ਥਾਣੀ ਲੰਘ ਰਿਹਾ ਸੀ ਅਤੇ ਖ਼ੁਸ਼ੀ ਵਿਚ ਲੋਕਾਂ ਨਾਰ੍ਹਿਆਂ ਨਾਲ ਅਸਮਾਨ ਸਿਰ ਤੇ ਚੁਕਿਆ ਹੋਇਆ ਸੀ।

## ੩

ਪੈਰਿਸ ਦਾ ਘਾਬਰਿਆ ਹੋਇਆ ਮੰਦਭਾਗਾ ਫ਼ਲਾਸਫ਼ਰ ਸਾਰੇ ਦਿਨ ਦੇ ਰੌਲੇ ਰਪੇ ਤੋਂ ਤੰਗ ਆਇਆ ਹੋਇਆ, ਆਪਣੇ ਹੀ ਖ਼ਿਆਲਾਂ ਦੇ ਸਾਗਰ ਵਿਚ ਡੁਬਾ, ਰਾਤ ਕਟੀ ਲਈ ਗਿਰਊ ਮਹਿਲ ਵਿਚ ਦਾਖ਼ਲ ਹੋਇਆ। ਇਸ ਵੇਲੇ ਉਸ ਨੂੰ ਭੁਖ ਨੇ ਡਾਢਾ ਤੰਗ ਕੀਤਾ ਹੋਇਆ ਸੀ। ਤਾਂ ਵੀ ਉਹ ਭੁਖ ਨਾਲ ਏਨਾਂ ਬੇ-ਚੈਨ ਨਹੀਂ ਸੀ ਜਿੰਨਾਂ ਇਸ ਖ਼ਿਆਲ ਨਾਲ ਕਿ ਪੈਰਿਸ ਦੇ ਅਲ੍ਹੜ ਤੇ ਬੁਧੂ ਲੋਕਾਂ ਨੇ ਉਸਦੀਆਂ ਦਿਮਾਗ਼ੀ ਕਾਢਾਂ ਦੀ ਕੋਈ ਦਾਦ ਨਹੀਂ ਦਿਤੀ ਅਤੇ ਉਸਦੀ ਕਈਆਂ ਦਿਨਾਂ ਦੀ ਮਿਹਨਤ ਨੂੰ ਅਜਾਈਂ ਰੌਲੇ ਦੀ ਭੇਟਾ ਕਰ ਦਿਤਾ ਹੈ। ਉਹ ਝਾਕੀ ਅਜੇ ਤਕ ਉਸਦੀਆਂ



Digitized by Panjab Digital Library | www.panjabdigilib.org

ਅੱਖਾਂ ਅਗੇ ਫਿਰ ਰਹੀ ਸੀ ਜਦ ਕਿ ਉਹ ਪੈਲਸ ਦੀ ਸਟੇਜ ਤੇ ਖੜੋਤਾ ਆਪਣੇ ਹੁਨਰ ਦੀ ਨਮਾਇਸ਼ ਕਰ ਰਿਹਾ ਸੀ ਅਤੇ ਲੋਕੀਂ ਇਸ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਨਵੇਂ ਪਾਦਰੀ ਨੂੰ ਮੋਢਿਆਂ ਤੇ ਚੁਕੀ ਪੈਲਸ ਦੇ ਦਰਵਾਜ਼ੇ ਤੋਂ ਬਾਹਰ ਨਿਕਲ ਰਹੇ ਸਨ।

ਗੌਰੀ ਨੇ ਗਿਰਉ ਮਹੱਲ ਵਿਚ ਵੜਦਿਆਂ ਹੀ ਬਹੁਤ ਸਾਰੇ ਲੋਕਾਂ ਨੂੰ ਅਗ ਦੀ ਭਠੀ ਲਾਗੇ ਬੈਠਿਆਂ ਵੇਖਿਆ। ਉਹ ਪਾਲੇ ਨਾਲ ਅਗੇ ਹੀ ਕੰਬ ਰਿਹਾ ਸੀ ਏਸ ਲਈ ਕਾਹਲੀ ਕਾਹਲੀ ਪੈਰ ਪੁਟਦਾ ਹੋਇਆ ਭੱਠੀ ਵਲ ਨੂੰ ਵਧਿਆ। ਵਡੀ ਦਿਲਚਸਪੀ ਜਿਹੜੀ ਏਸ ਫਲਾਸਫਰ ਨੂੰ ਭੀੜ ਵਲ ਖਿਚ ਲਿਆਈ ਉਹ ਇਹ ਸੀ ਕਿ ਭੀੜ ਦੇ ਵਿਚਕਾਰ ਭਠੀ ਦੇ ਲਾਗੇ ਇਕ ਬਹੁਤ ਸੋਹਣੀ ਕੁੜੀ ਤੰਬੂਰੇ ਦੀ ਆਵਾਜ਼ ਨਾਲ ਸੁਰ ਹੋਈ ਈਰਾਨੀ ਕਾਲੀਨ ਤੇ ਨੱਚ ਰਹੀ ਸੀ। ਉਸ ਦੀਆਂ ਜ਼ੁਲਫ਼ਾਂ ਵਾਯੂ-ਮੰਡਲ ਵਿਚ ਏਸ ਤਰ੍ਹਾਂ ਉਡ ਰਹੀਆਂ ਸਨ ਜਿਵੇਂ ਕੋਈ ਪਰੀ ਆਕਾਸ਼ ਤੋਂ ਉਡੀ ਆ ਰਹੀ ਹੋਵੇ। ਉਸ ਦੀਆਂ ਜਾਦੂ ਭਰੀਆਂ ਅਖਾਂ ਭੀੜ ਵਿਚ ਖੜੋਤੇ ਹਰ ਇਕ ਬੰਦੇ ਦੀਆਂ ਨਜ਼ਰਾਂ ਨਾਲ ਖੇਲ ਰਹੀਆਂ ਸਨ।

ਕਾਫੀ ਚਿਰ ਨੱਚਣ ਪਿਛੋਂ ਉਹ ਕੁੜੀ ਥੱਕ ਕੇ ਕਾਲੀਨ ਤੇ ਬੈਠ ਗਈ ਅਤੇ ਭੀੜ ਵਿਚੋਂ ਵਾਹ ਵਾਹ ਦੇ ਨਾਅਰੇ ਉਠੇ।

"ਡੁਜਲੀ" ਟੱਪਰੀ-ਵਾਸ ਕੁੜੀ ਨੇ ਬੜੇ ਪਿਆਰ ਨਾਲ ਕਿਹਾ।

ਇਕ ਬਕਰੀ ਜਿਹੜੀ ਕਿ ਕਾਲੀਨ ਦੇ ਇਕ ਸਿਰੇ ਤੇ ਬੈਠੀ ਆਪਣੀ ਮਾਲਕਣ ਦਾ ਨਾਚ ਵੇਖ ਰਹੀ ਸੀ ਆਪਣੀ ਥਾਂ ਤੋਂ ਉਠੀ ਤੇ ਕਾਲੀਨ ਤੇ ਆ ਕੇ ਖੜੋ ਗਈ।

"ਡੁਜਲੀ ਹੁਣ ਤੇਰੀ ਵਾਰੀ ਹੈ" ਨਾਚੀ ਨੇ ਤੰਬੂਰਾ ਬਕਰੀ ਵਲ ਨੂੰ ਵਧਾਉਂਦਿਆਂ ਹੋਇਆਂ ਕਿਹਾ, "ਇਹ ਕਿਹੜਾ ਮਹੀਨਾ ਹੈ ?" ਬਕਰੀ ਨੇ ਆਪਣਾ ਪੈਰ ਚੁਕਦਿਆਂ ਹੋਇਆਂ ਤੰਬੂਰੇ ਤੇ ਇਕ ਸੱਟ ਮਾਰੀ। ਸੱਚ ਮੁਚ ਇਹ ਬੀਤ ਰਹੇ ਸਾਲ ਦਾ ਪਹਿਲਾ ਮਹੀਨਾ ਸੀ। ਲੋਕਾਂ ਨੇ ਤਾੜੀਆਂ



Digitized by Panjab Digital Library | www.panjabdigilib.org

ਮਾਰਦਿਆਂ ਹੋਇਆਂ ਉਸਦੀ ਦਾਦ ਦਿਤੀ। "ਹੁਣ ਕੀ ਵਕਤ ਹੋਇਆ ਹੈ, ਭੁਜਲੀ ?" ਕੁੜੀ ਨੇ ਫੇਰ ਪੁਛਿਆ। ਬਕਰੀ ਨੇ ਉਸੇ ਤਰਾਂ ਲਤ ਚੁਕ ਕੇ ਤੰਬੂਰੇ ਤੇ ਸੱਤ ਵੇਰੀ ਮਾਰੀ। ਐਨ ਉਸ ਵੇਲੇ ਪੈਲਸ ਦੇ ਘੜਿਆਲ ਨੇ ਸਤ ਵਜਾਏ। ਲੋਕੀਂ ਹੈਰਾਨ ਰਹਿ ਗਏ।

"ਇਹ ਤੇ ਭਈ ਕੋਈ ਜਾਦੂਗਰੀ ਹੈ।" ਭੀੜ ਵਿਚੋਂ ਇਕ ਬੁਢੇ ਨੇ ਕਿਹਾ ਜਿਹੜਾ ਸਿਰੋਂ ਬਿਲਕੁਲ ਗੰਜਾ ਸੀ ਤੇ ਮੂੰਹ ਤੇ ਝੁਰੜੀਆਂ ਪਈਆਂ ਹੋਈਆਂ ਸਨ। "ਭੁਜਲੀ" ਨਾਚੀ ਫੇਰ ਬੋਲੀ, "ਪਾਦਰੀ ਗਿਰਜੇ ਵਿਚ ਕਿਸਤਰਾਂ ਪ੍ਰਾਰਥਨਾ ਕਰਦਾ ਹੈ ?" ਬਕਰੀ ਆਪਣੀਆਂ ਪਿਛਲੀਆਂ ਲਤਾਂ ਤੇ ਬੈਠ ਗਈ ਅਤੇ ਅਗਲੀਆਂ ਲਤਾਂ ਨੂੰ ਹਿਲਾਉਂਦੀ ਹੋਈ ਮੈਂ, ਮੈਂ, ਭੈਂ ਭੈਂ, ਕਰਨ ਲਗੀ। ਲੋਕਾਂ ਦੀ ਵਾਹ ਵਾਹ ਨਾਲ ਪੈਲਸ ਦਾ ਵਾਯੂ-ਮੰਡਲ ਗੂੰਜ ਉਠਿਆ, ਟੱਪਰੀਵਾਸ ਨਾਚੀ ਆਪਣੀ ਥਾਂ ਤੋਂ ਉਠੀ ਅਤੇ ਲੋਕਾਂ ਵਲ ਆਪਣਾ ਤੰਬੂਰਾ ਵਧਾਉਂਦੀ ਹੋਈ ਉਹਨਾਂ ਪਾਸੋਂ ਪੈਸੇ ਉਗਰਾਹੁਣ ਲਗ ਪਈ। ਦੇਖਦਿਆਂ ਦੇਖਦਿਆਂ ਤੰਬੂਰਾ ਪੈਸਿਆਂ ਆਨਿਆਂ, ਦੁਆਨੀਆਂ, ਚੁਆਨੀਆਂ ਆਦਿ ਨਾਲ ਭਰ ਗਿਆ। ਕੁੜੀ ਅਖਾੜੇ ਦਾ ਚਕਰ ਲਾਉਂਦੀ ਹੋਈ ਗੋਰੀ ਵਲ ਹੋਈ ਅਤੇ ਤੰਬੂਰਾ ਉਸ ਵਲ ਵਧਾਇਆ। ਉਸ ਨੇ ਬੇਵਸੀ ਜਹੀ ਵਿਚ ਆਪਣਾ ਹੱਥ ਜੇਬ ਵਿਚ ਪਾਇਆ ਅਤੇ ਟੱਪਰੀਵਾਸ ਕੁੜੀ ਉਸਦੀਆਂ ਅਖਾਂ ਨਾਲ ਅਖਾਂ ਮਿਲਾਉਂਦੀ ਹੋਈ ਹੱਥ ਨੂੰ ਉਡੀਕਣ ਲਗੀ।

ਏਸ ਵੇਲੇ ਗੋਰੀ ਦੀ ਜੇਬ ਵਿਚ ਜੇ ਪੌਂਡ ਭਰੇ ਹੋਏ ਹੁੰਦੇ ਤਾਂ ਉਹ ਸਾਰੇ ਦੇ ਸਾਰੇ ਉਸ ਨੂੰ ਦੇ ਦਿੰਦਾ ਪਰ ਏਥੇ ਤਾਂ ਗਰੀਬ ਦੀ ਕਿਸਮਤ ਵਾਂਗ ਜੇਬ ਬਿਲਕੁਲ ਖਾਲੀ ਸੀ। ਉਸ ਦੇ ਮਥੇ ਤੇ ਪਸੀਨਾ ਆ ਗਿਆ ਕਿਉਂਕਿ ਉਸ ਦੀਆਂ ਉਂਗਲਾਂ ਨੇ ਬਿਲਕੁਲ ਬੇ-ਆਸ ਹੋ ਕੇ ਜੇਬ ਨੂੰ ਫੋਲਣਾ ਬੰਦ ਕਰ ਦਿਤਾ ਸੀ। ਨਾਚੀ ਚੁਪ ਚਾਪ ਉਸ ਵਲ ਹੱਥ ਅੱਡੀ ਖੜੋਤੀ ਸੀ। ਅਜੀਬ ਬਿਪਤਾ ਆ ਬਣੀ। ਉਹ ਠਠੰਬਰ ਜਿਹਾ ਗਿਆ ਅਤੇ ਹੋ ਸਕਦਾ ਸੀ ਕਿ ਉਹ ਉਥੋਂ ਕੰਨੀ ਖਿਸਕਾ ਕੇ ਭੱਜ



Digitized by Panjab Digital Library | www.panjabdigilib.org

ਉਠਦਾ ਪਰ........"ਹੁਣ ਦਫਾ ਵੀ ਹੋਵੇਂਗੀ ਕਿ ਨਹੀਂ ? ਡੂਮਣੀ ਕਿਸੇ ਥਾਂ ਦੀ"। ਪੈਲਸ ਦੀ ਕਿਸੇ ਹਨੇਰੀ ਨੁਕਰ ਵਿਚੋਂ ਕਿਸੇ ਔਰਤ ਨੇ ਕੁਰੱਖਤ ਜਹੀ ਆਵਾਜ਼ ਵਿਚ ਕਿਹਾ। ਸ਼ਾਇਦ ਇਹ ਉਸਦੀ ਦੁਸ਼ਮਣ ਸੀ। ਟੱਪਰੀਵਾਸ ਕੁੜੀ ਸਹਿਮ ਜਹੀ ਗਈ। ਪਰ ਏਸ ਕੁਰੱਖਤ ਆਵਾਜ਼ ਨੇ ਭੱਠੀ ਲਾਗੇ ਬੈਠੇ ਮੁੰਡਿਆਂ ਲਈ ਸ਼ੁਗਲ ਲਭ ਦਿਤਾ ਤੇ ਉਹ ਰੌਲਾ ਪਾਉਂਦੇ ਹੋਏ ਆਵਾਜ਼ ਵਲ ਨੂੰ ਭੱਜੇ। ਨਾਚੀ ਤੇ ਲੋਕਾਂ ਦੀਆਂ ਨਜ਼ਰਾਂ ਉਹਨਾਂ ਮੁੰਡਿਆਂ ਵਲ ਨੂੰ ਉਠੀਆਂ। ਗੌਰੀ ਨੇ ਏਸ ਸਮੇਂ ਨੂੰ ਯੋਗ ਸਮਝਿਆ ਤੇ ਭੀੜ ਵਿਚ ਗੁੰਮ ਹੋ ਗਿਆ।

ਉਹ ਚਾਹੁੰਦਾ ਸੀ ਕਿ ਪੈਲਸ ਤੋਂ ਝਟ ਪਟ ਬਾਹਰ ਨਿਕਲ ਜਾਏ ਪਰ ਭੁਖ ਕਰ ਕੇ ਉਸ ਕੋਲੋਂ ਇਕ ਕਦਮ ਵੀ ਨਹੀਂ ਸੀ ਪੁਟ੍ਹਿਆ ਜਾਂਦਾ। ਮਜਬੂਰ ਹੋ ਕੇ ਉਥੇ ਹੀ ਇਕ ਹਨੇਰੀ ਨੁਕਰ ਵਿਚ ਬੈਠ ਗਿਆ। ਅਚਾਨਕ ਕਿਸੇ ਦੇ ਗਾਉਣ ਦੀ ਆਵਾਜ਼ ਆਈ। ਟੱਪਰੀਵਾਸ ਕੁੜੀ ਇਕ ਦਰਦ ਭਰਿਆ ਗੀਤ ਗਾ ਰਹੀ ਸੀ ਜਿਸ ਨੂੰ ਸੁਣ ਕੇ ਫਲਾਸਫਰ ਗੌਰੀ ਦੀਆਂ ਅਖਾਂ ਵਿਚੋਂ ਹੰਝੂਆਂ ਦਾ ਸੋਮਾ ਫੁਟ ਤੁਰਿਆ।

"ਹੁਣ ਚੁਪ ਵੀ ਹੋਵੇਂਗੀ ਕਿ ਨਹੀਂ ?" ਫੇਰ ਉਹੀ ਕੁਰੱਖਤ ਆਵਾਜ਼ ਹਨੇਰੇ ਵਿਚੋਂ ਆਈ। ਨਾਚੀ ਚੁਪ ਹੋ ਗਈ ਅਤੇ ਨਾਲ ਹੀ ਗੌਰੀ ਦੀਆਂ ਅਖਾਂ ਵਿਚੋਂ ਹੰਝੂ ਵੀ ਥੰਮ੍ਹ ਗਏ। ਹੋ ਸਕਦਾ ਸੀ ਕਿ ਉਹ ਇਸਤਰੀ ਜਿਹੜੀ ਹਨੇਰੇ ਵਿਚੋਂ ਏਸ ਤਰ੍ਹਾਂ ਚੀਕਾਂ ਮਾਰਦੀ ਸੀ ਟੱਪਰੀਵਾਸ ਕੁੜੀ ਤੇ ਹਮਲਾ ਕਰ ਦੇਂਦੀ ਪਰ ਐਨ ਉਸੇ ਵੇਲੇ ਇਕ ਪਾਸਿਉਂ ਰੌਲਾ ਜਿਹਾ ਸੁਣਾਈ ਦਿਤਾ। ਬੇਵਕੂਫਾਂ ਦੇ ਨਵੇਂ ਪਾਦਰੀ ਦਾ ਜਲੂਸ ਪੈਰਸ ਦੀਆਂ ਗਲੀਆਂ ਬਜ਼ਾਰਾਂ ਵਿਚ ਚਕਰ ਲਾਉਣ ਪਿਛੋਂ ਬੜੀ ਸੱਜ ਧੱਜ ਨਾਲ ਗਿਰਉ ਮਹਲ ਵਲ ਵਾਪਸ ਆ ਰਿਹਾ ਸੀ। ਲੋਕੀਂ ਖ਼ੁਸ਼ੀ ਦੇ ਨਾਅਰੇ ਮਾਰਦੇ ਹੋਏ ਜਲੂਸ ਦੇ ਸਵਾਗਤ ਲਈ ਭਜੇ।

ਕੁਬੇ ਕੈਦੋ ਦਾ ਜਲੂਸ ਅਜੇ ਪੈਲਸ ਦੇ ਦਰਵਾਜ਼ੇ ਕੋਲ ਹੀ ਪੁਜਾ ਸੀ ਕਿ ਇਕ ਆਦਮੀ ਨੇ ਉਸ ਵਲ ਘੂਰ ਕੇ ਤਕਿਆ। ਕੁਬਾ ਦੇਓ,



Digitized by Panjab Digital Library | www.panjabdigilib.org

ਜਿਸ ਅਗੇ ਪੈਰਸ ਦੇ ਬੜੇ ੨ ਸੂਰਬੀਰ ਕੰਬਦੇ ਸਨ ਏਸ ਵੇਲੇ ਇਸ ਤਰ੍ਹਾਂ ਕੰਬ ਉਠਿਆ ਜਿਸ ਤਰ੍ਹਾਂ ਭੁਚਾਲ ਦੇ ਆਉਣ ਨਾਲ ਧਰਤੀ ਦਾ ਚੱਪਾ ਚੱਪਾ ਕੰਬ ਉਠਦਾ ਹੈ। ਉਹ ਕੁਰਸੀ ਤੋਂ ਇਹ ਕਹਿੰਦਾ ਹੋਇਆ ਜ਼ਮੀਨ ਤੇ ਕੁਦ ਪਿਆ, "ਕੌਣ ? ਮੇਰਾ ਉਸਤਾਦ ਮਿਸਟਰ ਫਰਲੋ।"

ਇਸ ਤੋਂ ਪਿਛੋਂ ਕੁਬਾ ਦੇਓ ਉਸ ਆਦਮੀ ਦੇ ਪੈਰਾਂ ਤੇ ਢੱਠਾ ਹੋਇਆ ਸੀ। ਬੇਵਕੂਫਾਂ ਦਾ ਜਲੂਸ, ਜਿਸ ਵਿਚ ਵਧੇਰੇ ਡਾਕੂ, ਬਦਮਾਸ਼ ਤੇ ਲੁਟੇਰੇ ਹੀ ਸਨ ਆਪਣੇ ਨਵੇਂ ਪਾਦਰੀ ਨੂੰ ਉਸ ਆਦਮੀ ਦੇ ਪੈਰਾਂ ਤੇ ਏਸ ਤਰ੍ਹਾਂ ਝੁਕਦਿਆਂ ਵੇਖ ਕੇ ਭੁਖੇ ਸ਼ੇਰ ਵਾਂਗੂੰ ਟੁਟ ਪਏ। ਪਰ ਕੁਬੇ ਕੈਦੋ ਨੇ ਗਰਜ ਕੇ ਆਪਣੇ ਬੇ-ਢਬੇ ਦੰਦਾਂ ਨੂੰ ਪੀਂਹਦਿਆਂ ਹੋਇਆਂ ਆਪਣੀਆਂ ਵਦਾਨ ਵਰਗੀਆਂ ਬਾਹਵਾਂ ਨਾਲ ਉਹਨਾਂ ਨੂੰ ਪਿਛੇ ਹਟਾ ਦਿਤਾ ਅਤੇ ਉਸ ਆਦਮੀ ਨੂੰ ਨਾਲ ਲੈ ਕੇ ਇਕ ਪਾਸੇ ਨੂੰ ਤੁਰ ਪਿਆ। ਲੋਕੀਂ ਅਤਿ ਹੈਰਾਨੀ ਵਿਚ ਬੁਤ ਬਣੇ ਖੜੋਤੇ ਵੇਖਦੇ ਰਹੇ। ਉਹ ਦੋਵੇਂ ਰਾਤ ਦੇ ਹਨੇਰੇ ਵਿਚ ਅਲੋਪ ਹੋ ਗਏ।

## ੪

ਗੌਰੀ ਬੜਾ ਹੌਂਸਲਾ ਕਰ ਕੇ ਟੱਪਰੀਵਾਸ ਕੁੜੀ ਦਾ ਪਿਛਾ ਕਰ ਰਿਹਾ ਸੀ ਕਿਉਂਕਿ ਪੈਰਸ ਦਾ ਇਹ ਅਲਬੇਲਾ ਫਲਾਸਫਰ ਟੱਪਰੀਵਾਸ ਕੁੜੀ ਦੀਆਂ ਨਿਗਾਹਾਂ ਨਾਲ ਘਾਇਲ ਹੋ ਚੁਕਾ ਸੀ। ਨਾਚੀ ਆਪਣੀ ਪਿਆਰੀ ਬਕਰੀ ਡੁਜਲੀ ਨੂੰ ਨਾਲ ਲਈ ਰਿਊ ਪਿੰਡ ਵਲ ਜਾ ਰਹੀ ਸੀ। ਉਸ ਦੀਆਂ ਨਜ਼ਰਾਂ ਉਹਨਾਂ ਹਟਵਾਣੀਆਂ ਤੇ ਪਈਆਂ ਜਿਹੜੇ ਆਪਣੀਆਂ ਦੁਕਾਨਾਂ ਨੂੰ ਬੰਦ ਕਰ ਕੇ ਘਰਾਂ ਨੂੰ ਜਾ ਰਹੇ ਸਨ। ਗੌਰੀ ਆਪਣੇ ਸੀਨੇ



Digitized by Panjab Digital Library | www.panjabdigilib.org

ਵਿਚ ਲੱਖਾਂ ਹਸਰਤਾਂ ਛੁਪਾਈ ਉਸ ਦਾ ਪਿਛਾ ਕਰ ਰਿਹਾ ਸੀ। ਦੋ ਆਦਮੀ ਆਪੋ ਵਿਚ ਮੌਸਮ ਬਾਰੇ ਗਲ ਬਾਤ ਕਰ ਰਹੇ ਸਨ। ਉਹ ਇਹਨਾਂ ਉਤੇ ਸਰਸਰੀ ਨਜ਼ਰ ਸੁਟਦਾ ਹੋਇਆ ਅਗੇ ਵਧਿਆ। ਗਿਰਜਿਆਂ ਵਿਚ ਹੌਲੇ ਹੌਲੇ ਘੰਟੀਆਂ ਵਜਦੀਆਂ ਵਜਦੀਆਂ ਬੰਦ ਹੋ ਗਈਆਂ ਸਨ ਅਤੇ ਗਲੀਆਂ ਬਜ਼ਾਰਾਂ ਵਿਚ ਬਿਲਕੁਲ ਸੁੰਨ ਵਰਤ ਗਈ ਸੀ ਪਰ ਗੌਰੀ ਬੜੀ ਬੇ-ਪਰਵਾਹੀ ਤੇ ਨਿਡਰਤਾ ਨਾਲ ਆਪਣੇ ਖਿਆਲਾਂ ਵਿਚ ਮਸਤ ਟੱਪਰੀਵਾਸ ਕੁੜੀ ਦਾ ਪਿਛਾ ਕਰਦਾ ਗਿਆ। ਅਚਾਨਕ ਉਹ ਉਸਦੀਆਂ ਨਜ਼ਰਾ ਤੋਂ ਉਹਲੇ ਹੋ ਗਈ। ਗੌਰੀ ਗਲੀਆਂ ਵਿਚ ਏਧਰ ਉਧਰ ਭੰਭਲ ਭੂਸੇ ਖਾਂਦਾ ਫਿਰਦਾ ਸੀ। ਏਸ ਵੇਲੇ ਉਸ ਨੂੰ ਸਾਰੀ ਦੁਨੀਆਂ ਸੁੰਞੀ ਸੁੰਞੀ ਜਾਪ ਰਹੀ ਸੀ। ਹੁਣ ਉਸ ਦੇ ਪੈਰਾਂ ਵਿਚ ਤੁਰਨ ਦੀ ਤਾਕਤ ਨਹੀਂ ਸੀ ਰਹੀ। ਉਹ ਹਿੰਮਤ ਹਾਰ ਕੇ ਇਕ ਮੋੜ ਤੇ ਬੈਠਣ ਹੀ ਲਗਾ ਸੀ ਜੋ ਦੂਰ ਹਜ਼ਰਤ ਮਸੀਹ ਦੇ ਬੁਤ ਤੇ ਬਲ ਰਹੀ ਬੱਤੀ ਦੀ ਲੋ ਵਿਚ ਉਸ ਨੇ ਕੁੜੀ ਨੂੰ ਜਾਂਦੇ ਤਕਿਆ। ਉਸ ਦੇ ਰੋਮ ਰੋਮ ਵਿਚ ਬਿਜਲੀ ਦੌੜਨ ਲਗੀ। ਉਹ ਵਾਹੋ ਦਾਹੀ ਉਸ ਵਲ ਭਜਿਆ।

ਹੁਣ ਫੇਰ ਉਹ ਕੁੜੀ ਦੇ ਬਰਾਬਰ ਜਾ ਰਿਹਾ ਸੀ ਅਤੇ ਉਹ ਵੀ ਤੁਰਦਿਆਂ ਤੁਰਦਿਆਂ ਚੋਰ ਅੱਖ ਨਾਲ ਕਦੇ, ਕਦੇ ਉਸ ਵਲ ਵੇਖ ਲੈਂਦੀ ਸੀ। ਅਚਾਨਕ ਉਹ ਇਕ ਥਾਂ ਰੁਕ ਗਈ। ਗੌਰੀ ਦਾ ਕਲੇਜਾ ਧਕ ਧਕ ਕਰਨ ਲਗਾ। ਕੁੜੀ ਦੀ ਪਿਠ ਵਲ ਦੇ ਮਕਾਨ ਦੀ ਬਾਰੀ ਵਿਚੋਂ ਕਿਸੇ ਨੇ ਉਸ ਉਤੇ ਬੈਟਰੀ ਨਾਲ ਲੋ ਸੁਟੀ। ਕੁੜੀ ਨੇ ਧਿਆਨ ਨਾਲ ਤਕਿਆ ਪਰ ਕੁਝ ਵੀ ਨਜ਼ਰੀ ਨਾ ਆਉਣ ਕਰਕੇ ਉਹ ਫੇਰ ਅਗਾਹਾਂ ਨੂੰ ਤੁਰ ਪਈ। ਗੌਰੀ ਦੀਆਂ ਨਜ਼ਰਾਂ ਨਾਚੀ ਦੀਆਂ ਲੰਮੀਆਂ ਤੇ ਕਾਲੀਆਂ ਜ਼ੁਲਫਾਂ ਵਿਚ ਜਕੜੀਆਂ ਹੋਈਆਂ ਸਨ .ਅਤੇ ਉਸ ਦਾ ਦਿਲ ਬੜੀ ਬੇਪ੍ਰਵਾਹੀ ਨਾਲ ਉਸ ਦੇ ਪਿਛੇ ਪਿਛੇ ਤੁਰਿਆ ਜਾ ਰਿਹਾ ਸੀ।

ਹਨੇਰਾ ਵਧੇਰੇ ਹੋਣ ਕਰ ਕੇ ਨਾਚੀ ਇਕ ਵੇਰ ਫੇਰ ਉਸ ਦੀਆਂ ਅਖਾਂ ਤੋਂ ਉਹਲੇ ਹੋ ਗਈ ਅਤੇ ਉਹ ਉਥੇ ਹੀ ਬੁਤ ਬਣਿਆ ਖੜੋਤਾ ਰਿਹਾ।



Digitized by Panjab Digital Library | www.panjabdigilib.org

ਉਸ ਨੂੰ ਇਉਂ ਮਲੂਮ ਹੋਇਆ ਜਿਵੇਂ ਆਕਾਸ਼ ਨਾਲ ਛੋਹ ਰਹੇ ਪਹਾੜਾਂ ਦੀ ਸਾਰੀ ਬਰਫ ਉਸ ਉਤੇ ਢਹਿ ਪਈ ਸੀ। ਐਨ ਉਸ ਵੇਲੇ ਇਕ ਪਾਸਿਉਂ ਚੀਕ ਦੀ ਆਵਾਜ਼ ਆਈ। ਗੌਰੀ ਤ੍ਰਬਕ ਉਠਿਆ ਅਤੇ ਜਿਧਰੋਂ ਚੀਕ ਦੀ ਆਵਾਜ਼ ਆਈ ਸੀ ਉਧਰ ਨੂੰ ਭੱਜ ਤੁਰਿਆ।

ਪਵਿਤਰ ਮਰੀਅਮ ਦੇ ਬੁਤ ਤੇ ਜਗ ਰਹੀ ਬਤੀ ਦੀ ਲੋ ਵਿਚੋਂ ਉਸ ਨੇ ਟੱਪਰੀਵਾਸ ਕੁੜੀ ਨੂੰ ਦੋ ਆਦਮੀਆਂ ਨਾਲ ਹਥੋ ਪਾਈ ਹੁੰਦੇ ਵੇਖਿਆ। ਨਾਚੀ ਉਹਨਾਂ ਦੇ ਪੰਜੇ ਵਿਚ ਫਸੀ ਤੜਫ ਰਹੀ ਸੀ ਤੇ ਉਹ ਆਪਣੇ ਹਥਾਂ ਨਾਲ ਉਸਦੀਆਂ ਚੀਕਾਂ ਨੂੰ ਵਾਯੂ ਮੰਡਲ ਵਿਚ ਉਠਣ ਤੋਂ ਪਹਿਲਾਂ ਹੀ ਮੂੰਹ ਵਿਚ ਬੰਦ ਕਰ ਰਹੇ ਸਨ। ਵਿਚਾਰੀ ਬਕਰੀ ਲਾਗੇ ਧੌਣ ਨੀਵੀਂ ਸੁਟੀ ਮੈਂ ਮੈਂ ਕਰ ਰਹੀ ਸੀ। ਉਹ ਕਿਸੇ ਨੂੰ ਆਪਣੀ ਮਾਲਕਣ ਦੀ ਮਦਦ ਲਈ ਹਾਕਾਂ ਮਾਰ ਰਹੀ ਸੀ।

"ਦੌੜੋ-ਦੌੜੋ ਏਧਰ ਆਓ" ਗੌਰੀ ਨੇ ਉੱਚੀ ੨ ਰੌਲਾ ਪਾਇਆ ਅਤੇ ਆਪ ਉਧਰ ਨੂੰ ਦੌੜਿਆ। ਇਹਨਾਂ ਵਿਚੋਂ ਇਕ ਕੁਬਾ ਕੈਦੋ ਸੀ। ਗੌਰੀ ਨੇ ਉਸ ਵਲ ਤਕਿਆ ਪਰ ਉਹ ਭਜਿਆ ਨਹੀਂ, ਤਾਂ ਵੀ ਉਹ ਅਗੇ ਪੈਰ ਨਾ ਪੁਟ ਸਕਿਆ।

ਕੈਦੋ ਨੇ ਨਾਚੀ ਨੂੰ ਆਪਣੀ ਕੁਬੀ ਪਿਠ ਤੇ ਚੁਕ ਲਿਆ ਅਤੇ ਹਨੇਰੇ ਵਿਚ ਗੁੰਮ ਹੋਣ ਲਈ ਇਕ ਪਾਸੇ ਨੂੰ ਤੁਰ ਪਿਆ। ਕੁੜੀ ਡਰ ਨਾਲ ਸਹਿਮੀ ਹੋਈ ਸੀ। ਉਸ ਦੀ ਬਕਰੀ ਨਾਲ ਨਾਲ ਤੁਰੀ ਜਾ ਰਹੀ ਸੀ।

"ਖੂੰਨ, ਖੂੰਨ" ਨਿਕਰਮਣ ਟੱਪਰੀਵਾਸ ਕੁੜੀ ਨੇ ਉੱਚੀ ਸਾਰੀ ਕਿਹਾ। "ਠਹਿਰ ਜਾਓ ਬਦਮਾਸ਼ੋ! ਖਬਰਦਾਰ ਜੇ ਹਥ ਉਠਾਇਉ ਤਾਂ" ਅਚਾਨਕ ਹਨੇਰੇ ਵਿਚੋਂ ਇਕ ਆਵਾਜ਼ ਆਈ। ਇਕ ਘੋੜ-ਸਵਾਰ ਫੌਜੀ ਕਪਤਾਨ ਏਧਰ ਆਇਆ ਸੀ। ਉਸਨੇ ਟੱਪਰੀਵਾਸ ਕੁੜੀ ਨੂੰ ਉਹਨਾਂ ਪਾਸੋਂ ਖੋਹ ਲਿਆ ਅਤੇ ਆਪਣੇ ਨਾਲ ਘੋੜੇ ਤੇ ਬਿਠਾ ਲਿਆ। ਕੁਬੇ ਦੇਓ ਨੇ ਆਪਣੇ ਸ਼ਿਕਾਰ ਨੂੰ ਮੁੜ ਖੋਹਣ ਦਾ ਯਤਨ ਕੀਤਾ ਪਰ ਕਪਤਾਨ ਦੇ ਸੋਲਾਂ ਹਮਾਇਤੀ ਤਲਵਾਰਾਂ ਸੂਤੀ ਆ ਪੁਜੇ। ਕੈਦੋ ਉਹਨਾਂ ਦੇ ਵਿਚਕਾਰ



Digitized by Panjab Digital Library | www.panjabdigilib.org

ਘਿਰ ਗਿਆ। ਉਸ ਨੇ ਏਨੇ ਜ਼ੋਰ ਨਾਲ ਭਬਕਾ ਮਾਰਿਆ ਕਿ ਧਰਤੀ ਕੰਬ ਗਈ ਤੇ ਆਕਾਸ਼ ਬਰੱਗਾ ਉਠਿਆ। ਪਰ ਇਹ ਸਭ ਕੁਝ ਨਿਸਫਲ ਰਿਹਾ ਕਿਉਂਕਿ ਤਕੜੇ ਹੌਂਸਲੇ ਵਾਲੇ ਜੁਆਨ ਡਟ ਕੇ. ਟਾਕਰਾ ਕਰਦੇ ਰਹੇ। ਕਾਸ਼ ! ਕਿਤੇ ਦਿਨ ਹੁੰਦਾ ਤੇ ਇਹ ਲੋਕੀਂ ਕੁਬੇ ਦੇਓ ਦੀ ਭਿਆਨਕ ਸ਼ਕਲ ਵੇਖ ਕੇ ਡਰ ਜਾਂਦੇ ਅਤੇ ਭਜ ਉਠਦੇ। ਕਾਸ਼, ਕਿਤੇ ਉਹਨਾਂ ਦੀਆਂ ਨਜ਼ਰਾਂ ਉਸ ਦੇ ਜਾਂਗਲੀ ਮਹਿਰੂਆਂ ਨਾਲ ਮਿਲਦੇ ਜੁਲਦੇ ਚਿਹਰੇ ਨੂੰ ਤਕ ਕੇ ਝਪਕਣਾ ਬੰਦ ਕਰ ਦਿੰਦੀਆਂ ਤੇ ਉਹ ਉਥੋਂ ਪਤਰਾ ਵਾਚ ਸਕਦਾ। ਪਰ ਬੁਰਾ ਹੋਵੇ ਇਸ ਹਨੇਰੇ ਦਾ। ਵਿਜਾਰਾ ਕੁਬਾ ਕੈਦੋਂ ਬੁਰੀ ਤਰਾਂ ਕਾਬੂ ਆ ਗਿਆ ਸੀ।

ਟੱਪਰੀਵਾਸ ਕੁੜੀ ਨੇ ਆਪਣੇ ਹਥ ਉਸ ਨੌਜਵਾਨ ਕਪਤਾਨ ਦੇ ਮੋਢੇ ਤੇ ਰਖ ਦਿਤੇ ਅਤੇ ਉਸ ਦੀਆਂ ਅਖਾਂ ਵਿਚ ਅੱਖਾਂ ਪਾ ਕੇ ਮਿਠੀ ਆਵਾਜ਼ ਵਿਚ ਬੋਲੀ "ਸ੍ਰੀ ਮਾਨ ਜੀ ਤੁਹਾਡਾ ਨਾਂ ਕੀ ਹੈ ?"

"ਮੈਨੂੰ ਕਪਤਾਨ ਫ਼ੀਬਸ ਕਹਿ ਕੇ ਸਦਦੇ ਹਨ" ਕਪਤਾਨ ਨੇ ਫਖਰ ਨਾਲ ਧੌਣ ਉੱਚੀ ਕਰ ਕੇ ਆਖਿਆ।

"ਮੈਂ ਤੁਹਾਡੀ ਬੜੀ ਧੰਨਵਾਦੀ ਹਾਂ", ਕੁੜੀ ਸ਼ਰਮ ਨਾਲ ਝੁਕਦੀ ਹੋਈ ਬੋਲੀ। ਕਪਤਾਨ ਫੀਬਸ ਆਪਣੀ ਵਰਦੀ ਵਲ ਸ਼ਾਨ ਨਾਲ ਤੱਕਦਾ ਹੋਇਆ ਏਧਰ ਉਧਰ ਵੇਖਣ ਲੱਗਾ। ਟੱਪਰੀਵਾਸ ਕੁੜੀ ਨੇ ਆਪਣੇ ਆਲੇ ਦੁਆਲੇ ਦੀ ਹਰੇਕ ਚੀਜ਼ ਨੂੰ ਬੜੇ ਗਹੁ ਨਾਲ ਤਕਿਆ ਅਤੇ ਐਨ ਉਸ ਵੇਲੇ ਜਦ ਕਿ ਕਪਤਾਨ ਆਪਣੀਆਂ ਮੁਛਾਂ ਨੂੰ ਤਾਅ ਦੇ ਰਿਹਾ ਸੀ ਉਹ ਮਲਕੜੇ ਘੋੜੇ ਤੋਂ ਉਤਰੀ ਅਤੇ ਭਜ ਕੇ ਹਨੇਰੇ ਵਿਚ ਗੁੰਮ ਹੋ ਗਈ। ਕਪਤਾਨ ਨੇ ਬਥੇਰੀ ਏਧਰ ਉਧਰ ਨਜ਼ਰ ਦੁੜਾਈ ਪਰ ਕੁਝ ਵੀ ਦਿਖਾਈ ਨਾ ਦਿਤਾ।



Digitized by Panjab Digital Library | www.panjabdigilib.org

# ੫

ਗੌਰੀ ਇਹ ਡਰਾਉਣੀ ਝਾਕੀ ਵੇਖ ਕੇ ਬੇਹੋਸ਼ ਜਿਹਾ ਹੋ ਗਿਆ ਸੀ। ਜਦ ਹੋਸ਼ ਵਿਚ ਆਇਆ ਤਾਂ ਉਸ ਨੇ ਮਹਿਸੂਸ ਕੀਤਾ ਕਿ ਉਹ ਗੰਦੇ ਨਾਲੇ ਵਿਚ ਡਿਗਿਆ ਪਿਆ ਹੈ। ਨਾਲੇ ਦਾ ਪਾਣੀ ਏਨਾਂ ਠੰਢਾ ਸੀ ਕਿ ਉਸ ਦਾ ਸਰੀਰ ਪਾਲੇ ਨਾਲ ਜੰਮਦਾ ਜਾ ਰਿਹਾ ਸੀ । ਉਸ ਨੇ ਆਪਣੀਆਂ ਬਾਹਾਂ ਨੂੰ ਹਿਲਾਇਆ ਪਰ ਉਹ ਪੱਥਰ ਬਣ ਚੁਕੀਆਂ ਸਨ। ਉਸਨੇ ਉਠਣ ਦਾ ਯਤਨ ਕੀਤਾ ਪਰ ਉਸ ਨੂੰ ਇਉਂ ਭਾਸਿਆ ਜਿਵੇਂ ਉਸ ਦੀਆਂ ਲਤਾਂ ਸਰੀਰ ਨਾਲੋਂ ਵਖ ਹੋ ਚੁਕੀਆਂ ਹਨ। ਅਜੀਬ ਬਿਪਤਾ ਦਾ ਟਾਕਰਾ ਸੀ। ਉਹ ਜ਼ਿੰਦਗੀ ਤੋਂ ਨਿਰਾਸ ਹੋ ਗਿਆ ਅਤੇ ਮੌਤ ਦੀ ਉਡੀਕ ਕਰਨ ਲਗਾ।

ਚੰਗੇ ਭਾਗਾਂ ਨੂੰ ਮੁੰਡਿਆਂ ਦਾ ਇਕ ਟੋਲਾ, ਜਿਹੜਾ ਹਰ ਵੇਲੇ ਪੈਰਸ ਦੀਆਂ ਗਲੀਆਂ ਵਿਚ ਅਵਾਰਾ ਗਰਦੀ ਕਰਦਾ ਰਹਿੰਦਾ ਸੀ, ਰੌਲਾ ਪਾਉਂਦਾ ਹੋਇਆ ਏਧਰ ਦੀ ਲੰਘਿਆ । ਉਹਨਾਂ ਵਿਚੋਂ ਕੁਝ ਕੁ ਨੇ ਤਾਂ ਹੱਥਾਂ ਵਿਚ ਮਸਾਲਾਂ ਫੜੀਆਂ ਹੋਈਆਂ ਸਨ ਜਿਹਨਾਂ ਨੂੰ ਬਾਲ ਕੇ ਉਹ ਤਮਾਸ਼ਾ ਕਰਨਾ ਚਾਹੁੰਦੇ ਸਨ । ਇਹ ਟੋਲੀ ਨਾਲੇ ਉਤੋਂ ਦੀ ਲੰਘੀ ਅਤੇ ਇਕ ਮੁੰਡੇ ਦੀ ਨਜ਼ਰ ਅਚਾਨਕ ਗੌਰੀ ਤੇ ਪਈ। ਬਸ ਫੇਰ ਕੀ ਸੀ। ਉਹਨਾਂ ਨੂੰ ਸ਼ਰਾਰਤ ਜੂ ਸੁਝੀ ਅਤੇ ਉਹ ਮਸਾਲ ਗੌਰੀ ਤੇ ਸੁਟ ਦਿਤੀ। ਇਕ ਮੁੰਡਾ ਭੱਜਾ ਭਜਾ ਗਿਆ ਅਤੇ ਪਵਿਤਰ ਮਰੀਅਮ ਦੇ ਬੁਤ ਤੇ ਬਲ਼ਦੀ ਬਤੀ ਨਾਲੋਂ ਮਸਾਲ ਨੂੰ ਅੱਗ ਲਾ ਲਿਆਇਆ ਅਤੇ ਨਾਲੇ ਵਿਚ ਸੁਟ ਦਿਤਾ।

ਥੋੜਾ ਚਿਰ ਤਕ ਮਿਸਾਲ ਵਿਚੋਂ ਅੱਗ ਦੀਆਂ ਲਾਟਾਂ ਨਿਕਲਦੀਆਂ



Digitized by Panjab Digital Library | www.panjabdigilib.org

ਰਹੀਆਂ ਅਤੇ ਗੌਰੀ ਦੇ ਸਰੀਰ ਨੂੰ ਗਰਮਾਇਸ਼ ਪੁਜੀ । ਇਹ ਉਸ ਲਈ ਕੁਦਰਤੀ ਸਹਾਇਤਾ ਸੀ । ਉਸ ਦੇ ਜੰਮੇ ਹੋਏ ਅੰਗਾਂ ਵਿਚ ਮੁੜ ਲਹੂ ਫਿਰਨ ਲਗਾ। ਉਹ ਉਥੋਂ ਉਠਿਆ ਤੇ ਹੰਬਲਾ ਮਾਰ ਕੇ ਨਾਲੇ ਚੋਂ ਬਾਹਰ ਆ ਗਿਆ ਅਤੇ ਇਕ ਪਾਸੇ ਨੂੰ ਭਜ ਤੁਰਿਆ ਤਾਂ ਜੋ ਉਸ ਦਾ ਸਰੀਰ ਚੰਗੀ ਤਰਾਂ ਗਰਮ ਹੋ ਜਾਏ "ਓਈ ਰਬਾ" ਮੁੰਡਿਆਂ ਨੇ ਰੌਲਾ ਪਾਇਆ, "ਇਹ ਉਸੇ ਲੁਹਾਰ ਦੀ ਰੂਹ ਹੈ ਜਿਹੜਾ ਕਲ ਏਥੇ ਹੀ ਮਰਿਆ ਸੀ।"

ਸਾਰੇ ਮੁੰਡੇ ਡਰਦੇ ਮਾਰੇ ਵਾਹੋ ਦਾਹੀ ਭਜ ਉਠੇ ਕਿਉਂਕਿ ਉਹ ਗੌਰੀ ਨੂੰ ਉਸ ਲੁਹਾਰ ਦੀ ਰੂਹ ਸਮਝਦੇ ਸਨ ਜਿਹੜਾ ਕਲ ਰਾਤ ਏਸੇ ਨਾਲੇ ਵਿਚ ਡਿਗ ਕੇ ਮਰਿਆ ਸੀ।

ਗੌਰੀ ਕਾਫੀ ਚਿਰ ਤਕ ਭਜਣ ਪਿਛੋਂ ਇਕ ਲੰਮੀ ਗਲੀ ਵਿਚ ਦਾਖਲ ਹੋਇਆ । ਇਹ ਗਲੀ ਨਾ ਤਾਂ ਬਹੁਤੀ ਹਨੇਰੀ ਸੀ ਤੇ ਨਾ ਬਿਲਕੁਲ ਉਜਾੜ ਕਿਉਂਕਿ ਏਥੇ ਥਾਂ ਥਾਂ ਤੇ ਕੋਹੜੇ ਤੇ ਲੰਗੜੇ ਲੂਲੇ ਰੀਂਗ ਰਹੇ ਸਨ। ਉਹਨਾਂ ਉਤੇ ਗਲੀ ਦੇ ਸਿਰੇ ਤੇ ਲਗੇ ਖੰਭੇ ਦੀ ਬਤੀ ਦਾ ਮਧਮ ਚਾਨਣਾ ਪੈ ਰਿਹਾ ਸੀ । ਉਹ ਕਾਹਲੀ ਕਾਹਲੀ ਪੈਰ ਪੁਟਣ ਲਗਾ ਕਿਉਂਕਿ ਉਹ ਇਹਨਾਂ ਰੀਂਘਣ ਵਾਲੇ ਬੰਦਿਆਂ ਦੇ ਚਿਹਰਿਆਂ ਵਲ ਤੇ ਉਹਨਾਂ ਦੇ ਸਰੀਰਾਂ ਉਤੇ ਉਭਰੇ ਹੋਏ ਫੋੜਿਆਂ ਨੂੰ ਦੇਖ ਕੇ ਘਬਰਾ ਜਿਹਾ ਗਿਆ।

ਅਚਾਨਕ ਉਸਦੇ ਪੈਰਾਂ ਨਾਲ ਕੋਈ ਚੀਜ਼ ਟਕਰਾਈ। ਇਹ ਇਕ ਅੰਨ੍ਹਾਂ ਆਦਮੀ ਸੀ ਜਿਹੜਾ ਨੀਂਦ ਦੇ ਲੋਰ ਵਿਚ ਊਂਘ ਰਿਹਾ ਸੀ। ਠੋਕਰ ਲਗਣ ਨਾਲ ਉਹ ਚੁਕੰਨਾ ਹੋ ਗਿਆ ਤੇ ਗੌਰੀ ਕਾਹਲੀ ਕਾਹਲੀ ਅਗੇ ਵਧ ਗਿਆ। ਅਜੇ ਉਹ ਥੋੜੇ ਹੀ ਕਦਮ ਅਗੇ ਗਿਆ ਹੋਏਗਾ ਕਿ ਉਸਨੂੰ ਪਿਛੋਂ ਕਿਸੇ ਦੇ ਪੈਰਾਂ ਦਾ ਖੜਾਕ ਸੁਣਿਆ। ਉਸ ਨੇ ਡਰਦਿਆਂ ਡਰਦਿਆਂ ਪਿਛੇ ਨੂੰ ਮੁੜ ਕੇ ਵੇਖਿਆ। ਅੰਨ੍ਹਾਂ ਫ਼ਕੀਰ ਆਪਣੇ ਲੰਙੇ ਸਾਥੀ ਸਮੇਤ ਉਸ ਦਾ ਪਿਛਾ ਕਰ ਰਿਹਾ ਸੀ। ਉਹ ਵੀ ਡਰਦਾ ਮਾਰਿਆ ਭੱਜ ਪਿਆ। ਅੰਨ੍ਹਾਂ ਤੇ ਲੰਙਾ ਵੀ



Digitized by Panjab Digital Library | www.panjabdigilib.org

ਉਸਦ ਪਿਛੇ ਦੌੜ ਪਏ। ਐਨ ਉਸ ਵੇਲੇ ਉਸ ਨੇ ਆਪਣੇ ਪਿਛੇ ਅਨ-ਗਿਣਤ ਪੈਰਾਂ ਦੇ ਖੜਾਕ ਸੁਣੇ ਤੇ ਗੌਰੀ ਇਨ੍ਹਾਂ ਖ਼ੂਨੀ ਮਨੁਖਾਂ ਦੇ ਘੇਰੇ ਵਿਚ ਡਿਗ ਪਿਆ ਜਿਹੜੇ ਹਨੇਰੀ ਗਲੀ ਵਿਚੋਂ ਉਠ ਉਠ ਇਸ ਵਲ ਭਜੇ ਆ ਰਹੇ ਸਨ। ਤਾਂ ਵੀ ਉਸ ਨੇ ਹੌਸਲਾ ਨਾ ਛਡਿਆ ਤੇ ਗਲੀ ਵਿਚ ਪਏ ਕੋਹੜੀਆਂ ਨੂੰ ਲਤਾੜਦਾ ਅਗੇ ਵਧਦਾ ਗਿਆ। ਅੰਤ ਬੜੀ ਮੁਸ਼ਕਲ ਨਾਲ ਗਲੀ ਦੇ ਸਿਰੇ ਤੇ ਪੁਜਾ ਜਿਸ ਦੇ ਅਗੇ ਇਕ ਖੁਲ੍ਹਾ ਵੇਹੜਾ ਪਿਆ ਸੀ। ਇਸ ਵੇਹੜੇ ਵਿਚ ਉਸ ਨੇ ਅਨਗਿਣਤ ਬਤੀਆਂ ਜਗਦੀਆਂ ਵੇਖੀਆਂ। ਗੌਰੀ ਇਨ੍ਹਾਂ ਜਿੰਨਾਂ ਤੋਂ ਛੁਟਕਾਰਾ ਪਾਉਣ ਲਈ ਉਸ ਖੁਲ੍ਹੇ ਮੈਦਾਨ ਵਲ ਨੂੰ ਜਾਣ ਲਗਾ ਪਰ ਉਸ ਨੂੰ ਇਹ ਖ਼ਬਰ ਨਹੀਂ ਸੀ ਕਿ ਜਿਸ ਮੈਦਾਨ ਵਿਚ ਉਹ ਉਸ ਵੇਲੇ ਸੀ ਉਹ ਡਾਕੂਆਂ ਦਾ ਅੱਡਾ ਸੀ। ਏਥੇ ਮਨੁਖੀ ਖ਼ੂਨ ਪਾਣੀ ਵਾਂਗ ਵਹਾਇਆ ਜਾਂਦਾ ਹੈ। ਇਹ ਅਨ੍ਹੇ ਤੇ ਲੰਗੜੇ ਲੂਲ੍ਹੇ ਜਿਨ੍ਹਾਂ ਨੂੰ ਉਹ ਫ਼ਕੀਰ ਸਮਝ ਰਿਹਾ ਸੀ ਐਵੇਂ ਵਿਖਾਵੇ ਦੇ ਫ਼ਕੀਰ ਬਣੇ ਹੋਏ ਸਨ। ਅਸਲ ਵਿਚ ਇਹ ਉਹ ਚੋਰ ਤੇ ਡਾਕੂ ਸਨ ਜਿਹੜੇ ਦਿਨ ਭਰ ਭਿਖਿਆ ਮੰਗਦੇ ਸਨ ਤੇ ਰਾਤ ਨੂੰ ਪੈਰਿਸ ਵਿਚ ਡਾਕੇ ਮਾਰਦੇ ਸਨ।

ਅਸੀਂ ਪਾਠਕਾਂ ਨੂੰ ਇਹ ਦਸ ਦੇਣਾ ਜ਼ਰੂਰੀ ਸਮਝਦੇ ਹਾਂ ਕਿ ਜਿਨ੍ਹਾਂ ਦਿਨਾਂ ਦੀ ਇਹ ਗਲ ਹੈ ਉਨ੍ਹੀ ਦਿਨੀ ਪੈਰਿਸ ਵਿਚ ਡਾਕੇ, ਚੋਰੀਆਂ, ਖ਼ੂਨ ਖ਼ਰਾਬਾ ਤੇ ਰੰਡੀ ਬਾਜ਼ੀ ਆਪਣੇ ਪੂਰੇ ਜੋਬਨ ਤੇ ਸੀ। ਇਹ ਮੈਦਾਨ ਜਿਥੇ ਇਸ ਵੇਲੇ ਗੌਰੀ ਸੀ ਇਹ ਪੈਰਿਸ ਦਾ ਇਕ ਖ਼ਾਸ ਗੁਪਤ ਮੈਦਾਨ ਸੀ ਜਿਥੇ ਹਰ ਵੇਲੇ ਚਾਨਣ ਤੇ ਪਰਛਾਵੇਂ ਦਾ ਰਾਜ ਰਹਿੰਦਾ ਸੀ। ਅਚਾਨਕ ਬਚਿਆਂ ਦੇ ਰੋਣ ਦੀ ਆਵਾਜ਼ ਆਈ। ਇਸਤ੍ਰੀਆਂ ਦੀਆਂ ਦਿਲ-ਚੀਰਵੀਆਂ ਚੀਕਾਂ ਤੇ ਜ਼ੋਰ ਜ਼ੋਰ ਦੀਆਂ ਖਿਲ-ਖਿਲੀਆਂ ਦੀਆਂ ਆਵਾਜ਼ਾਂ ਉਸ ਦੇ ਕੰਨੀ ਪਈਆਂ ਉਸਨੇ ਕੰਬਦੀ ਹੋਈ ਲੋ ਵਿਚ ਉਨ੍ਹਾਂ ਵਹਿਸ਼ੀ ਇਨਸਾਨਾਂ ਨੂੰ ਲਾਗਲੇ ਮਕਾਨਾਂ ਵਿਚੋਂ ਨਿਕਲਦੇ ਵੇਖਿਆ ਜਿਹੜੇ ਕਿ ਉਸ ਵੇਲੇ ਖੰਡਰ ਮਲੂਮ ਹੋ ਰਹੇ ਸਨ। ਹੁਣ ਉਸ ਦੀ ਆਖ਼ਰੀ ਆਸ ਵੀ ਮਿਟ ਚੁਕੀ ਸੀ। ਪੈਰਾਂ ਦਾ ਖੜਾਕ ਬਹੁਤ ਨੇੜੇ ਸੁਣਾਈ ਦੇਣ ਲਗਾ ਅਤੇ ਹਨੇਰੇ ਵਿਚੋਂ ਆਵਾਜ਼ਾਂ



Digitized by Panjab Digital Library | www.panjabdigilib.org

ਮ੍ਰਾਉਣ ਲਗੀਆਂ, "ਇਸਨੂੰ ਬਾਦਸ਼ਾਹ ਕੋਲ ਲੈ ਚਲੋ।" "ੳ ਖ਼ੁਦਾ" ਗੌਰੀ ਨੇ ਠੰਡਾ ਸਾਹ ਭਰਦਿਆਂ ਹੋਇਆਂ ਕਿਹਾ, 'ਇਨ੍ਹਾਂ ਵਹਿਸ਼ੀਆਂ ਦਾ ਬਾਦਸ਼ਾਹ ਰਬ ਜਾਣੇ ਕੌਣ ਹੋਵੇਗਾ।"

ਅਜੇ ਉਹ ਦਿਲ ਵਿਚ ਪ੍ਰਾਰਥਨਾਂ ਹੀ ਕਰ ਰਿਹਾ ਸੀ ਕਿ ਛੇ ਆਦਮੀ ਅਗੇ ਵਧੇ ਅਤੇ ਉਸ ਨੂੰ ਫੜ ਲਿਆ। ਉਸ ਦਾ ਦਿਲ ਡਰ ਨਾਲ ਧੱਕ ਧੱਕ ਕਰ ਰਿਹਾ ਸੀ। ਏਨੇ ਨੂੰ ਓਹੀ ਦੋਵੇਂ ਫ਼ਕੀਰ ਜਿਹੜੇ ਇਸ ਦਾ ਪਿਛਾ ਕਰ ਰਹੇ ਸਨ ਆ ਪੁਜੇ ਅਤੇ ਕਹਿਣ ਲਗੇ "ਇਹ ਸਾਡਾ ਸ਼ਿਕਾਰ ਹੈ, ਇਸ ਨੂੰ ਸਾਡੇ ਹਵਾਲੇ ਕਰ ਦਿਓ" ਇਸ ਦੇ ਪਿਛੋਂ ਉਹ ਇਸਨੂੰ ਲੈ ਕੇ ਇਕ ਪਾਸੇ ਨੂੰ ਤੁਰ ਪਏ। ਗੌਰੀ ਦਾ ਡਰ ਨਾਲ ਇਹ ਹਾਲ ਸੀ ਕਿ ਵਢੋ ਤਾਂ ਸ਼ਰੀਰ ਵਿਚ ਲਹੂ ਨਹੀਂ ਸੀ। ਸਾਰਾ ਸ਼ਰੀਰ ਥਰ ਥਰ ਕੰਬ ਰਿਹਾ ਸੀ ਅਤੇ ਉਹ ਇਸ ਤਰ੍ਹਾਂ ਤੁਰਦਾ ਜਾ ਰਿਹਾ ਸੀ ਜਿਵੇਂ ਕਈਆਂ ਸਾਲਾਂ ਦਾ ਬੀਮਾਰ ਹੁੰਦਾ ਹੈ।

ਗੌਰੀ ਇਨ੍ਹਾਂ ਫ਼ਕੀਰਾਂ ਦੇ ਨਾਲ ਕੁਝ ਚਿਰ ਚਿਕੜ ਵਿਚੋਂ ਦੀ ਤੁਰਨ ਪਿਛੋਂ ਉਨ੍ਹਾਂ ਜ਼ਾਲਮਾਂ ਦੇ ਬਾਦਸ਼ਾਹ ਦੇ ਦਰਬਾਰ ਵਿਚ ਪੁਜਾ। ਦਰਬਾਰ ਵਿਚ ਇਕ ਬਹੁਤ ਵਡਾ ਅੱਗ ਦਾ ਅੰਗੀਠਾ ਬਲ ਰਿਹਾ ਸੀ। ਭਖਦੇ ਅੰਗਿਆਰਾਂ ਤੇ ਇਕ ਬੁਢੀ ਇਸਤ੍ਰੀ ਤੇ ਬਚੇ ਦਾ ਸਰੀਰ ਜਲ ਰਿਹਾ ਸੀ। ਅੱਗ ਦੇ ਨੇੜੇ ਬੈਠੇ ਕੁਝ ਕੁ ਵਹਿਸ਼ੀ ਇਨਸਾਨ ਸ਼ਰਾਬ ਦੇ ਪੈਗ ਤੇ ਪੈਗ ਉਡਾ ਰਹੇ ਸਨ। ਇਨ੍ਹਾਂ ਲੁਟੇਰਿਆਂ ਦੇ ਵਿਚਕਾਰ ਇਕ ਖ਼ੂਬਸੂਰਤ ਹਟਾ ਕਟਾ ਨੌਜਵਾਨ ਬਗਲ ਵਿਚ ਇਕ ਸੋਹਣੀ ਜਿਹੀ ਕੁੜੀ ਨੂੰ ਲਈ ਬੈਠਾ ਸੀ ਅਤੇ ਉਸ ਦੇ ਨਾਲ ਹੀ ਖੱਬੇ ਪਾਸੇ ਹੇਠਾਂ, ਇਕ ਬਘਿਆੜ ਵਰਗਾ ਲੰਮੀ ਪੂਛ ਵਾਲਾ ਕੁਤਾ ਬੈਠਾ ਹੋਇਆ, ਅੱਗ ਤੇ ਜਲ ਰਹੀਆਂ ਲੋਥਾਂ ਨੂੰ ਵੇਖ ਰਿਹਾ ਸੀ। ਗੌਰੀ ਨੂੰ ਉਸ ਦੇ ਸਾਹਮਣੇ ਪੇਸ਼ ਕੀਤਾ ਗਿਆ।

"ਕੌਣ ਹੈ ਇਹ ਸ਼ੈਤਾਨ?" ਬਾਦਸ਼ਾਹ ਨੇ ਬੜੇ ਰੋਹਬ ਨਾਲ ਪੁਛਿਆ।

"ਜਾਸੂਸ" ਕਈ ਆਵਾਜ਼ਾਂ ਇਕਠੀਆਂ ਹੀ ਆਈਆਂ।

ਵਹਿਸ਼ੀਆਂ ਦੇ ਬਾਦਸ਼ਾਹ ਦੀਆਂ ਅੱਖਾਂ ਗੁਸੇ ਨਾਲ ਲਾਲ ਹੋ ਗਈਆਂ।



Digitized by Panjab Digital Library | www.panjabdigilib.org

ਉਸਨੇ ਸ਼ਰਾਬ ਦਾ ਇਕ ਪੈਗ ਮੂੰਹ ਵਿਚ ਉਲਟਾਇਆ ਅਤੇ ਕੁੜੀ ਨੂੰ ਬਗਲ ਵਿਚੋਂ ਪਰੇ ਕਰਦਾ ਹੋਇਆ ਬੋਲਿਆ, "ਇਸਨੂੰ ਸੂਲੀ ਤੇ ਟੰਗ ਦਿਓ।"

ਗੌਰੀ ਦਾ ਲੂੰ ਲੂੰ ਕੰਬ ਉਠਿਆ। ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਆਕਾਸ਼ੋਂ ਡਿਗਿਆ ਤੇ ਖਜੂਰ ਤੇ ਅਟਕਿਆ ਵਾਲਾ ਹਿਸਾਬ ਸੀ। ਉਸ ਨੇ ਹੱਥ ਜੋੜ ਕੇ ਕੇਵਲ ਇਸ਼ਾਰਿਆਂ ਨਾਲ ਹੀ ਰਹਿਮ ਲਈ ਬੇਨਤੀ ਕੀਤੀ ਕਿਉਂਕਿ ਉਸਦੀ ਜ਼ਬਾਨ ਚੁਪ ਹੋ ਚੁਕੀ ਸੀ। ਕੁੜੀ ਨੇ ਜ਼ੋਰ ਨਾਲ ਇਕ ਖਿਲਖਿਲੀ ਮਾਰੀ ਅਤੇ ਵਹਿਸ਼ੀਆਂ ਦੇ ਸ਼ਹਿਨਸ਼ਾਹ ਦੀ ਬਗਲ ਵਿਚ ਜਾ ਬੈਠੀ। ਸਾਰਾ ਵਾਯੂ-ਮੰਡਲ ਭਿਆਨਕ ਹਾਸੇ ਨਾਲ ਗੂੰਜ ਉਠਿਆ। ਸੂਲੀ ਦੇ ਆਲੇ ਦੁਆਲੇ ਬਹੁਤ ਭੀੜ ਸੀ। ਲਾਗੇ ਖੜੋਤੇ ਬੰਦੇ ਗੌਰੀ ਤੇ ਕਈ ਪ੍ਰਕਾਰ ਦੇ ਆਵਾਜ਼ੇ ਕੱਸ ਰਹੇ ਸਨ। ਪਰ ਉਹ ਅਗੋਂ ਬੁਤ ਬਣਿਆਂ ਖੜੋਤਾ ਸੀ। ਹੁਣ ਇਹ ਵਹਿਸ਼ੀ ਉਸ ਘੜੀ ਦੀ ਬੜੀ ਬੇ-ਸਬਰੀ ਨਾਲ ਉਡੀਕ ਕਰ ਰਹੇ ਸਨ ਜਦ ਕਿ ਉਨ੍ਹਾਂ ਦੇ ਬਾਦਸ਼ਾਹ ਨੇ ਤਿੰਨ ਵੇਰ ਰੁਮਾਲ ਹਿਲਉਣਾ ਸੀ ਤੇ ਉਸਦੇ ਨਾਲ ਹੀ ਗੌਰੀ ਨੇ ਸੂਲੀ ਤੇ ਲਟਕ ਜਾਣਾ ਸੀ।

ਲੋਕੀਂ ਬੜੇ ਉਤਾਵਲੇ ਪੈ ਰਹੇ ਸਨ। ਉਨ੍ਹਾਂ ਨੇ ਰੌਲਾ ਪਾਇਆ ਤੇ ਬਾਦਸ਼ਾਹ ਨੇ ਪਹਿਲੀ ਵੇਰ ਰੁਮਾਲ ਹਿਲਾਇਆ। ਗੌਰੀ ਦਾ ਰੰਗ ਤਪਦਿਕ ਦੇ ਮਰੀਜ਼ ਵਾਂਗੂ ਪੀਲਾ ਪੈ ਗਿਆ। ਬਾਦਸ਼ਾਹ ਨੇ ਦੂਜੀ ਵੇਰ ਰੁਮਾਲ ਹਿਲਾਇਆ। ਵਹਿਸ਼ੀਆਂ ਨੇ ਰੌਲਾ ਪਾਉਂਦਿਆਂ ਹੋਇਆਂ ਤਾੜੀਆਂ ਮਾਰੀਆਂ। ਗੌਰੀ ਨੇ ਧੌਣ ਨੀਵੀਂ ਸੁਟ ਕੇ ਅੱਖਾਂ ਬੰਦ ਕਰ ਲਈਆਂ ਤਾਂ ਜੋ ਮਰਨ ਤੋਂ ਪਹਿਲਾਂ ਉਹ ਆਪਣੇ ਗੁਨਾਹਾਂ ਦਾ ਇਹਤਰਾਫ਼ ਕਰੇ। ਬਾਦਸ਼ਾਹ ਨੇ ਤੀਜੀ ਵੇਰ ਰੁਮਾਲ ਹਿਲਾਉਣ ਲਈ ਅਜੇ ਹੱਥ ਚੁਕਿਆ ਹੀ ਸੀ ਕਿ ਭੱਜਦੇ ਹੋਏ ਪੈਰਾਂ ਦੀ ਆਵਾਜ਼ ਸੁਣਾਈ ਦਿਤੀ। ਐਨ ਉਸ ਵੇਲੇ ਓਹੀ ਟੱਪਰੀਵਾਸ ਕੁੜੀ ਭੀੜ ਨੂੰ ਚੀਰਦੀ ਹੋਈ ਸੂਲੀ ਵਲ ਵਧੀ। ਬਾਦਸ਼ਾਹ ਦਾ ਹੱਥ ਜਿੰਨਾਂ ਕੁ ਉਚਾ ਹੋਇਆ ਸੀ ਉਥੇ ਦਾ ਉਥੇ ਜੰਮ ਗਿਆ ਅਤੇ ਵਹਿਸ਼ੀ ਆਪੋ ਵਿਚ ਘੁਸਰ-ਮੁਸਰ ਕਰਨ ਲਗ ਪਏ। ਟੱਪਰੀਵਾਸ ਕੁੜੀ ਨੂੰ ਵੇਖ ਕੇ ਗੌਰੀ



Digitized by Panjab Digital Library | www.panjabdigilib.org

ਇਕ-ਵਾਰਗੀ ਚੌਕੰਨਾ ਹੋ ਗਿਆ! ਪਰ ਫੇਰ ਉਸ ਨੂੰ ਕੋਈ ਹੋਸ਼ ਨਾ ਰਹੀ।

"ਕੀ ਤੁਸੀਂ ਇਸ ਆਦਮੀ ਨੂੰ ਸੂਲੀ ਤੇ ਚੜ੍ਹਾਉਣ ਲਗੇ ਹੋ?" ਟੱਪਰੀ-ਵਾਸ ਕੁੜੀ ਨੇ ਬਾਦਸ਼ਾਹ ਨੂੰ ਪੁਛਿਆ।

"ਹਾਂ ਭੈਣ, ਪਰ ਇਕ ਸ਼ਰਤ ਤੇ ਅਸੀਂ ਇਸ ਨੂੰ ਛੱਡ ਸਕਦੇ ਹਾਂ ਜੇ ਤੂੰ ਇਸ ਨੂੰ ਆਪਣਾ ਪਤੀ ਬਣਾ ਲਵੇਂ।" ਬਾਦਸ਼ਾਹ ਨੇ ਕਿਹਾ।

"ਮੈਂ ਬਣਾ ਲਵਾਂਗੀ" ਟੱਪਰੀ ਵਾਸ ਕੁੜੀ ਨੇ ਬਿਨਾਂ ਕੁਝ ਸੋਚਿਆਂ ਝੱਟ ਪੱਟ ਕਹਿ ਦਿਤਾ। ਉਹ ਗੌਰੀ ਦੀ ਕਿਸੇ ਕੀਮਤ ਤੇ ਵੀ ਜਾਨ ਬਚਾਉਣੀ ਚਾਹੁੰਦੀ ਸੀ ਕਿਉਂਕਿ ਉਸੇ ਨੇ ਹੀ ਇਸ ਦੀ ਜੰਗਲ ਵਿਚੋਂ ਆਉਂਦਿਆਂ ਮਦਦ ਕੀਤੀ ਸੀ ਜਦ ਕਿ ਕੁਬੇ ਕ੍ਰੈਦੋ ਤੇ ਉਸ ਦੇ ਸਾਥੀ ਨੇ ਇਸ ਉਤੇ ਵਾਰ ਕੀਤਾ ਸੀ।

ਗੌਰੀ ਦੀਆਂ ਬੇੜੀਆਂ ਉਤਾਰ ਦਿਤੀਆਂ ਗਈਆਂ। ਹੁਣ ਉਹ ਬਿਲ-ਕੁਲ ਆਜ਼ਾਦ ਸੀ। ਵਹਿਸ਼ੀਆਂ ਦਾ ਬਾਦਸ਼ਾਹ ਗੌਰੀ ਦਾ ਹੱਥ ਟੱਪਰੀਵਾਸ ਕੁੜੀ ਦੇ ਹੱਥ ਵਿਚ ਦਿੰਦਾ ਹੋਇਆ ਕਹਿ ਰਿਹਾ ਸੀ:

"ਇਹ ਤੇਰਾ ਪਤੀ ਹੈ, ਭੈਣ।"

## ੬

ਜਦ ਗੌਰੀ ਉਠਿਆ ਤਾਂ ਉਸਨੇ ਆਪਣੇ ਆਪ ਨੂੰ ਇਕ ਪੁਰਾਣੇ ਮਕਾਨ ਵਿਚ ਵੇਖਿਆ। ਟੱਪਰੀ-ਵਾਸ ਕੁੜੀ ਉਸ ਦੇ ਕੋਲ ਬੈਠੀ ਸੀ। ਗੌਰੀ ਨੂੰ ਹੁਣ ਕੋਈ ਦੁਖ ਨਹੀਂ ਸੀ। ਉਸਦੀਆਂ ਅੱਖਾਂ ਅਗੇ ਇਕ ਰੰਗੀਨ ਜੀਵਨ ਦੀ ਝਾਕੀ ਆ ਗਈ। ਟੱਪਰੀਵਾਸ ਕੁੜੀ ਉਸ ਨੂੰ ਪਿਆਰ ਭਰੀਆਂ ਅੱਖਾਂ ਨਾਲ ਤੱਕ ਰਹੀ ਸੀ। ਉਹ ਉਸ ਨੂੰ ਕੁਝ ਕਹਿਣਾ ਚਾਹੁੰਦੀ ਸੀ ਪਰ ਉਸ ਦੇ



Digitized by Panjab Digital Library | www.panjabdigilib.org

ਅੱਖਰ ਬੁਲ੍ਹਾਂ ਤਕ ਆ ਕੇ ਰੁਕ ਜਾਂਦੇ ਸਨ। ਗੌਰੀ ਪੁਰ ਉਸ ਦੀਆਂ ਹੁਸੀਨ ਤੇ ਲਟੋਰ ਅੱਖਾਂ ਨੇ ਪਤਾ ਨਹੀਂ, ਕੀ ਜਾਦੂ ਪਾ ਦਿਤਾ ਸੀ? ਉਹ ਡੂੰਘੀ ਨੀਂਦੇ ਸੌਂ ਜਾਣਾ ਚਾਹੁੰਦਾ ਸੀ।

"ਤੁਸੀ ਏਥੇ ਕਿਵੇਂ ਆ ਗਏ?" ਅਖ਼ੀਰ ਟੱਪਰੀਵਾਸ ਨਾਚੀ ਨੇ ਚੁਪ ਨੂੰ ਤੋੜਦਿਆਂ ਹੋਇਆਂ ਕਿਹਾ।

"ਤੁਹਾਡੀ ਹੀ ਭਾਲ ਵਿਚ" ਗੌਰੀ ਬੋਲਿਆ।

"ਕੀ ਮੇਰੀ ਭਾਲ ਵਿਚ?"

"ਹਾਂ, ਤੁਹਾਡੀ ਹੀ ਭਾਲ ਵਿਚ, ਮੇਰੇ ਜੀਵਨ" ਗੌਰੀ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਡਲ੍ਹਕ ਰਹੇ ਸਨ।

"ਪਰ ਕਿਉਂ?" ਕੁੜੀ ਨੇ ਭੋਲ਼ੇ ਭਾ ਪੁਛਿਆ।

"ਮੈਂ ਤੁਹਾਨੂੰ ਪਿਆਰ ਕਰਦਾ ਹਾਂ।"

"ਪਿਆਰ – ਪਿਆਰ ਕੀ ਹੁੰਦਾ ਏ?"

"ਦੋ ਪਵਿਤਰ ਰੂਹਾਂ ਦੇ ਆਪੋ ਵਿਚ ਮੇਲ ਨੂੰ ਪਿਆਰ ਕਹਿੰਦੇ ਹਨ।"

"ਹੂੰ", ਕੁੜੀ ਨੇ ਅੱਖਾਂ ਮਟਕਾਉਂਦਿਆਂ ਹੋਇਆਂ ਕਿਹਾ, "ਤਾਂ ਤੁਸੀਂ ਮੈਨੂੰ ਪਿਆਰ ਕਰਦੇ ਹੋ?"

"ਹਾਂ, ਆਪਣੇ ਜੀਵਨ ਤੋਂ ਵੀ ਵਧੇਰੇ।"

"ਬਹੁਤ ਅਛਾ" ਕੁੜੀ ਨੇ ਗਲ ਬਾਤ ਜਾਰੀ ਰਖਦਿਆਂ ਹੋਇਆਂ ਕਿਹਾ। "ਆਪ ਦਾ ਨਾਂ......ਅਤੇ ਤੁਸੀਂ, ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ?"

"ਮੇਰਾ ਨਾਂ ਗੌਰੀ ਹੈ ਅਤੇ ਉਹ ਨਾਟਕ ਜਿਹੜਾ ਉਸ ਦਿਨ ਸ਼ਾਹੀ ਰਸਮ ਤੇ ਪੈਲ਼ਸ ਵਿਚ ਖੇਲਿਆ ਜਾ ਚੁਕਾ ਹੈ ਉਹ ਮੇਰਾ ਹੀ ਲਿਖਿਆ ਹੋਇਆ ਸੀ।"

"ਠੀਕ, ਠੀਕ" ਕੁੜੀ ਨੇ ਗਲ ਨੂੰ ਵਿਚੋਂ ਹੀ ਕਟਦਿਆਂ ਹੋਇਆਂ ਕਿਹਾ।

"ਅਤੇ ਮੈਂ ਏਸੇ ਹੀ ਸ਼ਹਿਰ ਦਾ ਵਸਨੀਕ ਹਾਂ।" ਗੌਰੀ ਨੇ ਗਲ ਬਾਤ ਜਾਰੀ ਰਖਦਿਆਂ ਹੋਇਆਂ ਕਿਹਾ, "ਅਤੇ ਆਪ ਦਾ ਸ਼ੁਭ ਨਾਂ?"

"ਮੇਰਾ ਨਾਂ ਅਸਮਰ ਹੈ" ਕੁੜੀ ਨੇ ਉਤਰ ਦਿਤਾ।



Digitized by Panjab Digital Library | www.panjabdigilib.org

ਗੌਰੀ ਕੁਝ ਹੈਰਾਨ ਹੋ ਕੇ ਬੋਲਿਆ – "ਤੇ – ਕੀ ਤੁਸੀਂ ਇਸ ਦੇਸ਼ ਦੇ ਰਹਿਣ ਵਾਲੇ ਹੋ ?"

"ਨਹੀਂ, ਮੇਰਾ ਦੇਸ ਮਿਸਰ ਹੈ"

"ਅਤੇ ਤੁਸੀਂ ਫ਼ਰਾਂਸ ਵਿਚ ਕਦੋਂ ਆਏ ?"

"ਜਦੋਂ ਮੈਂ ਬਿਲਕੁਲ ਛੋਟੀ ਜਹੀ ਸਾਂ" ਕੁੜੀ ਨੇ ਉਤਰ ਦਿਤਾ।

"ਮੈਂ ਕੇਡਾ ਖ਼ੁਸ਼-ਕਿਸਮਤ ਹਾਂ। ਮੇਰੀ ਇਛਾ ਪੂਰੀ ਹੋ ਗਈ ਭਾਵੇਂ ਮੈਨੂੰ ਲਖਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ।"

"ਕੀ ਇਛਾ ਸੀ ਤੁਹਾਡੀ ?" ਕੁੜੀ ਨੇ ਪੁਛਿਆ।

"ਇਹੀ ਕਿ ਤੁਹਾਨੂੰ... ... ਮੇਰੀ ਪਿਅ... ..." ਗੌਰੀ ਨੇ ਪਿਆਰ ਨਾਲ ਉਸ ਵਲ ਤਕਿਆ। ਦੋਵੇਂ ਮੁਸਕਰਾਉਣ ਲਗੇ। ਗੌਰੀ ਨੇ ਕਈ ਵੇਰ ਅਸਮਰ ਦੇ ਹੱਥ ਨੂੰ ਚੁੰਮਿਆਂ।

## ੭

ਨੋਟਰਡੇਮ ਫ਼ਰਾਂਸ ਦੀ ਧਰਤੀ ਵਿਚ ਇਮਾਰਤੀ ਹੁਨਰ ਦਾ ਉਹ ਬੇ-ਮਿਸਾਲ ਨਮੂਨਾ ਹੈ ਜਿਸ ਦਾ ਹਰ ਇਕ ਸਮੇਂ ਵਿਚ ਇਹਤਰਾਮ ਕੀਤਾ ਜਾਏਗਾ। ਕੀ ਇਸ ਲਈ ਕਿ ਉਹ ਗਿਰਜਾ ਹੈ ? ਹਾਂ ਇਹ ਕਾਰਨ ਵੀ ਹੋਵੇਗਾ ਪਰ ਸਭ ਤੋਂ ਵਡੀ ਖ਼ੂਬੀ ਜਿਸ ਨੇ ਇਸ ਨੂੰ ਪੂਜਾ ਦੇ ਲਾਇਕ ਬਣਾਂ ਦਿਤਾ ਹੈ ਉਹ ਇਹ ਹੈ ਕਿ ਉਨ੍ਹਾਂ ਰਾਜਾਂ ਨੇ, ਜਿਨ੍ਹਾਂ ਦੀਆਂ ਹਡੀਆਂ ਸਮੇਂ ਦੇ ਗੇੜ ਨੇ ਪੀਸ ਕੇ ਮਿਟੀ ਬਣਾ ਦਿਤੀਆਂ ਹਨ ਉਨ੍ਹਾਂ ਦੇ ਅਮਰ ਹੁਨਰ ਨੇ ਇਸ ਨੂੰ ਬਹੁਤ ਹੀ ਉਚਾ ਬਣਾ ਦਿਤਾ ਹੈ। ਭਾਵੇਂ ਉਹ ਇਸ ਵੇਲੇ ਸਾਡੀਆਂ ਅੱਖਾਂ ਸਾਹਮਣੇ ਮੌਜੂਦ ਨਹੀਂ ਪਰ ਉਨ੍ਹਾਂ ਦਾ ਹੁਨਰ ਅਜੇ ਤਕ ਸਾਡੀ



Digitized by Panjab Digital Library | www.panjabdigilib.org

ਦੁਨੀਆ ਤੇ ਸਾਡੇ ਸਮੇਂ ਵਿਚ ਸਾਹ ਲੈ ਰਿਹਾ ਹੈ ਅਤੇ ਸਾਥੋਂ ਸਦੀਆਂ ਤਕ ਪਿਛੋਂ ਵੀ ਇਹ ਹੁਨਰ ਜੀਊਂਦਾ ਰਹੇਗਾ ।

ਸਾਡੀ ਇਸ ਕਹਾਣੀ ਦੇ ਸ਼ੁਰੂ ਹੋਣ ਤੋਂ ਸੋਲ੍ਹਾ ਸਾਲ ਪਹਿਲੇ ਐਤਵਾਰ ਦੀ ਇਕ ਸ਼ਾਮ ਨੂੰ ਇਕ ਅਜੀਬ ਜਿਹਾ ਮੁੰਡਾ ਸੰਤ-ਜੀਵਨ ਬਤੀਤ ਕਰਨ ਲਈ ਨੋਟਰਡੈਮ ਵਿਚ ਦਾਖ਼ਲ ਹੋਇਆ । ਇਹ ਐਤਵਾਰ ਈਸਟਰ ਦਾ ਪਹਿਲਾ ਐਤਵਾਰ ਸੀ । ਉਸ ਜ਼ਮਾਨੇ ਦੇ ਲੋਕੀਂ ਉਸਨੂੰ ਕੈਦੋ ਮੋਡੀ ਐਤਵਾਰ ਕਹਿੰਦੇ ਸਨ ਇਸ ਲਈ ਉਸ ਅਜੀਬ ਸ਼ਕਲ ਵਾਲੇ ਮੁੰਡੇ ਦਾ ਨਾਂ ਵੀ ਕੈਦੋਮੋਡੀ ਹੀ ਰਖ ਦਿਤਾ ਗਿਆ ।

ਇਹ ਮੁੰਡਾ ਮਨੁੱਖੀ ਬਚਿਆਂ ਦੀ ਸ਼ਕਲ ਸੂਰਤ ਨਾਲੋਂ ਬਿਲਕੁਲ ਅਲ੍ਹਿਦਾ ਸੀ । ਉਸ ਦੀ ਪਿਠ ਤੇ ਕੁਬ ਜਿਹਾ ਉਭਰਿਆ ਹੋਇਆ ਸੀ । ਉਸ ਦੇ ਕੰਨ ਬਹੁਤ ਹੀ ਬੇ-ਡੌਲ ਤੇ ਲੰਮੇ ਸਨ । ਉਸ ਦਾ ਸਰੀਰ ਬਹੁਤ ਹੀ ਭੱਦਾ ਪਰ ਮਜ਼ਬੂਤ ਸੀ ਅਤੇ ਉਸ ਦਾ ਚਿਹਰਾ ਜੰਗਲੀ ਮਹਿਰੂ ਨਾਲ ਬਿਲਕੁਲ ਮਿਲਦਾ ਜੁਲਦਾ ਸੀ । ਇਸ ਲਈ ਲੋਕੀਂ ਉਸਤੋਂ ਬਹੁਤ ਡਰਦੇ ਸਨ । ਬਚੇ ਤੇ ਇਸਤ੍ਰੀਆਂ ਡਰ ਦੇ ਮਾਰੇ ਉਸ ਦੇ ਕੋਲ ਨਹੀਂ ਸਨ ਢੁਕਦੇ, ਕਿਉਂਕਿ ਉਸ ਦੀਆਂ ਅੰਗਿਆਰਾਂ ਵਾਂਗੂੰ ਭਖਦੀਆਂ ਅੱਖਾਂ ਤੇ ਕੁਬ ਤੋਂ ਬਹੁਤ ਡਰ ਲਗਦਾ ਸੀ । ਓਹੀ ਕੈਦੋ ਜਿਸ ਤੋਂ ਦੁਨੀਆ ਏਨੀ ਡਰਦੀ ਸੀ, ਆਪਣੇ ਉਸਤਾਦ ਫਰਲੋ, ਜਿਸ ਨੇ ਉਸ ਨੂੰ ਲਿਖਣਾ ਪੜ੍ਹਨਾ ਸਿਖਾਇਆ ਸੀ, ਅਤੇ ਉਸ ਨੂੰ ਮਨੁੱਖੀ ਸਭਿਅਤਾ ਤੇ ਰਹਿਣੀ ਬਹਿਣੀ ਤੋਂ ਜਾਣੂ ਕਰਾਇਆ ਸੀ, ਤੋਂ ਏਨਾ ਕੰਬਦਾ ਸੀ ਕਿ ਉਸ ਦੇ ਪੈਰਾਂ ਦਾ ਖੜਾਕ ਸੁਣ-ਦਿਆਂ ਹੀ ਕਿਧਰੇ ਲੁਕ ਜਾਂਦਾ ਸੀ । ਕੈਦੋ ਦਾ ਉਸਤਾਦ ਜਦ ਕਿਧਰੇ ਬਾਹਰ ਜਾਂਦਾ ਸੀ ਤਾਂ ਉਹ ਬਿਨਾਂ ਕਿਸੇ ਰਸੀ ਜਾਂ ਪੌੜੀ ਦੀ ਸਹਾਇਤਾ ਤੋਂ ਨੋਟਰ-ਡੈਮ ਦੇ ਆਕਾਸ਼ ਨੂੰ ਛੂਹੰਦੇ ਮੁਨਾਰੇ ਤੇ ਚੜ੍ਹ ਜਾਂਦਾ ਅਤੇ ਘੜਿਆਲ ਨਾਲ ਲਟਕ ਕੇ ਪੀਂਘ ਝੂਟਦਾ ਹੁੰਦਾ ਸੀ । ਘੜਿਆਲ ਦੀ ਆਵਾਜ਼ ਸੁਣ ਕੇ ਰਾਹ ਜਾਂਦੇ ਲੋਕੀਂ ਉਸ ਨੂੰ ਵੇਖਣ ਲਈ ਖੜੋ ਜਾਂਦੇ । ਉਹ ਉਚੇ ਮੁਨਾਰੇ ਤੇ



Digitized by Panjab Digital Library | www.panjabdigilib.org

ਚੜ੍ਹਿਆ ਸੜਕ ਤੇ ਖੜੋਤੇ ਲੋਕਾਂ ਨੂੰ ਦੇਖਕੇ (ਜਿਹੜੇ ਉਸ ਨੂੰ ਕੀੜੀਆਂ ਕਾਢੇ ਦਿਖਾਈ ਦੇਂਦੇ ਸਨ) ਬਹੁਤ ਖ਼ੁਸ਼ ਹੁੰਦਾ ਸੀ ਅਤੇ ਘੜਿਆਲ ਨਾਲ ਲਟਕ ਕੇ ਨਿਧੜਕ ਸ਼ੋਰੂ ਬੰਦ ਕਢਦਾ ਸੀ। ਇਹ ਉਸ ਦਾ ਰੋਜ਼ ਦਾ ਨੇਮ ਸੀ। ਉਹ ਘੜਿਆਲਾਂ ਦੀਆਂ ਆਵਾਜ਼ਾਂ ਦਾ ਬੜਾ ਸ਼ੁਕੀਨ ਸੀ। ਇਥੋਂ ਤਕ ਕਿ ਹਰ ਵੇਲੇ ਘੜਿਆਲਾਂ ਦਾ ਖੜਾਕ ਸੁਣ ਸੁਣ ਕੇ ਉਸ ਦੇ ਕੰਨ ਵੀ ਬੋਲੇ ਹੋ ਗਏ ਸਨ। ਤਾਂ ਵੀ ਉਹ ਉਨ੍ਹਾਂ ਦੀ ਆਵਾਜ਼ ਨੂੰ ਬੜੀ ਚਾਹ ਨਾਲ ਸੁਣਦਾ। ਗਿਰਜੇ ਦੇ ਘੜਿਆਲ ਦਾ ਇਹ ਭੱਦਾ ਖੜਾਕ ਉਸ ਦਾ ਸੰਗੀਤ ਸੀ ਜਿਸ ਨਾਲ ਉਹ ਆਪਣਾ ਜੀ ਪਰਚਾਉਂਦਾ ਹੁੰਦਾ ਸੀ। ਲੋਕੀਂ ਉਸ ਨੂੰ ਘੜਿਆਲੀ ਵੀ ਕਹਿੰਦੇ ਸਨ।

ਰਾਤ ਨੂੰ ਜਦ ਕਾਫ਼ੀ ਹਨੇਰਾ ਹੋ ਜਾਂਦਾ ਤਾਂ ਉਹ ਆਪਣੀ ਕਾਲੀ ਬਿਲੀ ਨੂੰ ਬਗ਼ਲ ਵਿਚ ਲੈ ਕੇ ਗਿਰਜੇ ਤੋਂ ਬਾਹਰ ਨਿਕਲਦਾ ਅਤੇ ਭੁਲੇ ਭਟਕੇ ਰਾਹੀਆਂ ਨੂੰ ਆਪਣੀ ਸ਼ਕਲ ਵਿਖਾ ਕੇ ਡਰਾਉਂਦਾ ਸੀ। ਇਸ ਦੇ ਪਿਛੋਂ ਜਦ ਲਾਗਲੇ ਘਰਾਂ ਵਾਲੇ ਲੋਕੀਂ ਬਤੀਆਂ ਬੁਝਾ ਕੇ ਗੂੜ੍ਹੀ ਨੀਂਦ ਵਿਚ ਮਸਤ ਹੋ ਜਾਂਦੇ ਤਾਂ ਉਹ ਕੰਧਾਂ ਥਾਣੀ ਕੋਠਿਆਂ ਤੇ ਚੜ੍ਹ ਜਾਂਦਾ ਅਤੇ ਬਾਰੀਆਂ ਥਾਣੀ ਅੰਦਰ ਝਾਕ ਕੇ ਜ਼ੋਰ ਜ਼ੋਰ ਦੀ ਅੜਿੰਗਦਾ ਸੀ। ਵਿਚਾਰੇ ਸੌਣ ਵਾਲੇ ਜਾਗ ਪੈਂਦੇ ਪਰ ਫੇਰ ਉਸ ਤੋਂ ਡਰਦੇ ਕੁਝ ਨਾ ਕਹਿੰਦੇ। ਲੋਕੀਂ ਉਸਨੂੰ ਭੂਤ ਵੀ ਸਦਦੇ ਸਨ।

ਇਸ ਤੋਂ ਬਿਨਾਂ ਜਦ ਤੜਕਸਾਰ ਮਜ਼ਦੂਰ ਲੋਕ ਉਠ ਕੇ ਆਪਣੇ ਕੰਮ ਧੰਦੇ ਤੇ ਆਉਂਦੇ ਸਨ ਤਾਂ ਉਹ ਕਾਰਖ਼ਾਨੇ ਦੇ ਮੁਨਾਰੇ ਤੇ ਇਕ ਕੁਬੇ ਦਿਓ ਨੂੰ ਬੜੀ ਕਾਹਲੀ ਕਾਹਲੀ ਇਸ ਤਰ੍ਹਾਂ ਚੜ੍ਹਦਾ ਵੇਖਦੇ ਸਨ ਜਿਵੇਂ ਕੋਈ ਕਿਰਲੀ ਕੰਧ ਤੇ ਤੁਰੀ ਜਾਂਦੀ ਹੈ। ਪਹਿਲੇ ਤਾਂ ਉਹ ਹਨੇਰੇ ਵਿਚ ਪਛਾਤਾ ਨਾ ਜਾਂਦਾ ਪਰ ਜਦ ਕੋਲ ਜਾ ਕੇ ਤਕਦੇ ਤਾਂ ਉਹ ਨੋਟਰਡੈਮ ਦਾ ਕੁਬਾ ਕੈਦੋ ਹੁੰਦਾ ਸੀ। ਲੋਕਾਂ ਨੂੰ ਸ਼ੱਕ ਸੀ ਕਿ ਉਹ ਮਨੁੱਖੀ ਰੂਪ ਵਿਚ ਕੋਈ ਜਿੰਨ ਹੈ



Digitized by Panjab Digital Library | www.panjabdigilib.org

ਨਹੀਂ ਤਾਂ ਅਜਿਹਾ ਕਰਨਾ ਘਟੋ ਘਟ ਮਨੁਖੀ ਤਾਕਤ ਤੋਂ ਬਾਹਰ ਹੈ ਅਤੇ ਨਾਲੇ ਅਜਿਹਾ ਡਰਾਉਣਾ ਚਿਹਰਾ ਕਿਸੇ ਮਨੁਖ ਦਾ ਤਾਂ ਨਹੀਂ ਹੋ ਸਕਦਾ। ਇਹ ਜ਼ਰੂਰ ਕੋਈ ਜਿੰਨ ਭੂਤ ਹੋਵੇਗਾ।

## ੮

ਇਸ ਤੋਂ ਪਹਿਲੇ ਕਿ ਅਸੀਂ ਗੌਰੀ ਤੇ ਅਸਮਰ ਬਾਰੇ ਕੁਝ ਲਿਖੀਏ, ਪਾਠਕਾਂ ਨੂੰ ਇਹ ਦੱਸ ਦੇਣਾ ਜ਼ਰੂਰੀ ਸਮਝਦੇ ਹਾਂ ਕਿ ਕੈਦੋ ਨੂੰ ਅਸਮਰ ਤੇ, ਰਾਤ ਦੇ ਹਨੇਰੇ ਵਿਚ ਹਲਾ ਕਰਨ ਦੇ ਦੋਸ਼ ਵਿਚ ਅਦਾਲਤ ਵਲੋਂ ਇਕ ਘੰਟਾ ਤਕ ਲੋਕਾਂ ਦੇ ਸਾਹਮਣੇ ਕੋਰੜੇ ਮਾਰਨ ਦਾ ਹੁਕਮ ਹੋਇਆ ਅਤੇ ਕਪ-ਤਾਨ ਫੀਬਸ (ਜਿਸ ਨੇ ਆਪਣੇ ਸੋਲਾਂ ਸਾਥੀਆਂ ਸਮੇਤ ਉਸਨੂੰ ਫੜਿਆ ਸੀ) ਦੀ ਹਿੰਮਤ ਤੇ ਦਲੇਰੀ ਦੀ ਸ਼ਲਾਘਾ ਕੀਤੀ ਗਈ। ਹੁਣ ਕੈਦੋ ਦੇ ਖ਼ਿਲਾਫ਼ ਲੋਕਾਂ ਦੇ ਦਿਲਾਂ ਵਿਚ ਨਫ਼ਰਤ ਪੈਦਾ ਹੋ ਗਈ।

ਦੂਜੇ ਦਿਨ ਨੌਂ ਵਜੇ ਗਿਰਊ ਦੇ ਮੈਦਾਨ ਵਿਚ ਟਿਕਟਿਕੀ ਗੱਡ ਦਿਤੀ ਗਈ ਅਤੇ ਲੋਕੀਂ ਆਪਣੇ ਨਵੇਂ ਪਾਦਰੀ ਕੈਦੋ ਦੀ ਪਿਠ ਤੇ ਕੋਰੜੇ ਪੈਣ ਦਾ ਤਮਾਸ਼ਾ ਵੇਖਣ ਲਈ ਇਕਠੇ ਹੋਣੇ ਸ਼ੁਰੂ ਹੋ ਗਏ। ਦੁਪਹਿਰ ਤਕ ਮੈਦਾਨ ਵਿਚ ਏਨੇ ਲੋਕੀਂ ਇਕੱਠੇ ਹੋ ਗਏ ਕਿ ਉਥੇ ਤਿਲ ਸੁਟਣ ਨੂੰ ਵੀ ਥਾਂ ਬਾਕੀ ਨਹੀਂ ਸੀ।

ਅੰਤ ਉਹ ਵੇਲਾ ਵੀ ਆ ਗਿਆ ਜਦ ਕੈਦੋ ਨੂੰ ਟਿਕਟਿਕੀ ਤੇ ਲਿਆਂਦਾ ਗਿਆ। ਉਸ ਦੇ ਹੱਥ ਸੰਗਲੀਆਂ ਨਾਲ ਜਕੜੇ ਹੋਏ ਸਨ ਅਤੇ ਪੈਰਾਂ ਵਿਚ ਭਾਰੀਆਂ ਭਾਰੀਆਂ ਬੇੜੀਆਂ ਪਈਆਂ ਹੋਈਆਂ ਸਨ। ਕੈਦੋ ਦੇ ਆਉਂਦਿਆਂ



Digitized by Panjab Digital Library | www.panjabdigilib.org

ਹੀ ਲੋਕਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹੋਣ ਲਗ ਪਈਆਂ ਅਤੇ ਕਈਆਂ ਨੇ ਉਸ ਉਤੇ ਬੇ-ਹੂਦਾ ਆਵਾਜ਼ੇ ਵੀ ਕਸੇ ਪਰ ਉਹ ਚੁਪ ਚਾਪ ਆਪਣੇ ਖ਼ਿਆਲਾਂ ਵਿਚ ਮਗਨ ਟਿਕਟਿਕੀ ਵਲ ਵੱਧਦਾ ਜਾ ਰਿਹਾ ਸੀ। ਟਿਕਟਿਕੀ ਕੋਲ ਪੁਜਣ ਤੇ ਕੈਦੋ ਨੂੰ ਇਕ ਮੋਟੇ ਸੰਗਲ ਨਾਲ ਟਿਕਟਿਕੀ ਨਾਲ ਬੰਨ੍ਹ ਦਿਤਾ ਗਿਆ। ਲੋਕਾਂ ਨੇ ਹਾ ਹਾ – ਹੂ ਹੂ ਦੇ ਰੌਲੇ ਨਾਲ ਅਸਮਾਨ ਸਿਰ ਤੇ ਚੁਕ ਲਿਆ। ਏਨੇ ਨੂੰ ਇਕ ਬੁਢਾ ਇਕ ਪਾਸਿਓਂ ਟਿਕਟਿਕੀ ਵਲ ਵਧਿਆ ਅਤੇ ਦੋਸ਼ੀ ਤੋਂ ਥੋੜਾ ਪਰੇ ਆ ਖਲੋਤਾ। ਉਸ ਦੇ ਹੱਥ ਵਿਚ ਇਕ ਸ਼ੀਸ਼ਾ ਸੀ ਜਿਸ ਦੇ ਇਸ਼ਾਰੇ ਤੇ ਜਲਾਦ ਨੇ ਸਜ਼ਾ ਦਾ ਅਰੰਭ ਤੇ ਅੰਤ ਕਰਨਾ ਸੀ। ਇਸ ਆਦਮੀ ਦੇ ਆਉਂਦਿਆਂ ਹੀ ਭੀੜ ਵਿਚੋਂ ਉਠਦੀਆਂ ਆਵਾਜ਼ਾਂ ਚੁਪ ਹੋ ਗਈਆਂ। ਸਾਰੇ ਵਾਯੂ-ਮੰਡਲ ਵਿਚ ਮੌਤ ਵਰਗੀ ਚੁਪ ਵਰਤ ਗਈ ਅਤੇ ਲੋਕੀਂ ਬੇ-ਸਬਰੀ ਨਾਲ ਸਜ਼ਾ ਦੀ ਉਡੀਕ ਕਰਨ ਲਗ ਪਏ। ਹੁਣ ਢਿਲ ਕੇਵਲ ਏਨੀ ਹੀ ਸੀ ਕਿ ਟਿਕਟਿਕੀ ਕੋਲ ਖੜੋਤਾ ਅਫਸਰ ਸ਼ੀਸ਼ੇ ਨਾਲ ਇਸ਼ਾਰਾ ਕਰੇ ਅਤੇ ਜਲਾਦ ਆਪਣਾ ਕੰਮ ਅਰੰਭ ਦੇਣ।

ਇਕ ਵਾਰਗੀ ਹੀ ਵਾਯੂ-ਮੰਡਲ ਵਿਚ ਅਨ-ਗਿਣਤ ਲਿਟਾਂ ਵਾਲੇ ਕੋਰੜੇ ਦੀ ਸੁਨਸਨਾਹਟ ਗੂੰਜੀ। ਜਲਾਦ ਆਪਣੇ ਸਾਰੇ ਬਲ ਨਾਲ ਕੁਬੇ ਕੈਦੋ ਦੀ ਪਿਠ ਤੇ ਕੋਰੜੇ ਟਿਕਾ ਰਿਹਾ ਸੀ। ਭੀੜ ਵਿਚੋਂ ਖਿਲਖਿਲੀਆਂ ਤੇ ਤਾੜੀਆਂ ਦੀਆਂ ਆਵਾਜ਼ਾਂ ਗੂੰਜ ਰਹੀਆਂ ਸਨ। ਪਰ ਨੋਟਰਡੈਮ ਦਾ ਕੁਬਾ ਦੇਓ ਬੜੇ ਧੀਰਜ ਨਾਲ ਅਡੋਲ ਖੜੋਤਾ ਸੀ ਤੇ ਉਸਦੀਆਂ ਅੱਖਾਂ ਬੰਦ ਸਨ।

"ਜ਼ਰਾ ਜ਼ੋਰ ਨਾਲ – ਇਹ ਬੇਲਾ ਕੁਬਾ ਦੇਓ ਬਹੁਤ ਤਕੜਾ ਹੈ" ਇਕ ਬੁਢੜਾ ਭੀੜ ਵਿਚੋਂ ਹੀ ਬੋਲਿਆ।

"ਕੀ ਇਸ ਨੂੰ ਖੱਸੀ ਕਰ ਰਹੇ ਹੋ?" ਇਕ ਸ਼ੋਖ਼ ਜਿਹੀ ਕੁੜੀ ਭੀੜ ਵਿਚ ਹੱਥ ਨੂੰ ਉਤਾਂਹ ਉਲਾਰਦਿਆਂ ਹੋਇਆਂ ਕਿਹਾ।

"ਹੂੰ, ਹੋਰ ਜ਼ੋਰ ਨਾਲ। ਇਸਨੇ ਸਾਡੀ ਨੀਂਦ ਹਰਾਮ ਕਰ ਰਖੀ ਸੀ।" ਇਹ ਇਕ ਬੁਢੇ ਪਾਦਰੀ ਦੀ ਆਵਾਜ਼ ਸੀ ਜਿਸ ਦਾ ਸਿਰ ਮੁਨਿਆਂ ਹੋਇਆ ਸੀ ਅਤੇ ਖਾਖਾਂ ਅੰਦਰ ਨੂੰ ਪਿਚਕੀਆਂ ਹੋਈਆਂ ਸਨ।



Digitized by Panjab Digital Library | www.panjabdigilib.org

"ਕੀ ਹੁਣ ਵੀ ਨੋਟਰਡੈਮ ਦੇ ਮੁਨਾਰੇ ਤੇ ਚੜ੍ਹ ਕੇ, ਸਾਨੂੰ ਘੂਰਕੀਆਂ ਲੈ ਕੇ ਵੇਖੇਂਗਾ ?" ਇਕ ਇਸਤ੍ਰੀ ਬੋਲੀ ਅਤੇ ਫੇਰ ਨਫ਼ਰਤ ਨਾਲ ਵਿੰਗਾ ਜਿਹਾ ਮੂੰਹ ਬਣਾ ਕੇ ਜ਼ਮੀਨ ਤੇ ਥੁਕ ਦਿਤਾ।

"ਕਿਉਂ ਬਚੂ, ਨਾਨੀ ਚੇਤੇ ਆਈ ਏ ਕਿ ਨਹੀਂ ?" ਇਕ ਅਲੂਆਂ ਜਿਹਾ ਛੋਕਰਾ ਜਿਹੜਾ ਇਕ ਬੁਢੇ ਦੇ ਮੋਢਿਆਂ ਤੇ ਚੜ੍ਹਿਆ ਹੋਇਆ ਸੀ, ਬੋਲਿਆ।

ਇਨ੍ਹਾਂ ਆਵਾਜ਼ਾਂ ਨੇ ਜਲਾਦ ਦਾ ਹੌਸਲਾ ਹੋਰ ਵੀ ਵਧਾ ਦਿਤਾ ਅਤੇ ਉਹ ਸਾਰੇ ਜ਼ੋਰ ਨਾਲ ਕੋਰੜੇ ਮਾਰਨ ਲਗਾ।

"ਪਾਣੀ... ...ਪਾਣੀ" ਵਿਚਾਰਾ ਕੈਦੋ ਬੇਹੋਸ਼ੀ ਦੀ ਹਾਲਤ ਵਿਚ ਬੋਲਿਆ।

"ਹੁਣ ਪਾਣੀ ਮੰਗਦਾ ਹੈ ਕੁਬਾ ਸ਼ੈਤਾਨ, ਹਾ ਹਾ – ਹਾ ਹਾ ..." ਇਕ ਬੁਢੜਾ ਜਿਹੜਾ ਖੋਤੇ ਤੇ ਚੜ੍ਹਿਆ ਹੋਇਆ ਸੀ ਇਹ ਕਹਿੰਦਾ ਹੋਇਆ ਟਿਕ-ਟਿਕੀ ਦੇ ਕੋਲੋਂ ਦੀ ਲੰਘਿਆ।

"ਪਾਣੀ,... ... ...ਪਾਣੀ" ਨੇ ਦੁਬਾਰਾ ਕਿਹਾ।

"ਲੈ ਰੱਜ ਕੇ ਪੀ ਪਾਣੀ" ਇਕ ਇਸਤ੍ਰੀ ਨੇ ਇਟ ਉਸ ਉਤੇ ਸੁਟਦਿਆਂ ਹੋਇਆਂ ਕਿਹਾ।

"ਮਰ ਲੈਣ ਦਿਓ ਇਸ ਨੂੰ ਤ੍ਰਿਹਾਇਆ। ਇਹ ਉਹੀ ਮਨਹੂਸ ਹੈ ਜਿਸ ਦੀ ਸ਼ਕਲ ਮੇਰੀ ਵਹੁਟੀ ਨੇ ਗਰਭ ਦੇ ਦਿਨਾਂ ਵਿਚ ਵੇਖੀ ਸੀ ਤੇ ਦੋ ਸਿਰਾਂ ਵਾਲੇ ਬਚੇ ਨੂੰ ਜਨਮ ਦਿਤਾ।" ਇਹ ਅਖਰ ਉਸ ਆਦਮੀ ਦੇ ਸਨ ਜਿਹੜਾ ਥਾਂ ਨਾ ਹੋਣ ਕਰਕੇ ਇਕ ਲੱਤ ਦੇ ਭਾਰ ਖੜੋਤਾ ਮੂਲੀ ਖਾ ਰਿਹਾ ਸੀ। ਸਾਰੇ ਲੋਕੀਂ ਖ਼ੁਸ਼ੀ ਨਾਲ 'ਹਾ – ਹਾ' ਕਰ ਰਹੇ ਸਨ ਅਤੇ ਕੈਦੋ ਤੇ ਇਟਾਂ ਪਥਰਾਂ ਦਾ ਮੀਂਹ ਵਰ੍ਹਾ ਰਹੇ ਸਨ। ਜਲਾਦ ਦੇ ਕੋਰੜੇ ਹਵਾ ਵਿਚ ਸ਼ੂਕਦੇ ਹੋਏ ਕੁਬੇ ਦੀ ਪਿਠ ਤੇ ਪੈ ਰਹੇ ਸਨ ਅਤੇ ਉਹ ਟਿਕਟਿਕੀ ਨਾਲ ਬਧਾ ਹੋਇਆ ਮਛੀ ਵਾਂਗ ਤੜਫ਼ ਰਿਹਾ ਸੀ।

"ਪਾਣੀ ... ...ਆਹ... ... ਪਾਣੀ" ਕੈਦੋ ਨੇ ਦਰਦ ਭਰੀ ਆਵਾਜ਼ ਵਿਚ ਫੇਰ ਪਾਣੀ ਮੰਗਿਆ। ਜਲਾਦ ਨੇ ਇਸ ਦੇ ਉਤਰ ਵਿਚ ਇਕ ਅਜਿਹਾ ਕੋਰੜਾ ਮਾਰਨ ਲਈ ਹੱਥ ਚੁਕਿਆ ਜਿਹੜਾ ਪਹਿਲਿਆਂ ਨਾਲੋਂ ਵਧੇਰੇ ਸਖ਼ਤ



Digitized by Panjab Digital Library | www.panjabdigilib.org

ਸੀ। ਪਰ ਉਸ ਆਦਮੀ ਨੇ ਜਿਹੜਾ ਹੱਥ ਵਿਚ ਸ਼ੀਸ਼ਾ ਲਈ ਖੜੋਤਾ ਸੀ ਜਲਾਦ ਨੂੰ ਹੱਥ ਰੋਕ ਲੈਣ ਦਾ ਇਸ਼ਾਰਾ ਕੀਤਾ ਕਿਉਂਕਿ ਸਜ਼ਾ ਦਾ ਵਕਤ ਹੋ ਚੁਕਾ ਸੀ। ਐਨ ਉਸ ਵੇਲੇ ਭਜਦੇ ਹੋਏ ਪੈਰਾਂ ਦਾ ਖੜਾਕ ਸੁਣਾਈ ਦਿਤਾ ਅਤੇ ਟੱਪਰੀਵਾਸ ਕੁੜੀ ਅਸਮਰ ਜਿਸ ਤੇ ਹਲਾ ਕਰਨ ਦੇ ਦੋਸ਼ ਵਿਚ ਕੈਦੋ ਨੂੰ ਸਜ਼ਾ ਦਿਤੀ ਜਾ ਰਹੀ ਸੀ, ਇਕ ਹੱਥ ਵਿਚ ਤੰਬੂਰਾ ਤੇ ਦੂਜੇ ਹੱਥ ਵਿਚ ਬਕਰੀ ਦੀ ਰਸੀ ਫੜੀ, ਲੋਕਾਂ ਦੀਆਂ ਕਤਾਰਾਂ ਚੀਰਦੀ ਹੋਈ ਟਿਕਟਿਕੀ ਦੇ ਕੋਲ ਆਈ। ਇਸ ਵੇਲੇ ਕੁਬੇ ਦਿਓ ਦੀਆਂ ਸੰਗਲੀਆਂ ਲਾਹੀਆਂ ਜਾ ਰਹੀਆਂ ਸਨ ।

"ਪਾਣੀ" ਕੈਦੋ ਨੇ ਬੇਹੋਸ਼ੀ ਦੀ ਹਾਲਤ ਵਿਚ ਫੇਰ ਪਾਣੀ ਮੰਗਿਆ। ਉਸ ਦੇ ਬੁਲ੍ਹ ਇਸ ਤਰ੍ਹਾਂ ਲੜਖੜਾ ਰਹੇ ਸਨ ਜਿਵੇਂ ਪੌਣ ਦੇ ਝੋਲੇ ਨਾਲ ਪਤੇ ਕੰਬਦੇ ਹਨ।

ਅਸਮਰ ਨੇ ਝੋਲੇ ਵਿਚੋਂ ਬੋਤਲ ਕੱਢੀ ਅਤੇ ਆਪਣੇ ਦੋਸ਼ੀ ਦੇ ਸੁਕੇ ਹੋਏ ਬੁਲ੍ਹਾਂ ਨੂੰ ਲਾ ਦਿਤੀ। ਕੈਦੋ ਦੇ ਪਿਆਸ ਨਾਲ ਤੜਫਦੇ ਬੁਲ੍ਹ ਇਕ-ਵਾਰਗੀ ਇਸ ਤਰ੍ਹਾਂ ਮੁਸਕਰਾਏ ਜਿਸ ਤਰ੍ਹਾਂ ਮੀਂਹ ਦਾ ਪਹਿਲਾ ਛਰਾਟਾ ਪੈਣ ਨਾਲ ਧਰਤੀ ਦਾ ਜ਼ਰਾ ਜ਼ਰਾ ਖਿੜ ਉਠਦਾ ਹੈ। ਉਸਨੇ ਅੱਖਾਂ ਖੋਲ੍ਹ ਦਿਤੀਆਂ...... ਉਹ ਠਠੰਬਰ ਕੇ ਰਹਿ ਗਿਆ। ਉਸਦੀਆਂ ਨਜ਼ਰਾਂ ਪਲਕ ਲਈ, ਹਾਂ ਕੇਵਲ ਇਕੋ ਪਲਕ ਲਈ ਅਸਮਰ ਦੀਆਂ ਨਜ਼ਰਾਂ ਨਾਲ ਮਿਲੀਆਂ ਤੇ ਫੇਰ ਝੁਕ ਗਈਆਂ। ਪਤਾ ਨਹੀਂ ਕਿਉਂ ? ਉਸ ਦੀਆਂ ਗਲ੍ਹਾਂ ਜਿਨ੍ਹਾਂ ਤੇ ਕੁਝ ਚਿਰ ਪਹਿਲੇ ਪਿਲੱਤਣ ਛਾਈ ਹੋਈ ਸੀ ਅੰਗਿਆਰ ਵਾਂਗ ਭੱਖ ਉਠੀਆਂ। ਦਰਦ ਦੀਆਂ ਲਹਿਰਾਂ ਜਿਨ੍ਹਾਂ ਨੇ ਸਮੁੰਦਰ ਦੀ ਤਹਿ ਵਾਂਗ ਉਸ ਨੂੰ ਬੇਚੈਨ ਕਰ ਦਿਤਾ ਸੀ, ਹੁਣ ਉਠਣੀਆਂ ਬੰਦ ਹੋ ਗਈਆਂ। ਉਸਦੀਆਂ ਡਰਾਉਣੀਆਂ ਅੱਖਾਂ ਜਿਨ੍ਹਾਂ ਵਿਚੋਂ ਮਾਯੂਸੀ ਦੀ ਝਲਕ ਪੈ ਰਹੀ ਸੀ ਹੁਣ ਫੇਰ ਚਮਕ ਉਠੀਆਂ। ਲੋਕੀਂ ਹੈਰਾਨ ਸਨ।

ਕੁਝ ਕੁ ਪਲਾਂ ਤਕ ਕੈਦੋ ਕਿਸੇ ਅੰਦਰਲੀ ਪੀੜ ਕਰ ਕੇ ਚੁਪ ਰਿਹਾ ਅਤੇ ਅਸਮਰ ਉਸ ਵਲ ਗਹੁ ਨਾਲ ਤਕਦੀ ਰਹੀ। ਇਸ ਦੇ ਪਿਛੋਂ ਕੈਦੋ ਨੇ



Digitized by Panjab Digital Library | www.panjabdigilib.org

ਅਸਮਰ ਦਾ ਹੱਥ ਚੁੰਮਣ ਲਈ ਹੱਥ ਵਧਾਇਆ ਪਰ ਅਸਮਰ ਨੇ ਆਪਣਾ ਹੱਥ ਇਕ ਪਾਸੇ ਹਟਾ ਲਿਆ।

ਉਹ ਘਬਰਾ ਜਿਹਾ ਗਿਆ ਅਤੇ ਚਾਹੁੰਦਾ ਸੀ ਕਿ ਅਸਮਰ ਨੂੰ ਆਪਣਾ ਪਿਆਰ ਜਤਲਾਏ ਪਰ ਉਸਦੀਆਂ ਨਜ਼ਰਾਂ ਉਨ੍ਹਾਂ ਲੋਕਾਂ ਤੇ ਸਨ ਜਿਹੜੇ ਅਸਸਰ ਦੇ ਖ਼ਿਲਾਫ਼ ਬਦਲੇ ਦਾ ਜਜ਼ਬਾ ਲਈ ਹੌਲੇ ਹੌਲੇ ਖਿੰਡਰਦੇ ਜਾ ਰਹੇ ਸਨ।

੯

ਨੌਟਰਡੈਮ ਦੇ ਉਚੇ ਮੁਨਾਰੇ ਵਿਚ ਇਕ ਕੋਠੜੀ ਸੀ ਜਿਹੜੀ ਧਰਤੀ ਤੋਂ ਕਰੀਬ ਕਰੀਬ ਤੀਹ ਕੁ ਫ਼ੁਟ ਉਚੀ ਸੀ। ਇਸ ਦੇ ਘੁਰਨਿਆਂ ਵਿਚ ਚਿੜੀਆਂ ਤੇ ਕਬੂਤਰਾਂ ਦੇ ਆਹਲਣੇ ਤੇ ਮਕੜੀਆਂ ਦੇ ਜਾਲੇ ਨਜ਼ਰੀ ਪੈਂਦੇ ਸਨ। ਇਹ ਥਾਂ ਬਹੁਤ ਹੀ ਹਨੇਰੀ ਸੀ।

ਮਿਸਟਰ ਫਰਲੋ ਜਿਹੜਾ ਨੋਟਰਡੈਮ ਦਾ ਪੁਜਾਰੀ ਸੀ, ਸੂਰਜ ਛਿਪਦਿਆਂ ਸਾਰ ਇਸਦੇ ਅੰਦਰ ਚਲਾ ਜਾਂਦਾ ਤੇ ਬੂਹੇ ਬੰਦ ਕਰਕੇ ਸਾਰੀ ਰਾਤ ਪ੍ਰਮਾਤਮਾ ਦੀ ਭਗਤੀ ਵਿਚ ਜੁਟਿਆ ਰਹਿੰਦਾਂ ਸੀ।

ਨੇਮ ਅਨੁਸਾਰ ਅੱਜ ਵੀ ਫਰਲੋ ਆਪਣੀ ਕੋਠੜੀ ਦੇ ਲਾਗੇ ਏਧਰ ਓਧਰ ਟਹਿਲਦਾ ਹੋਇਆ ਸੂਰਜ ਦੇ ਛਿਪਣ ਦੀ ਉਡੀਕ ਕਰ ਰਿਹਾ ਸੀ ਜੁ ਅਚਾਨਕ ਉਸ ਦੀ ਨਜ਼ਰ ਦੂਰ ਸੜਕ ਤੇ ਖੜੋਤੇ ਬੰਦਿਆਂ ਤੇ ਪਈ ਜਿਨ੍ਹਾਂ ਦੇ ਵਿਚਕਾਰ ਟੱਪਰੀਵਾਸ ਕੁੜੀ ਨੱਚ ਰਹੀ ਸੀ। ਉਸ ਦੇ ਲਾਗੇ ਹੀ ਇਕ ਆਦਮੀ ਕੁਰਸੀ ਤੇ ਬੈਠਾ ਹੋਇਆ ਸੀ। ਉਸ ਨੇ ਮਦਾਰੀਆਂ ਵਰਗੇ ਕਪੜੇ



Digitized by Panjab Digital Library | www.panjabdigilib.org

ਪਾਏ ਹੋਏ ਸਨ ਜਿਸ ਤੋਂ ਪਤਾ ਲਗਦਾ ਸੀ ਕਿ ਉਹ ਮਿਸਰੀ ਨਾਚੀ ਦਾ ਸਾਥੀ ਹੈ। ਫਰਲੋ ਕੁਝ ਹੈਰਾਨ ਜਿਹਾ ਹੋ ਗਿਆ ਕਿਉਂਕਿ ਇਹ ਆਦਮੀ ਜਿਸਦਾ ਚਿਹਰਾ ਧੁੰਧਲਾ ਜਿਹਾ ਦਿਖਾਈ ਦਿੰਦਾ ਸੀ ਉਸ ਦੀ ਜਾਚੇ ਪੈਰਸ ਦਾ ਮੰਦ ਭਾਗਾ ਫ਼ਲਾਸਫ਼ਰ ਗੌਰੀ ਸੀ। ਉਹ ਆਪਣਾ ਸ਼ਕ ਦੂਰ ਕਰਨ ਲਈ ਜ਼ਰਾ ਅਗੇ ਵਧਿਆ। ਉਹ ਥਾਂ ਜ਼ਰਾ ਦੁਰੇਡੀ ਹੋਣ ਕਰਕੇ ਉਸਦਾ ਚਿਹਰਾ ਸਾਫ਼ ਦਿਖਾਈ ਨਾ ਦਿਤਾ। ਇਸ ਲਈ ਪੂਰੀ ਤਰ੍ਹਾਂ ਨਿਸਚਾ ਕਰਨ ਲਈ ਕਿ ਉਹ ਗੌਰੀ ਹੀ ਹੈ ਜਾਂ ਕੋਈ ਹੋਰ, ਹੇਠਾਂ ਉਤਰਨਾ ਜ਼ਰੂਰੀ ਸੀ। ਉਹ ਪੌੜੀਆਂ ਵਲ ਨੂੰ ਵਧਿਆ ਤੇ ਹੌਲੀ ਹੌਲੀ ਪੈਰ ਪੁਟਦਾ ਹੋਇਆ ਹੇਠਾਂ ਨੂੰ ਜਾਣ ਲਗਾ।

ਇਹ ਪੌੜੀਆਂ ਇਸ ਇਮਾਰਤ ਦੇ ਅੱਧ ਵਿਚ ਆ ਕੇ ਮੁਕ ਜਾਂਦੀਆਂ ਸਨ। ਇਸ ਦੇ ਨਾਲ ਹੀ ਇਕ ਕਮਰਾ ਇਸ ਮਤਲਬ ਲਈ ਬਣਾਇਆ ਗਿਆ ਸੀ ਕਿ ਪੌੜੀਆਂ ਵਿਚ ਹਵਾ ਤੇ ਲੋ ਪੁਜ ਸਕੇ ਅਤੇ ਆਉਣ ਜਾਣ ਵਾਲਿਆਂ ਨੂੰ ਹਨੇਰੇ ਵਿਚ ਕੋਈ ਤਕਲੀਫ਼ ਨਾ ਹੋਵੇ ਤੇ ਨਾ ਹੀ ਦਮ ਘੁਟ ਸਕੇ। ਇਸ ਕਮਰੇ ਦੇ ਨਾਲ ਫੇਰ ਪੌੜੀਆਂ ਲਗਦੀਆਂ ਸਨ ਜਿਹੜੀਆਂ ਹੇਠਾਂ ਧਰਤੀ ਤੇ ਆ ਖ਼ਤਮ ਹੁੰਦੀਆਂ ਸਨ

ਫਰਲੋ ਜਦ ਪੌੜੀਆਂ ਦਾ ਅੱਧਾ ਹਿਸੀ ਉਤਰ ਕੇ ਇਸ ਕਮਰੇ ਦੇ ਕੋਲ ਦੀ ਲੰਘਿਆ ਤਾਂ ਉਸਨੇ ਕਮਰੇ ਦੇ ਝਰੋਕੇ ਕੋਲ ਕੈਦੋ ਨੂੰ ਬੈਠਿਆਂ ਤਕਿਆ। ਉਹ ਚੁਪ ਚਾਪ ਬੈਠਾ ਉਸ ਕੁੜੀ ਦਾ ਨਾਚ ਦੇਖ ਰਿਹਾ ਸੀ। ਉਹ ਨਾਚ ਵਿਚ ਏਨਾ ਮਗਨ ਸੀ ਕਿ ਉਸਨੂੰ ਆਪਣੇ ਉਸਤਾਦ ਦੇ ਉਥੇ ਹੋਣ ਦਾ ਵੀ ਕੋਈ ਭਰਮ ਨਾ ਪੈ ਸਕਿਆ। ਫਰਲੋ ਪਹਿਲਾਂ ਤਾਂ ਉਸ ਨੂੰ ਬੁਲਾਉਣ ਲਗਾ ਪਰ ਫੇਰ ਕੁਝ ਸੋਚ ਕੇ ਚੁਪ ਕੀਤਾ, ਕੋਲੋਂ ਦੀ ਲੰਘ ਗਿਆ।

ਜਦ ਉਹ ਭੀੜ ਨੂੰ ਚੀਰਦਾ ਹੋਇਆ ਅਗੇ ਵਧਿਆ ਤਾਂ ਉਸ ਦ ਹੈਰਾਨੀ ਦੀ ਕੋਈ ਹਦ ਨਾ ਰਹੀ। ਉਸਦਾ ਮਿਤਰ ਗੌਰੀ ਜਿਸ ਨੂੰ ਉਸ ਨੇ ਦੂਰੋਂ ਹੀ ਪਛਾਣ ਲਿਆ ਸੀ ਕੁਰਸੀ ਤੇ ਸੇਰੂਬੰਦ ਕਢਦਾ ਹੋਇਆ ਆਪਣੇ ਹੁਨਰ ਨਾਲ ਲੋਕਾਂ ਨੂੰ ਖ਼ੁਸ਼ ਕਰ ਰਿਹਾ ਸੀ। ਟੱਪਰੀਵਾਸ ਕੁੜੀ ਨਾਲ ਦੇ ਮਹੱਲੇ ਵਿਚ



Digitized by Panjab Digital Library | www.panjabdigilib.org

ਚਲੀ ਗਈ ਸੀ ਕਿਉਂਕਿ ਉਥੋਂ ਦੀਆਂ ਇਸਤ੍ਰੀਆਂ ਨੇ ਉਸ ਦਾ ਨਾਚ ਵੇਖਣ ਲਈ ਉਸ ਨੂੰ ਸੱਦ ਭੇਜਿਆ ਸੀ।

"ਗੌਰੀ ! ਏਡਾ ਵਡਾ ਸ਼ਾਇਰ ਬਾਜ਼ੀਗਰ ਦੇ ਰੂਪ ਵਿਚ ? ਬੜੀ ਹੈਰਾਨੀ ਦੀ ਗੱਲ ਹੈ।" ਫਰਲੋ ਦੇ ਮੂੰਹੋਂ ਆ-ਮੁਹਾਰਾ ਨਿਕਲਿਆ।

ਗੌਰੀ ਇਸ ਵੇਲੇ ਦੋਵੇਂ ਲੱਤਾਂ ਆਕਾਸ਼ ਵਲ ਕੀਤੀ ਇਕ ਹੱਥ ਤੇ ਕੁਰਸੀ ਦੀ ਇਕ ਬਾਂਹ ਦਾ ਸਹਾਰਾ ਲਈ ਖੜੋਤਾ ਸੀ। ਫਰਲੋ ਦੀ ਆਵਾਜ਼ ਉਸਦੇ ਕੰਨੀ ਪਈ ਅਤੇ ਉਹ ਧੌਣ ਚੁਕ ਕੇ ਇਸ ਪਾਸੇ ਵੇਖਣ ਲਗਾ। ਭਾਰ ਇਕੋ ਜਿਹਾ ਨਾ ਰਹਿਣ ਕਰਕੇ ਉਹ ਧੜੱਮ ਕਰਦਾ ਜ਼ਮੀਨ ਤੇ ਆ ਡਿਗਿਆ। ਲੋਕੀਂ ਖ਼ੂਬ ਹੱਸੇ ਪਰ ਉਸ ਨੇ ਇਸ ਗਲ ਦੀ ਰਤਾ ਪਰਵਾਹ ਨਾ ਕੀਤੀ ਅਤੇ ਹੈਰਾਨੀ ਨਾਲ ਫਰਲੋ ਦੇ ਮੂੰਹ ਵਲ ਤੱਕਣ ਲਗਾ।

ਲੋਕੀਂ ਜਾ ਚੁਕੇ ਸਨ ਪਰ ਦੋਵੇਂ ਮਿਤਰ ਚੁਪ ਚਾਪ ਖੜੋਤੇ ਇਕ ਦੂਜੇ ਵਲ ਵੇਖ ਰਹੇ ਸਨ। ਅਖ਼ੀਰ ਫਰਲੋ ਨੇ ਚੁਪ ਨੂੰ ਤੋੜਦਿਆਂ ਹੋਇਆਂ ਕਿਹਾ: "ਪਿਆਰੇ ਗੌਰੀ, ਕਿਥੇ ਰਹੇ ਹੋ ? ਮੈਂ ਤੁਹਾਨੂੰ ਦੋ ਮਹੀਨਿਆਂ ਤੋਂ ਨਹੀਂ ਦੇਖਿਆ। ਹਾਂ, ਅਤੇ ਇਹ ਮਦਾਰੀ ਦਾ ਰੂਪ ਕਿਵੇਂ ਧਾਰਿਆ।" ਇਸ ਦੇ ਪਿਛੋਂ ਫਰਲੋ ਨੇ ਹੌਲੀ ਜਿਹੀ ਖਿਲਖਿਲੀ ਮਾਰੀ ਤੇ ਬੋਲਿਆ, "ਚੰਗਾ ਵਪਾਰ ਕਰ ਰਹੇ ਹੋ।"

"ਹਾਂ", ਗੌਰੀ ਬੋਲਿਆ, "ਉਸ ਕੰਮ ਨਾਲੋਂ ਤਾਂ ਇਹ ਕਿਤੇ ਚੰਗਾ ਹੈ। ਜੇ ਕੁਝ ਕੁ ਦਿਨ ਹੋਰ ਕਵੀ ਰਹਿੰਦਾ ਤਾਂ ਦਿਨ ਰਾਤ ਦੀ ਭੁਖ ਮੈਨੂੰ ਕਦੇ ਵੀ ਜੀਊਂਦਾ ਨਾ ਛਡਦੀ। ਹੁਣ ਘਟੋ ਘਟ ਰੋਟੀ ਦੇ ਦੋ ਟੁਕੜੇ ਤਾਂ ਕਮਾ ਖਾਂਦਾ ਹਾਂ।"

"ਸਚ ਮੁਚ ਅੱਜ ਕਲ ਹੁਨਰ ਦੀ ਕੋਈ ਕਦਰ ਨਹੀਂ ਕਰਦਾ।" ਫਰਲੋ ਨੇ ਗਲ ਬਾਤ ਜਾਰੀ ਰਖਦਿਆਂ ਹੋਇਆਂ ਕਿਹਾ, "ਪਰ ਇਸ ਮਿਸਰੀ ਨਾਚੀ ਦੇ ਸਾਥੀ ਕਿਸ ਤਰ੍ਹਾਂ ਬਣ ਗਏ ?"

"ਉਹ ਮੇਰੀ ਵਹੁਟੀ ਹੈ" ਗੌਰੀ ਇਹ ਕਹਿਕੇ ਮੁਸਕ੍ਰਾਉਣ ਲਗ ਪਿਆ।

"ਪਰ ਤੁਸੀਂ ਇਸ ਨਾਲ ਵਿਆਹ ਕਦੋਂ ਕੀਤਾ ?"



Digitized by Panjab Digital Library | www.panjabdigilib.org

"ਇਹ ਇਕ ਲੰਬੀ ਕਹਾਣੀ ਹੈ। ਕਦੇ ਫੇਰ ਦਸਾਂਗਾ।" ਗੌਰੀ ਨੇ ਉਤਰ ਦਿਤਾ।

"ਅਛਾ, ਤੇ ਇਹ ਫ਼ਰਾਂਸ ਵਿਚ ਕਿਵੇਂ ਆਈ?" ਫਰਲੋ ਨੇ ਪ੍ਰਸ਼ਨ ਕੀਤਾ।

ਗੌਰੀ ਬੋਲਿਆ, "ਮਿਸਰੀ ਨਵਾਬ ਨੇ, ਜਿਸ ਦੀ ਸਹਾਇਤਾ ਨਾਲ ਮੈਂ ਇਸ ਨਾਲ ਵਿਆਹ ਕੀਤਾ ਹੈ, ਮੈਨੂੰ ਦਸਿਆ... ...।"

ਫਰੋਲ ਨੇ ਉਸ ਦੀ ਗਲ ਨੂੰ ਕਟਦਿਆਂ ਹੋਇਆਂ ਕਿਹਾ, "ਇਹ ਮਿਸਰੀ ਨਵਾਬ ਕੌਣ ਹੈ?"

"ਗੌਰੀ ਕਹਿਣ ਲਗਾ, "ਇਹ ਇਕ ਉਸ ਖ਼ੌਫਨਾਕ ਟੋਲੇ ਦਾ ਸਰਦਾਰ ਹੈ ਜਿਹੜਾ ਪੈਰਸ ਦੇ ਇਕ ਉਜਾੜ ਜਹੇ ਹਿਸੇ ਵਿਚ ਰਹਿੰਦਾ ਹੈ। ਹਾਂ, ਉਸ ਦੇ ਮੈਨੂੰ ਦਸਿਆ ਕਿ ਨਿਕਿਆਂ ਹੁੰਦਿਆਂ ਤੋਂ ਹੀ ਇਹ ਆਪਣੇ ਮਾਪਿਆਂ ਨਾਲੋਂ ਵਿਛੜ ਗਈ ਸੀ ਕਿਉਂਕਿ ਟੱਪਰੀਵਾਸਾਂ ਦੇ ਇਕ ਟੋਲੇ ਨੇ ਉਸਨੂੰ ਅਗਵਾ ਕਰ ਲਿਆ ਸੀ। ਉਹ ਏਸੇ ਹੀ ਦੇਸ਼ ਵਿਚ ਜੁਆਨ ਹੋਈ ਹੈ। ਇਸ ਤੋਂ ਬਿਨਾਂ ਉਸ ਨੇ ਮੈਨੂੰ ਇਹ ਵੀ ਦਸਿਆ ਕਿ ਉਸ ਦੇ ਕੋਲ ਇਕ ਜ਼ਮੁਰਦ ਹੈ, ਜਿਹੜਾ ਉਸਨੇ ਗਲ ਵਿਰ ਪਾਇਆ ਹੋਇਆ ਹੈ। ਜਦ ਕਦੀ ਵੀ ਉਸਦੇ ਮਾਪੇ ਉਸ ਨੂੰ ਮਿਲੇ ਉਹ ਜ਼ਮੁਰਦ ਦੀ ਸਹਾਇਤਾ ਨਾਲ ਉਸਨੂੰ ਪਛਾਣ ਲੈਣਗੇ। ਉਸਨੇ ਮੈਨੂੰ ਇਹ ਵੀ ਦਸਿਆ ਕਿ ਟੱਪਰੀਵਾਸਾਂ ਦਾ ਟੋਲਾ ਜਿਹੜਾ ਕਿ ਜਨਗਾਰੀ ਨਾਂ ਨਾਲ ਮਸ਼ਹੂਰ ਹੈ, ਹਸਪਾਨੀਆ ਪੁਜਾ। ਉਥੇ ਕੁਛ ਚਿਰ ਠਹਿਰ ਕੇ ਕੁਸਤੁਨਤੁਨੀਆਂ ਦੀ ਰਾਹ ਲਈ ਅਤੇ ਉਥੋਂ ਫੇਰ ਰੋਮ ਦੇ ਸੁਹਾਵਣੇ ਜਜ਼ੀਰੇ ਸਿਸਲੀ ਵਿਚ ਕੁਝ ਚਿਰ ਰਹੇ। ਅਖ਼ੀਰ ਬੋਹੀਮਾ ਦੇ ਰਸਤੇ ਫ਼ਰਾਂਸ ਵਿਚ ਦਾਖ਼ਲ ਹੋਏ। ਦਿਹ ਕੁੜੀ ਉਨ੍ਹਾਂ ਦੇ ਨਾਲ ਰਹੀ ਤੇ ਇਸ ਖ਼ੌਫਨਾਕ ਟੋਲੇ ਦੇ ਨਾਲ ਹੀ ਪੈਰਿਸ ਵਿਚ ਦਿਨ ਗੁਜ਼ਾਰਦੀ ਰਹੀ।"

"ਖ਼ੂਬ, ਬਹੁਤ ਖ਼ੂਬ" ਫਰਲੋ ਨੇ ਰਾਲ ਬਾਤ ਜਾਰੀ ਰਖਦਿਆਂ ਹੋਇਆਂ ਕਿਹਾ, "ਤਾਂ ਤੇ ਅੱਜ ਕਲ ਖ਼ੂਬ ਤੁਹਾਡੀਆਂ ਰਾਤਾਂ ਤੇ ਦਿਨ ਉਸਦੇ ਪਿਆਰ ਨਾਲ ਭਰਪੂਰ ਬੀਤਦੇ ਹੋਣਗੇ।"



Digitized by Panjab Digital Library | www.panjabdigilib.org

ਰੋਰੀ ਮੁਸਕ੍ਰਾਉਂਦਾ ਹੋਇਆਂ ਕਹਿਣ ਲਗਾ, 'ਅਜੇ ਤਕ ਤੇ ਵਾਹਰਾ ਲੰਘੀ ਜਾਂਦੀ ਹੈ, ਅਗੋਂ ਰਬ ਜਾਣੇ।"

"ਨਚਦੀ ਬੜਾ ਸੁਹਣਾ ਹੈ" ਫਰਲੋ ਨੇ ਕਿਹਾ।

ਰੋਰੀ ਕਹਿਣ ਲਗਾ, "ਜੇ ਕਿਧਰੇ ਤੁਸੀਂ ਉਸਦਾ ਗਾਣਾ ਸੁਣ ਲਵੋ ਤਾਂ ਨਾਚ ਨੂੰ ਵੀ ਭੁਲ ਜਾਓ।"

"ਹਛਾ!" ਫਰਲੋ ਨੇ ਹੈਰਾਨੀ ਨਾਲ ਅੱਖਾਂ ਬਾਹਰ ਨੂੰ ਕਢਦਿਆਂ ਹੋਇਆਂ ਕਿਹਾ।

"ਜੀ ਹਾਂ" ਰੋਰੀ ਨੇ ਮੁਸਕ੍ਰਾਉਂਦਿਆਂ ਹੋਇਆਂ ਉਤਰ ਦਿਤਾ।

ਦੋਵੇਂ ਮਿਤਰ ਹਸਦੇ ਹੋਏ ਇਕ ਪਾਸੇ ਨੂੰ ਤੁਰ ਪਏ ਕਿਉਂਕਿ ਸੂਰਜ ਦੇਵਤਾ ਆਪਣਾ ਚੇਹਰਾ ਛਿਪਾ ਕੇ ਛੁਪ ਚੁਕਾ ਸੀ।

## ੧੦

ਰੋਰੀ ਤੇ ਟੰਪਰੀਕਾਸ ਖੂਨੀ ਲੁਟੇਰਿਆਂ ਦਾ ਉਹ ਟੋਲਾ ਜਿਸ ਦੇ ਨਾਂ ਨਾਲ ਪੇਂਡੂ ਵਾਸੀਆਂ ਦੇ ਦਿਲ ਕੰਬਦੇ ਸਨ, ਇਕ ਮਹੀਨੇ ਤੋਂ ਬਹੁਤ ਘਾਬਰੇ ਹੋਏ ਸਨ ਕਿਉਂਕਿ ਇਕ ਦਿਨ ਸ਼ਾਮ ਨੂੰ ਅਸਮਰ ਉਨ੍ਹਾਂ ਪਾਸੋਂ ਅਜਿਹੀ ਗਈ ਕਿ ਮੁੜ ਨਾ ਪਰਤੀ। ਉਨ੍ਹਾਂ ਨੇ ਉਸ ਨੂੰ ਲੱਭਣ ਦੇ ਹਜ਼ਾਰਾਂ ਯਤਨ ਕੀਤੇ ਪਰ ਅਸਫਲ। ਤਾਂ ਵੀ ਉਹ ਮਾਯੂਸ ਨਾ ਹੋਏ ਅਤੇ ਦਿਨੇ ਰਾਤ ਉਸ ਦੀ ਖੋਜ ਵਿਚ ਜੁਟੇ ਰਹਿੰਦੇ।

ਬਹਾਰ ਨਵ-ਜੋਬਨਾਂ ਬਣ ਕੇ ਆਈ ਤੇ ਬੀਤ ਗਈ। ਸਾਵਣ ਦੀਆਂ ਕਾਲੀਆਂ ਘਟਾਵਾਂ ਆਈਆਂ, ਵਰ੍ਹੀਆਂ ਤੇ ਲੰਘ ਗਈਆਂ। ਪੰਖੇਰੂਆਂ ਨੇ



Digitized by Panjab Digital Library | www.panjabdigilib.org

ਪ੍ਰੀਤ ਭਰੇ ਗੀਤ ਅਲਾਪੇ ਅਤੇ ਚੁਪ ਹੋ ਗਏ ਪਰ ਅਸਮਰ ਨਾ ਮੁੜੀ। ਗੌਰੀ ਨੂੰ ਕੁਝ ਲੋਕਾਂ ਦੀ ਜ਼ਬਾਨੀ ਪਤਾ ਲਗਾ ਕਿ ਉਨ੍ਹਾਂ ਨੇ ਉਸ ਨੂੰ ਸੰਤ ਮਿਚਲ ਦੀ ਸਮਾਧ ਦੇ ਲਾਗਿਓਂ ਦੀ ਇਕ ਫ਼ੌਜੀ ਅਫ਼ਸਰ ਨਾਲ ਜਾਂਦਿਆਂ ਵੇਖਿਆ ਸੀ। ਇਸ ਲਈ ਗੌਰੀ ਦੇ ਦਿਲ ਵਿਚ ਉਸ ਲਈ ਨਫ਼ਰਤ ਪੈਦਾ ਹੋ ਗਈ ਅਤੇ ਉਸਨੂੰ ਭੁਲ ਜਾਣ ਦੀ ਕੋਸ਼ਸ਼ ਕਰਨ ਲਗਾ। ਉਹ ਮਦਾਰੀਆਂ ਦਾ ਪੇਸ਼ਾ ਛਡ ਕੇ ਮੁੜ ਲਿਖਾਰੀਆਂ ਦੀ ਦੁਨੀਆਂ ਵਿਚ ਦਾਖ਼ਲ ਹੋ ਗਿਆ ਅਤੇ ਸਾਹਿਤਕ ਦੁਨੀਆ ਵਲੋਂ ਉਸਨੂੰ ਬੜੇ ਚਾ ਨਾਲ ਜੀ ਆਇਆਂ ਆਖਿਆ ਗਿਆ। ਉਚੇ ਘਰਾਣੇ ਦੇ ਲੋਕੀ ਤਾਂ ਪਹਿਲਾਂ ਵੀ ਉਸ ਦੀ ਲਿਖਤ ਨੂੰ ਬੜੀ ਦਿਲਚਸਪੀ ਨਾਲ ਪੜ੍ਹਦੇ ਸਨ।

ਹੁਣ ਗੌਰੀ ਨੂੰ ਚੰਗੀ ਤਰ੍ਹਾਂ ਪਤਾ ਲਗ ਚੁਕਾ ਸੀ ਕਿ ਅਸਮਰ ਨੋਟਰ-ਡੈਮ ਦੇ ਕਿਸੇ ਹਿਸੇ ਵਿਚ ਰਹਿੰਦੀ ਹੈ ਅਤੇ ਫੀਬਸ ਨਾਂ ਦਾ ਇਕ ਆਦਮੀ ਉਸ ਨੂੰ ਹਦੋਂ ਵਧ ਪਿਆਰ ਕਰਦਾ ਸੀ। ਉਸ ਆਦਮੀ ਦਾ ਚਾਲ ਚਲਨ ਬਹੁਤ ਭੈੜਾ ਸੀ। ਇਸ ਲਈ ਉਹ ਅਸਮਰ ਨੂੰ ਕੇਵਲ ਦਿਖਾਵੇ ਦਾ ਹੀ ਪਿਆਰ ਕਰਦਾ ਸੀ। ਗੌਰੀ ਨੂੰ ਇਹ ਵੀ ਪਤਾ ਲਗਾ ਸੀ ਕਿ ਅਸਮਰ ਵੀ ਉਸ ਨੂੰ ਦਿਲੋਂ ਚਾਹੁੰਦੀ ਹੈ ਪਰ ਉਹ ਕਈ ਕਈ ਦਿਨਾਂ ਤਕ ਉਸ ਪਾਸ ਆਉਂਦਾ ਹੀ ਨਹੀਂ। ਜੇ ਕਿਤੇ ਆਉਂਦਾ ਹੈ ਤਾਂ ਕੇਵਲ ਆਪਣੇ ਜੀ ਪਰਚਾਵੇ ਲਈ।

ਗੌਰੀ ਨੇ ਕਿਸੇ ਜਜ਼ਬੇ ਦੇ ਅਸਰ ਹੇਠ ਕਈ ਵੇਰ ਉਸ ਪਾਸ ਜਾਣ ਦੀ ਸਲਾਹ ਕੀਤੀ ਪਰ ਫੇਰ ਉਸ ਦੀ ਬੇ-ਵਫ਼ਾਈ ਦਾ ਖ਼ਿਆਲ ਕਰਦਿਆਂ ਹੀ ਆਪਣੇ ਇਰਾਦਿਆਂ ਨੂੰ ਬਦਲ ਦੇਂਦਾ ਸੀ।



Digitized by Panjab Digital Library | www.panjabdigilib.org

## ੧੧

ਕਪਤਾਨ ਫੀਬਸ ਤੇ ਉਸ ਦਾ ਮਿਤਰ ਜੀਵਨ ਨੋਟਰਡੈਮ ਦੇ ਨਾਲ ਵਾਲੀ ਗਲੀ ਪੋਮੀ ਈਵ ਵਿਚ ਕਿਸੇ ਨਵੇਂ ਸ਼ਿਕਾਰ ਦੀ ਭਾਲ ਕਰ ਰਹੇ ਸਨ। ਉਹ ਆਪਣੇ ਹੀ ਰੰਗ ਵਿਚ ਮਸਤ ਝੂਮਦੇ ਝਾਮਦੇ ਤੁਰੇ ਜਾ ਰਹੇ ਸਨ। ਜਦ ਉਹ ਗਲੀ ਦੇ ਸਿਰੇ ਤੇ ਪੁਜੇ ਤਾਂ ਉਨ੍ਹਾਂ ਨੂੰ ਤੰਬੂਰੇ ਦੀ ਆਵਾਜ਼ ਸੁਣਾਈ ਦਿਤੀ।

"ਜੀਵਨ ਜ਼ਰਾ ਕਾਹਲੀ ਕਾਹਲੀ ਪੈਰ ਪੁਟ" ਫੀਬਸ ਨੇ ਕਿਹਾ।

"ਕਿਉਂ ਕੀ ਗਲ ਏ ?" ਜੀਵਨ ਨੇ ਪੁਛਿਆ।

"ਮੈਨੂੰ ਡਰ ਹੈ ਕਿ ਕਿਤੇ ਟੱਪਰੀਵਾਸ ਨਾਚੀ ਮੈਨੂੰ ਵੇਖ ਨਾ ਲਏ।"

"ਕਿਹੜੀ ਟੱਪਰੀਵਾਸ ?"

"ਓਹੀ ਜਾਦੂਗਰਨੀ – ਬਕਰੀ ਵਾਲੀ"

"ਅਸਮਰ ?"

"ਹਾਂ ਓਹੀ ਜੀਵਣ" ਫੀਬਸ ਨੇ ਕਿਹਾ। "ਜ਼ਰਾ ਛੇਤੀ ਪੈਰ ਪੁਟ। ਜੇ ਕਿਧਰੇ ਉਸ ਨੇ ਮੈਨੂੰ ਵੇਖ ਲਿਆ ਤਾਂ ਸਾਰੀ ਰਾਤ ਉਸ ਦੇ ਗਿਲਿਆਂ, ਰੋਸਿਆਂ ਤੇ ਸ਼ਕਾਇਤਾਂ ਵਿਚ ਬੀਤ ਜਾਏਗੀ।"

"ਕੀ ਤੂੰ ਉਸ ਨੂੰ ਜਾਣਦਾ ਏਂ ?"

ਫੀਬਸ ਨੇ ਸ਼ਰਾਰਤ ਭਰੀਆਂ ਨਜ਼ਰਾਂ ਨਾਲ ਉਸ ਵਲ ਤਕਿਆ ਤੇ ਫੇਰ ਹੌਲੇ ਜਹੇ ਉਸ ਦੇ ਕੰਨ ਵਿਚ ਕੁਝ ਆਖਿਆ।

ਜੀਵਨ ਹੈਰਾਨ ਹੋ ਕੇ ਬੋਲਿਆ, "ਕੀ ਸਚ ਮੁਚ ?"

"ਹਾਂ" ਫੀਬਸ ਨੇ ਜ਼ੋਰ ਦੀ ਖਿਲਖਿਲੀ ਮਾਰਦਿਆਂ ਹੋਇਆਂ ਕਿਹਾ। – "ਬੜੇ ਭਾਗਾਂ ਵਾਲਾ ਏਂ ਯਾਰ ਤੂੰ ਤੇ।"

ਦੋਵੇਂ ਕਾਹਲੀ ਕਾਹਲੀ ਪੈਰ ਪੁਟਦੇ ਗੁਣ-ਗੁਣਾਉਂਦੇ ਗਲੀ ਵਿਚੋਂ ਬਾਹਰ ਨਿਕਲ ਗਏ।



Digitized by Panjab Digital Library | www.panjabdigilib.org

## ੧੨

ਪੋਮੀਈਵ ਦਾ ਮਸ਼ਹੂਰ ਨਾਚ ਘਰ ਯੂਨੀਵਰਸਿਟੀ ਵਿਚ ਸੀ ਜਿਹੜੀ ਲਾਰੋ ਲੈਂਡ ਦੇ ਕੰਢੇ ਤੇ ਸੀ। ਇਸ ਦਾ ਸਭ ਤੋਂ ਵਡਾ ਕਮਰਾ ਚਮਕੀਲੇ ਪਥਰ ਦਾ ਬਣਿਆ ਹੋਇਆ ਸੀ। ਇਸ ਦੇ ਐਨ ਵਿਚਕਾਰ ਲਕੜੀ ਦਾ ਇਕ ਬੜਾ ਥੰਮ੍ਹ ਸੀ ਜਿਹੜਾ ਛੱਤ ਨੂੰ ਸਹਾਰਾ ਦਿਤੀ ਖੜੋਤਾ ਸੀ। ਕਮਰੇ ਵਿਚ ਚੌਹੀਂ ਪਾਸੀਂ ਮੇਜ਼ਾਂ ਲਗੀਆਂ ਹੋਈਆਂ ਸਨ ਜਿਨ੍ਹਾਂ ਦੇ ਲਾਗੇ ਕੁਰਸੀਆਂ ਤੇ ਸ਼ਰਾਬ ਪੀਣ ਵਾਲੇ ਮੁੰਡੇ ਕੁੜੀਆਂ ਬੈਠੇ ਹੋਏ ਸਨ।

ਰਾਤ ਦਾ ਵੇਲਾ ਸੀ ਅਤੇ ਗਲੀ ਵਿਚ ਬਿਲਕੁਲ ਘੁਪ ਹਨੇਰਾ ਸੀ। ਨਾਚ ਘਰ ਵਿਚ ਹਰ ਪਾਸੇ ਬਤੀਆਂ ਜਗ ਰਹੀਆਂ ਸਨ ਅਤੇ ਹੋਟਲ ਦੇ ਲੋਕੀਂ ਆਪਣੇ ਮੌਜ ਮੇਲੇ ਵਿਚ ਮਸਤ ਸਨ। ਹੋਟਲ ਦੇ ਬਾਹਰ ਨਾਚ ਘਰ ਵਿਚੋਂ ਨਿਕਲਣ ਵਾਲਾ ਧੂਆਂ ਵਾਯੂ-ਮੰਡਲ ਵਿਚ ਡਰਾਉਣੀਆਂ ਸ਼ਕਲਾਂ ਬਣਾ ਰਿਹਾ ਸੀ ਅਤੇ ਕਦੇ ਕਦੇ ਹਨੇਰੇ ਵਿਚ ਖਿਲਖਿਲੀਆਂ ਦੀਆਂ ਆਵਾਜ਼ਾਂ ਉਠਦੀਆਂ ਸਨ। ਸੜਕ ਤੋਂ ਲੰਘਦੇ ਕੰਮ ਧੰਦੇ ਵਾਲੇ ਬੰਦੇ ਜਾਂਦੇ ਜਾਂਦੇ ਹੋਟਲ ਤੇ ਨਿਗਾਹ ਸੁਟਕੇ ਅਗੇ ਵਧਦੇ ਸਨ। ਕਈ ਇਕ ਤਾਂ ਅੰਦਰ ਝਾਕ ਕੇ ਉਸ ਸਮੇਂ ਦੇ ਰਿਵਾਜ ਅਨੁਸਾਰ ਕੁਝ ਕਹਿਕੇ ਲੰਘਦੇ ਸਨ ਤਾਂ ਜੋ ਸ਼ਰਾਬੀਆਂ ਦੇ ਹੌਸਲੇ ਵਧੇ ਰਹਿਣ।

ਹੋਟਲ ਦੇ ਦਰਵਾਜ਼ੇ ਤੋਂ ਬਾਹਰ ਇਕ ਆਦਮੀ ਹਨੇਰੇ ਵਿਚ ਕਿਸੇ ਨੂੰ ਉਡੀਕ ਰਿਹਾ ਸੀ। ਉਸ ਨੇ ਖੂਬ ਸੂਟ ਬੂਟ ਕਸੇ ਹੋਏ ਸਨ। ਉਹ ਕਦੇ ਕਦੇ ਸੀਟੀ ਵਜਾਉਂਦਾ ਹੋਇਆ ਬਾਰੀ ਬਾਣੀ ਝਾਕ ਕੇ ਵੇਖਦਾ ਸੀ ਅਤੇ ਫੇਰ ਸੀਟੀ ਵਜਾਉਂਦਾਂ ਹੋਇਆ ਹੌਲੇ ਹੌਲੇ ਟਹਿਲਣ ਲਗ ਪੈਂਦਾ। ਕੁਝ ਚਿਰ ਪਿਛੋਂ ਨਾਚ ਘਰ ਦਾ ਬੂਹਾ ਖੁਲ੍ਹਾ ਤੇ ਦੋ ਆਦਮੀ ਬਾਹਰ ਆਏ।



Digitized by Panjab Digital Library | www.panjabdigilib.org

' ਜੀਵਨ ਤੂੰ ਤੇ ਯਾਰ ਬਹੁਤੀ ਪੀ ਲਈ ਏ।" ਇਕ ਨੇ ਦੂਜੇ ਨੂੰ ਕਿਹਾ।

ਦੂਜੇ ਨੇ ਡਿਗਦਿਆਂ ਡਿਗਦਿਆਂ ਉਤਰ ਦਿਤਾ, "ਕੀ ਮੇਰਾ ਮੌਜੂ ਬਣਾ ਰਿਹਾ ਏਂ? ਮੈਂ ਤਾਂ ਬਿਲਕੁਲ ਠੀਕ ਹਾਂ।"

"ਹੂੰ" ਇਕ ਨੇ ਕਿਹਾ ਤੇ ਦੋਵੇਂ ਖਿੜ ਖਿੜਾ ਕੇ ਹੱਸ ਪਏ। ਇਹ ਦੋਵੇਂ ਫੀਬਸ ਤੇ ਜੀਵਣ ਸਨ ਜਿਹੜੇ ਹੁਣੇ ਹੁਣੇ ਨਾਚ ਘਰੋਂ ਨਿਕਲੇ ਸਨ। ਜੀਵਨ ਪਹਿਲੇ ਨਾਲੋਂ ਵਧੇਰੇ ਲੜਖੜਾਉਣ ਲਗਾ।

"ਜੀਵਨ, ਜ਼ਰਾ ਸਿਧੇ ਰਾਹ ਜਾਣ ਦਾ ਯਤਨ ਕਰੀਂ।" ਫੀਬਸ ਨੇ ਕਿਹਾ।

"ਇਸ ਵੇਲੇ ਸੱਤ ਵਜੇ ਹਨ। ਸਾਢੇ ਸੱਤ ਮੇਰੀ ਇਕ ਕੜੀ ਨਾਲ ਮਲਾਕਾਤ ਹੈ।"

ਜੀਵਨ ਨੇ ਅਗੋਂ ਮਖੌਲ ਨਾਲ ਕਿਹਾ, "ਤਾਂ ਮੈਨੂੰ ਇਥੇ ਹੀ ਤਾਰੇ ਗਿਣਨ ਨੂੰ ਛਡ ਜਾ।"

"ਓਏ ਨਹੀਂ ਨਹੀਂ" ਫੀਬਸ ਨੇ ਕਿਹਾ, "ਹਾਂ ਸੱਚ ਤੇਰੀ ਜੇਬ ਵਿਚ ਕਿਨੇ ਪੈਸੇ ਬਾਕੀ ਹਨ?"

"ਇਸ ਵੇਲੇ ਤਾਂ ਇਕ ਵੀ ਪੈਸਾ ਨਹੀਂ" ਜੀਵਨ ਨੇ ਕਿਹਾ।

"ਇਹ ਤਾਂ ਬਹੁਤ ਬੁਰਾ ਹੋਇਆ" ਫੀਬਸ ਨੇ ਕਿਹਾ "ਜੀਵਨ, ਮਿਤ੍ਰ ਜੀਵਨ ਤੈਨੂੰ ਪਤਾ ਹੈ ਕਿ ਮੈਂ ਇਕ ਕੁੜੀ ਨਾਲ ਸੰਤ ਪਾਲ ਦੇ ਲਾਗੇ ਮਿਲਣ ਦਾ ਵਹਿਦਾ ਕੀਤਾ ਹੋਇਆ ਹੈ ਅਤੇ ਤੈਨੂੰ ਇਹ ਵੀ ਪਤਾ ਹੈ ਕਿ ਮੈਂ ਉਸ ਨੂੰ ਉਸ ਬੁਢੀ ਫੈਰੋਡਲ ਦੇ ਘਰ ਤੋਂ ਬਿਨਾਂ ਹੋਰ ਕਿਧਰੇ ਲਿਜਾ ਵੀ ਨਹੀਂ ਸਕਦਾ। ਬਹੁਤਾ ਨਹੀਂ ਤਾਂ ਘਟੋ ਘਟ ਉਸ ਨੂੰ ਕਮਰੇ ਦਾ ਕਿਰਾਇਆ ਤਾਂ ਦੇਣਾ ਹੀ ਹੋਇਆ ਨਾ। ਇਸ ਲਈ, ਇਸ ਵੇਲੇ ਇਕ ਰੁਪਿਆ ਮੇਰੇ ਲਈ ਕਾਰੂੰ ਦੇ ਖ਼ਜ਼ਾਨੇ ਦੇ ਬਰੋਬਰ ਹੈ।"

"ਪਰ ਅਫਸੋਸ ਮੇਰੇ ਪਾਸ ਤਾਂ ਇਸ ਵੇਲੇ ਇਕ ਧੇਲਾ ਵੀ ਨਹੀਂ।" ਜੀਵਨ ਬੋਲਿਆ।

"ਮੈਂ ਤੇਰੇ ਕਪੜਿਆਂ ਦੀ ਤਲਾਸ਼ੀ ਲਵਾਂਗਾ।" ਫੀਬਸ ਨੇ ਗਲ ਬਾਤ



Digitized by Panjab Digital Library | www.panjabdigilib.org

ਜਾਰੀ ਰਖਦਿਆਂ ਹੋਇਆਂ ਕਿਹਾ, "ਯਾਰ ਰਬ ਦੇ ਵਾਸਤੇ, ਇਸ ਵੇਲੇ ਕੇਵਲ ਇਕੋ ਰੁਪਏ ਦੀ ਲੋੜ ਹੈ ਅਤੇ ਸਾਢੇ ਸਤ ਵੀ ਹੋਣ ਹੀ ਵਾਲੇ ਹਨ।"

"ਮੈਨੂੰ ਬਹੁਤਾ ਮਜਬੂਰ ਨਾ ਕਰ ਫੀਬਸ, ਜੇ ਹੁੰਦਾ ਤਾਂ ਜ਼ਰੂਰ ਦੇ ਦੇਂਦਾ।" ਜੀਵਨ ਨੇ ਜ਼ਰਾ ਖਿਝ ਕੇ ਕਿਹਾ।

ਫੀਬਸ ਨੂੰ ਗੁਸਾ ਆਇਆ ਅਤੇ ਉਸਨੇ ਜੀਵਨ ਨੂੰ ਧੌਣੋ ਫੜ ਕੇ ਭੁੰਜੇ ਵਗਾਹ ਮਾਰਿਆ ਅਤੇ ਦੋ ਤਿੰਨ ਮੁਕੇ ਉਸ ਦੀ ਪਿਠ ਤੇ ਠੋਕਦਾ ਹੋਇਆ ਇਕ ਪਾਸੇ ਨੂੰ ਤੁਰ ਪਿਆ। ਜੀਵਨ ਕਿਉਂਕਿ ਬਹੁਤੇ ਨਸ਼ੇ ਵਿਚ ਸੀ ਇਸ ਲਈ ਉਥੇ ਹੀ ਸੌਂ ਗਿਆ।

ਫੀਬਸ ਅਜੇ ਥੋੜੇ ਹੀ ਪੈਰ ਗਿਆ ਹੋਵੇਗਾ ਕਿ ਉਸਨੇ ਮਹਿਸੂਸ ਕੀਤਾ ਜੁ ਕੋਈ ਆਦਮੀ ਉਸ ਦਾ ਪਿਛਾ ਕਰ ਰਿਹਾ ਹੈ। ਇਸ ਲਈ ਉਸ ਨੇ ਪਿਛੇ ਮੁੜ ਕੇ ਦੇਖਿਆ। ਇਹ ਓਹੀ ਆਦਮੀ ਸੀ ਜਿਹੜਾ ਕੁਝ ਚਿਰ ਪਹਿਲਾਂ ਹੋਟਲ ਦੇ ਦਰਵਾਜ਼ੇ ਅਗੇ ਖੜੋਤਾ ਕਿਸੇ ਦੀ ਉਡੀਕ ਕਰ ਰਿਹਾ ਸੀ। ਫੀਬਸ ਨੇ ਸਰਸਰੀ ਨਜ਼ਰ ਨਾਲ ਉਸ ਵਲ ਤਕਿਆ ਤੇ ਫੇਰ ਅਗੇ ਵਧ ਗਿਆ।

ਔਤਲ ਕਾਲਜ ਦੇ ਸਾਹਮਣੇ ਜਾ ਕੇ ਫੀਬਸ ਖੜੋ ਗਿਆ, ਕਿਉਂਕਿ ਜਦੋਂ ਉਹ ਏਥੇ ਪੜ੍ਹਦਾ ਹੁੰਦਾ ਸੀ ਤਾਂ ਬਰਬਨ ਦੇ ਬਾਦਸ਼ਾਹ ਦੇ ਬੁਤ ਨੂੰ ਉਹ ਸਲਾਮ ਕਰਦਾ ਹੁੰਦਾ ਸੀ ਜਿਹੜਾ ਕਿ ਕਾਲਜ ਦੇ ਦਰਵਾਜ਼ੇ ਦੇ ਸੱਜੇ ਪਾਸੇ ਖੜੋਤਾ ਸੀ। ਇਸ ਲਈ ਹੁਣ ਵੀ ਉਹ ਬੁਤ ਨੂੰ ਸਲਾਮ ਕਰਨ ਲਈ ਖੜੋ ਗਿਆ। ਗਲੀ ਵਿਚ ਬਿਲਕੁਲ ਸੁੰਨ ਵਰਤੀ ਹੋਈ ਸੀ। ਹਨੇਰੇ ਵਿਚੋਂ ਉਸ ਨੇ ਕਿਸੇ ਨੂੰ ਆਪਣੀ ਵਲ ਆਉਂਦਿਆਂ ਵੇਖਿਆ। ਜਦ ਉਹ ਉਸ ਦੇ ਬਹੁਤ ਨੇੜੇ ਆ ਗਿਆ ਤਾਂ ਉਸਨੂੰ ਉਹੀ ਆਦਮੀ ਨਜ਼ਰੀਂ ਆਇਆ ਜਿਸ ਨੂੰ ਉਹ ਪਿਛੇ ਛਡ ਆਇਆ ਸੀ। ਫੀਬਸ ਉਸ ਬੁਤ ਕੋਲ ਚੁਪ ਚਾਪ ਬੁਤ ਬਣਿਆ ਖੜੋਤਾ ਰਿਹਾ।

ਕਪਤਾਨ ਉਂਜ ਤਾਂ ਭਾਵੇਂ ਬੜਾ ਬਹਾਦਰ ਸੀ ਪਰ ਇਸ ਵੇਲੇ ਉਸਨੂੰ ਹਥਾਂ ਪੈਰਾਂ ਦੀ ਪੈ ਗਈ ਕਿਉਂਕਿ ਉਸ ਨੇ ਇਸ ਗਲੀ ਵਿਚ ਡਾਕੇ ਪੈਣ ਦੀਆਂ ਕਈ ਘਟਨਾਵਾਂ ਸੁਣੀਆਂ ਹੋਈਆਂ ਸਨ। ਏਨੇ ਨੂੰ ਉਹ ਆਦਮੀ ਉਸ



Digitized by Panjab Digital Library | www.panjabdigilib.org

ਦੇ ਲਾਗੇ ਆ ਗਿਆ। ਪਹਿਲੇ ਤਾਂ ਫੀਬਸ ਥੋੜਾ ਚਿਰ ਚੁਪ ਚਾਪ ਖੜੋਤਾ ਰਿਹਾ ਪਰ ਅਖ਼ੀਰ ਹੌਸਲਾ ਕਰ ਕੇ ਕਹਿਣ ਲਗਾ:–

"ਸ੍ਰੀ ਮਾਨ ਜੀ, ਜੇ ਤੁਸੀ ਚੋਰ ਹੋ, ਜਿਵੇਂ ਕਿ ਮੈਂ ਖ਼ਿਆਲ ਕਰਦਾ ਹਾਂ, ਤਾਂ ਤੁਹਾਡੀ ਮਿਹਨਤ ਅਜਾਈਂ ਜਾਏਗੀ। ਜਾ ਕੇ ਕਿਸੇ ਬੜੀ ਮੁਰਗੀ ਨੂੰ ਫਸਾਓ। ਮੈਂ ਤਾਂ ਇਕ ਗਰੀਬ, ਅਵਾਰਾ-ਗਰਦ ਬੰਦਾ ਹਾਂ।" ਫੀਬਸ ਨੇ ਜ਼ਰਾ ਗਹੁ ਨਾਲ ਉਸ ਵਲ ਤਕਿਆ ਤੇ ਪਲ ਕੁ ਠਹਿਰ ਕੇ ਕਹਿਣ ਲਗਾ "ਜੇ ਮੇਰੀ ਮੰਨੋਂ ਤਾਂ ਇਸ ਕਾਲਜ ਦੇ ਗਿਰਜੇ ਵਿਚ ਜਾਓ। ਉਥੇ ਚਾਂਦੀ ਦੀਆਂ ਸਲੀਬਾਂ ਪਈਆਂ ਹਨ।"

ਉਸ ਆਦਮੀ ਨੇ ਜੇਬ ਵਿਚੋਂ ਹੱਥ ਕਢਿਆ ਤੇ ਫੀਬਸ ਨੂੰ ਘੁਟ ਕੇ ਬਾਂਹ ਤੋਂ ਫੜ ਲਿਆ ਅਤੇ ਕਹਿਣ ਲਗਾ; "ਕਪਤਾਨ ਫੀਬਸ"।

"ਕੀ ਤੁਸੀਂ ਮੇਰਾ ਨਾਂ ਜਾਣਦੇ ਹੋ ?" ਫੀਬਸ ਹੈਰਾਨ ਹੋ ਕੇ ਬੋਲਿਆ।

"ਮੈਂ ਤੁਹਾਡਾ ਕੇਵਲ ਨਾਂ ਹੀ ਨਹੀਂ ਜਾਣਦਾ" ਉਸ ਆਦਮੀ ਨੇ ਕਿਹਾ, "ਸਗੋਂ ਮੈਨੂੰ ਇਹ ਵੀ ਪਤਾ ਹੈ ਕਿ ਹੁਣ ਤੁਸੀਂ ਇਕ ਕੁੜੀ ਨੂੰ ਮਿਲਣ ਜਾ ਰਹੇ ਹੋ।"

"ਹਾਂ, ਹਾਂ" ਫੀਬਸ ਹੋਰ ਹੈਰਾਨ ਹੋ ਕੇ ਬੋਲਿਆ।

"ਅਤੇ ਸਾਢੇ ਸੱਤ ਵਜੇ।"

"ਹਾਂ – ਅਤੇ ... ..."

"ਅਤੇ ਉਸ ਕੁੜੀ ਦਾ ਨਾਂ ...?"

ਫੀਬਸ ਨੇ ਉਸਦੀ ਗਲ ਨੂੰ ਵਿਚੋਂ ਹੀ ਕਟਦਿਆਂ ਹੋਇਆਂ ਕਾਹਲੀ ਨਾਲ ਕਿਹਾ, "ਅਸਮਰ"।

ਉਸ ਆਦਮੀ ਦੀ ਨਜ਼ਰ ਫੀਬਸ ਦੇ ਗਲੇ ਨਾਲ ਲਟਕ ਰਹੀ ਤਲਵਾਰ ਤੇ ਪਈ ਅਤੇ ਉਸ ਦੇ ਹੱਥ ਵੀ ਮਿਆਨ ਵਲ ਵਧੇ। ਦੋਹਾਂ ਨੇ ਤਲਵਾਰਾਂ ਸੂਤ ਲਈਆਂ। ਫੀਬਸ ਦੰਦਾਂ ਨੂੰ ਪੀਂਹਦਾ ਹੋਇਆ ਬੋਲਿਆ, "ਆਓ ਅਗੇ ਵਧੋ! ਮੇਰੀ ਤਲਵਾਰ ਤੁਹਾਡੀ ਧੌਣ ਤੇ ਚਮਕਣ ਲਈ ਬੇ-ਕਰਾਰ ਹੈ" ਉਸ ਆਦਮੀ ਨੇ ਜਦ ਦੇਖਿਆ ਕਿ ਕਪਤਾਨ ਆਪਣੀ ਰਖਿਆ ਚੰਗੀ ਤਰ੍ਹਾਂ ਕਰ ਸਕਦਾ ਹੈ



Digitized by Panjab Digital Library | www.panjabdigilib.org

ਅਤੇ ਹੁਣ ਉਸ ਦੇ ਦਿਲ ਵਿਚੋਂ ਡਰ ਬਿਲਕੁਲ ਜਾਂਦਾ ਰਿਹਾ ਹੈ ਤਾਂ ਮੁਸ-ਕ੍ਰਾਉਂਦਾ ਹੋਇਆ ਕਹਿਣ ਲਗਾ, "ਕਪਤਾਨ ਫੀਬਸ ਤੁਸੀਂ ਤਾਂ ਝਟ ਪਟ ਗਰਮ ਹੋ ਗਏ।"

ਕਪਤਾਨ ਫ਼ਖ਼ਰ ਨਾਲ ਧੌਣ ਉੱਚੀ ਕਰਕੇ ਬੋਲਿਆ, "ਕੁੜੀ ਤੇ ਤਲਵਾਰ ਦੋ ਹੀ ਤਾਂ ਦੁਨੀਆਂ ਵਿਚ ਅਜਿਹੀਆਂ ਚੀਜ਼ਾਂ ਹਨ ਜਿਹੜੀਆਂ ਪਿਆਰ ਕਰਨ ਦੇ ਲਾਇਕ ਹਨ। ਮੈਂ ਇਕ ਦੇ ਬਦਲੇ ਦੂਜੀ ਕਿਉਂ ਛਡਾਂ ਜਦ ਕਿ ਮੈਂ ਦੋਹਾਂ ਨੂੰ ਹਾਸਲ ਕਰ ਸਕਦਾ ਹਾਂ।" ਕਪਤਾਨ ਨੇ ਤਲਵਾਰ ਮਿਆਨ ਵਿਚ ਪਾ ਲਈ ਕਿਉਂਕਿ ਹੁਣ ਉਸ ਨੂੰ ਯਕੀਨ ਹੋ ਗਿਆ ਸੀ ਕਿ ਉਸ ਆਦਮੀ ਉਤੇ ਉਸ ਦਾ ਰੋਹਬ ਪੈ ਗਿਆ ਹੈ।

"ਲਓ, ਸ਼ਾਇਦ ਇਸ ਵੇਲੇ ਤੁਹਾਨੂੰ ਇਸ ਚੀਜ਼ ਦੀ ਬਹੁਤ ਸਖ਼ਤ ਲੋੜ ਹੈ।" ਉਸ ਆਦਮੀ ਨੇ ਫੀਬਸ ਵਲ ਨੂੰ ਇਕ ਰੁਪਿਆ ਵਧਾਂਦਿਆਂ ਹੋਇਆਂ ਕਿਹਾ।

"ਬਹੁਤ ਬਹੁਤ ਧੰਨਵਾਦ। ਤੁਸੀਂ ਤਾਂ ਬੜੇ ਸ਼ਰੀਫ ਆਦਮੀ ਨਜ਼ਰ ਆਉਂਦੇ ਹੋ।" ਫੀਬਸ ਨੇ ਝੁਕਦਿਆਂ ਹੋਇਆਂ ਉਸ ਦਾ ਧੰਨਵਾਦ ਕੀਤਾ।

"ਪਰ ਇਕ ਸ਼ਰਤ ਤੇ" ਉਸ ਓਪਰੇ ਆਦਮੀ ਨੇ ਗਲ ਬਾਤ ਜਾਰੀ ਰਖਦਿਆਂ ਹੋਇਆਂ ਕਿਹਾ, "ਜੇ ਤੁਸੀ ਬੁਰਾ ਨਾ ਮੰਨੋ ਤਾਂ ਮੈਨੂੰ ਵੀ ਆਪਣੇ ਨਾਲ ਲੈ ਚਲੋ ਤਾਂ ਜੋ ਮੈਂ ਵੇਖ ਸਕਾਂ ਕਿ ਮੇਰਾ ਅੰਦਾਜ਼ਾ ਕਿਥੋਂ ਕੁ ਤਕ ਠੀਕ ਹੈ।"

"ਜ਼ਰੂਰ" ਫੀਬਸ ਨੇ ਕਿਹਾ, "ਕੋਈ ਡਰ ਨਹੀਂ। ਤੁਸੀ ਉਸ ਨੂੰ ਜ਼ਰੂਰ ਦੇਖ ਸਕੋਗੇ।"

"ਤਾਂ ਚਲੋ ਫੇਰ"

"ਹਾਂ, ਮੈਂ ਤੁਹਾਡੀ ਹਰ ਸੇਵਾ ਕਰਨ ਲਈ ਤਿਆਰ ਹਾਂ।" ਕਪਤਾਨ ਨੇ ਕਿਹਾ, "ਪਰ ਕਿਹਾ ਚੰਗਾ ਹੁੰਦਾ ਜੇ ਅੱਜ ਰਾਤ ਨੂੰ ਹੀ ਆਪਾਂ ਡੂੰਘੇ ਮਿਤ੍ਰ ਬਣ ਜਾਈਏ। ਸਵੇਰੇ ਮੈਂ ਆਪਣਾ ਕਰਜ਼ਾ ਧੰਨਵਾਦ ਸਹਿਤ ਚੁਕਾ ਦਿਆਂਗਾ।"



Digitized by Panjab Digital Library | www.panjabdigilib.org

ਉਹ ਕਾਹਲੀ ਕਾਹਲੀ ਪੈਰ ਪੁਟਦੇ ਅਗੇ ਵਧਦੇ ਗਏ ਅਤੇ ਕੁਝ ਕੁ ਮਿੰਟਾਂ ਵਿਚ ਹੀ ਇਕ ਅਜਿਹੀ ਥਾਂ ਤੇ ਪੁਜ ਗਏ ਜਿਥੋਂ ਦਰਿਆ ਦਾ ਪਾਣੀ ਵਗਦਾ ਸੁਣਾਈ ਦੇਂਦਾ ਸੀ। ਹੁਣ ਉਹ ਸੰਤ ਮਿਚਲ ਤੇ ਪੁਜ ਗਏ ਸਨ।

"ਪਹਿਲੇ ਤਾਂ ਮੈਂ ਤੁਹਾਡੀ ਉਸ ਨਾਲ ਜਾਣ ਪਛਾਣ ਕਰਾਵਾਂਗਾ, ਅਤੇ ਫੇਰ ਜਾ ਕੇ ਉਸ ਕੁੜੀ ਨੂੰ ਲੈ ਆਵਾਂਗਾ।" ਫੀਬਸ ਨੇ ਕਿਹਾ ਪਰ ਉਸ ਦੇ ਸਾਥੀ ਨੇ ਕੋਈ ਉਤਰ ਨਾ ਦਿਤਾ ਅਤੇ ਉਹ ਚੁਪ ਚਾਪ ਕਾਫ਼ੀ ਦੂਰ ਤਕ ਤੁਰੇ ਗਏ। ਫੀਬਸ ਇਕ ਮਕਾਨ ਦੇ ਬੂਹੇ ਅਗੇ ਰੁਕਿਆ ਅਤੇ ਕੁੰਡਾ ਖੜਕਾਇਆ।

"ਕੌਣ ਹੈ?" ਇਕ ਮਧਮ ਜਿਹੀ ਆਵਾਜ਼ ਅੰਦਰੋਂ ਆਈ।

"ਕਪਤਾਨ" ਫੀਬਸ ਨੇ ਉਤਰ ਕਿਹਾ।

ਅੰਦਰੋਂ ਦਰਵਾਜ਼ਾ ਖੁਲ੍ਹਿਆ, ਲੋ ਦਿਸੀ ਅਤੇ ਇਕ ਬੁਢੀ ਟੁਟਾ ਹੋਇਆ ਦੀਵਾ ਹੱਥ ਵਿਚ ਫੜੀ ਬਾਹਰ ਆਈ। ਦੀਵੇ ਦੀ ਲੋ ਤੇ ਬੁਢੀ ਦਾ ਸਰੀਰ ਦੋਵੇਂ ਕੰਬ ਰਹੇ ਸਨ। ਇਸ ਦੇ ਪਿਛੋਂ ਦੋਵੇਂ ਸਾਥੀ ਬੁਢੀ ਦੇ ਘਰ ਅੰਦਰ ਚਲੇ ਗਏ ਜਿਹੜਾ ਕੁਤਿਆਂ ਦੇ ਰਹਿਣ ਵਾਲਾ ਮਲੂਮ ਹੁੰਦਾ ਸੀ। ਕਪਤਾਨ ਨੇ ਜਿਹੜਾ ਰੁਪਿਆ ਆਪਣੇ ਸਾਥੀ ਪਾਸੋਂ ਲਿਆ ਸੀ, ਬੁਢੀ ਨੂੰ ਦੇ ਦਿਤਾ ਅਤੇ ਉਸ ਨੇ ਚੋਗੇ ਵਿਚ ਪਾ ਲਿਆ। ਫੇਰ ਉਹ ਉਨ੍ਹਾਂ ਨੂੰ ਨਾਲ ਲੈ ਕੇ ਪੌੜੀਆਂ ਵਲ ਤੁਰ ਪਈ। ਉਪਰਲੀ ਛੱਤ ਵਿਚ ਪੁਜ ਕੇ ਉਸ ਨੇ ਦੀਵਾ ਇਕ ਬਾਰੀ ਵਿਚ ਰਖ ਦਿਤਾ। ਫੀਬਸ ਨੇ ਬੂਹਾ ਖੋਹਲਿਆ ਅਤੇ ਆਪਣੇ ਸਾਥੀ ਨੂੰ ਅੰਦਰ ਜਾਣ ਲਈ ਕਿਹਾ। ਉਹ ਆਪਣੀ ਥਾਂ ਤੋਂ ਉਠਿਆ ਤੇ ਝੁਕਦਾ ਝੁਕਦਾ ਕਮਰੇ ਦੇ ਅੰਦਰ ਚਲਾ ਗਿਆ। ਬੁਢੀ ਤੇ ਫੀਬਸ ਹੇਠਾਂ ਜਾਣ ਲਈ ਪੌੜੀਆਂ ਵਲ ਨੂੰ ਵਧੇ। ਕਮਰੇ ਵਿਚ ਬਿਲਕੁਲ ਹਨੇਰਾ ਹੋ ਗਿਆ।



Digitized by Panjab Digital Library | www.panjabdigilib.org

## ੧੩

ਇਹ ਕਮਰਾ ਜਿਸ ਵਿਚ ਫੀਬਸ ਆਪਣੇ ਸਾਥੀ ਨੂੰ ਬੰਦ ਕਰ ਗਿਆ ਸੀ, ਬਹੁਤ ਹੀ ਤੰਗ ਤੇ ਹਨੇਰਾ ਸੀ। ਉਸ ਵਿਚ ਨਾ ਕੋਈ ਬਾਰੀ ਸੀ ਅਤੇ ਨਾ ਰੋਸ਼ਨਦਾਨ। ਇਸ ਲਈ ਉਸਦਾ ਦਮ ਘੁਟਣਾ ਸ਼ੁਰੂ ਹੋ ਗਿਆ। ਏਥੋਂ ਤਕ ਕਿ ਉਸਦਾ ਸਿਰ ਚਕਰਾਉਣ ਲਗ ਪਿਆ। ਉਹ ਕਮਰੇ ਦੇ ਫ਼ਰਸ਼ ਤੇ ਬੈਠ ਗਿਆ।

ਉਸੇ ਵੇਲੇ ਲਕੜੀ ਦੀ ਪੌੜੀ ਤੇ ਪੈਰਾਂ ਦਾ ਖੜਾਕ ਸੁਣਾਈ ਦਿਤਾ। ਕੁਝ ਕੁ ਪਲਾਂ ਪਿਛੋਂ ਦਰਵਾਜ਼ਾ ਖੁਲ੍ਹਿਆ ਤੇ ਲੋ ਨਜ਼ਰੀਂ ਪਈ। ਜਿਸ ਕਮਰੇ ਵਿਚ ਉਹ ਬੰਦ ਸੀ ਉਸ ਦੇ ਦਰਵਾਜ਼ੇ ਵਿਚ ਇਕ ਛੋਟਾ ਜਿਹਾ ਛੇਕ ਸੀ। ਉਹ ਦੂਜੇ ਕਮਰੇ ਵਿਚ ਇਸ ਛੇਕ ਵਿਚੋਂ ਦੀ ਝਾਕਣ ਲਗਾ। ਪਹਿਲੇ ਬੁਢੀ ਦੀਵਾ ਲੈ ਕੇ ਆਈ। ਇਸਦੇ ਪਿਛੋਂ ਫੀਬਸ ਮੁਛਾਂ ਨੂੰ ਤਾ ਦੇਂਦਾ ਹੋਇਆ ਆਇਆ। ਅਸਮਰ ਉਸ ਦੇ ਨਾਲ ਸੀ। ਉਹ ਆਦਮੀ ਕੰਬ ਉਠਿਆ। ਉਸ ਦੀਆਂ ਅੱਖਾਂ ਅਗੇ ਹਨੇਰਾ ਛਾ ਗਿਆ ਤੇ ਦਿਲ ਜ਼ੋਰ ਜ਼ੋਰ ਦੀ ਧੜਕਨ ਲਗ ਪਿਆ। ਉਸ ਦਾ ਦਿਮਾਗ਼ ਚਕਰਾ ਗਿਆ ਅਤੇ ਉਹ ਬੇਹੋਸ਼ ਜਿਹਾ ਹੋ ਗਿਆ। ਇਸ ਦੇ ਪਿਛੋਂ ਉਸ ਨੂੰ ਹੋਸ਼ ਆਈ ਤਾਂ ਉਸ ਨੇ ਫੀਬਸ ਤੇ ਅਸਮਰ ਨੂੰ ਉਸੇ ਕਮਰੇ ਵਿਚ ਫ਼ਰਸ਼ ਤੇ ਬੈਠੇ ਵੇਖਿਆ। ਦੀਵਾ ਉਨ੍ਹਾਂ ਦੇ ਲਾਗੇ ਹੀ ਜਗ ਰਿਹਾ ਸੀ। ਅਸਮਰ ਨੇ ਸ਼ਰਮ ਨਾਲ ਧੌਣ ਨੀਵੀਂ ਪਾਈ ਹੋਈ ਸੀ। ਉਸ ਦੀਆਂ ਬੇ-ਚੈਨ ਉਂਗਲ਼ਾਂ ਫ਼ਰਸ਼ ਤੇ ਲਕੀਰਾਂ ਖਿੱਚ ਰਹੀਆਂ ਸਨ। ਉਸ ਦੇ ਪੈਰ ਦਿਖਾਈ ਨਹੀਂ ਸਨ ਦੇਂਦੇ ਕਿਉਂਕਿ ਉਨ੍ਹਾਂ ਤੇ ਉਸ ਦੀ ਬਕਰੀ ਬੈਠੀ ਹੋਈ ਸੀ।

"ਮੇਰੇ ਪਿਆਰੇ ਫੀਬਸ ਕਿਧਰੇ ਮੈਨੂੰ ਧੋਖਾ ਨਾ ਦੇ ਜਾਣਾ।" ਅਸਮਰ ਨੇ ਪਿਆਰ ਭਰੇ ਮਿਠੇ ਲਹਿਜੇ ਵਿਚ ਕਿਹਾ। ਉਸ ਦੀਆਂ ਅੱਖਾਂ ਫ਼ਰਸ਼ ਤੇ



Digitized by Panjab Digital Library | www.panjabdigilib.org

ਗੱਡੀਆਂ ਹੋਈਆਂ ਸਨ।

"ਇਹ ਵੀ ਕਦੇ ਹੋ ਸਕਦਾ ਹੈ, ਮੇਰੀ ਜਾਨ" ਕਪਤਾਨ ਨੇ ਮੁਸ-ਕ੍ਰਾਉਂਦਿਆਂ ਹੋਇਆਂ ਉਤਰ ਦਿਤਾ।

"ਆਹ – ਮੈਂ ਤੁਹਾਨੂੰ ਕਿੰਨਾ ਪਿਆਰ ਕਰਦੀ ਹਾਂ, ਇਹ ਮੈਂ ਹੀ ਜਾਣਦੀ ਹਾਂ।" ਅਸਮਰ ਨੇ ਹਉਕਾ ਲੈਂਦਿਆਂ ਹੋਇਆਂ ਕਿਹਾ ਅਤੇ ਆਪ-ਣੀਆਂ ਨਸ਼ੀਲੀਆਂ ਅੱਖਾਂ ਉਤਾਂਹ ਚੁਕੀਆਂ। ਉਨ੍ਹਾਂ ਵਿਚ ਪਿਆਰ ਦੇ ਹੰਝੂ ਡਲ੍ਹਕ ਰਹੇ ਸਨ।

"ਕੀ ਤੁਸੀਂ ਸਚ ਮੁਚ ਮੈਨੂੰ ਦਿਲੋਂ ਪਿਆਰ ਕਰਦੇ ਹੋ?" ਕਪਤਾਨ ਨੇ ਉਸ ਦੀ ਨਾਜ਼ਕ ਜਹੀ ਬਾਂਹ ਨੂੰ ਫੜਦਿਆਂ ਹੋਇਆਂ ਕਿਹਾ।

"ਫੀਬਸ" ਅਸਮਰ ਨੇ ਉਸਦੀਆਂ ਅੱਖਾਂ ਵਿਚ ਅੱਖਾਂ ਸੁਟਦਿਆਂ ਹੋਇਆਂ ਕਿਹਾ, "ਆਹ, ਫੀਬਸ ਤੁਸੀਂ ਬੜੇ ਚੰਗੇ ਹੋ, ਬੜੇ ਦਿਆਵਾਨ ਹੋ, ਬੜੇ ਸੋਹਣੇ ਹੋ। ਤੁਸੀ ਮੈਨੂੰ ਬਚਾਇਆ ਇਕ ਗ਼ਰੀਬ ਤੇ ਨਿਆਸਰੀ ਕੁੜੀ ਨੂੰ। ਚਿਰ ਹੋਇਆ ਮੈਂ ਇਕ ਸੁਪਨਾ ਵੇਖਿਆ ਸੀ ਕਿ ਮੈਨੂੰ ਇਕ ਅਫ਼ਸਰ ਬਚਾਏਗਾ। ਉਹ ਤੁਸੀਂ ਹੀ ਸੀ ਫੀਬਸ, ਮੇਰੇ ਸੁਪਨਿਆਂ ਦੇ ਮਾਲਕ! ਮੈਂ ਤੁਹਾਨੂੰ ਦਿਲੋਂ ਪਿਆਰ ਕਰਦੀ ਹਾਂ ਅਤੇ ਤੁਹਾਡੀ ਤਲਵਾਰ ਨੂੰ ਵੀ। ਤੁਹਾਡਾ ਨਾਂ ਫੀਬਸ – ਆਹ ਕਿਡਾ ਪਿਆਰਾ ਨਾਂ ਹੈ। ਆਪਣੀ ਤਲਵਾਰ ਜ਼ਰਾ ਮੈਨੂੰ ਵਖਾਓ ਫੀਬਸ ਤਾਂ ਜੋ ਮੈਂ ਇਸ ਨੂੰ ਚੁੰਮ ਲਵਾਂ।"

"ਫੀਬਸ ਨੇ ਆਪਣੀ ਤਲਵਾਰ ਮਿਆਨੋਂ ਬਾਹਰ ਕਢੀ ਅਤੇ ਮੁਸਕ੍ਰਾਉਣ ਲਗਾ। ਟੱਪਰੀਵਾਸ ਕੁੜੀ ਨੇ ਪਹਿਲੇ ਤਾਂ ਉਸ ਦੇ ਦਸਤੇ ਨੂੰ ਫੜਿਆ, ਫੇਰ ਉਸ ਦੀ ਧਾਰ ਨੂੰ ਵੇਖਿਆ ਅਤੇ ਉਸ ਨੂੰ ਚੁੰਮਦਿਆਂ ਹੋਇਆਂ ਕਹਿਣ ਲਗੀ, "ਤੂੰ ਇਕ ਬਹਾਦਰ ਕਪਤਾਨ ਦੀ ਤਲਵਾਰ ਏਂ ਜਿਸ ਨੂੰ ਮੈਂ ਪਿਆਰ ਕਰਦੀ ਹਾਂ।"

ਜਦ ਉਹ ਤਲਵਾਰ ਨੂੰ ਚੁੰਮਣ ਲਈ ਨੀਵੀਂ ਹੋਈ ਤਾਂ ਫੀਬਸ ਉਸ ਤੇ ਝੁਕਿਆ ਅਤੇ ਚਾਹੁੰਦਾ ਸੀ ਕਿ ਉਸ ਦੀ ਧੌਣ ਨੂੰ ਚੁੰਮ ਲਵੇ ਪਰ ਉਹ



Digitized by Panjab Digital Library | www.panjabdigilib.org

ਕਾਹਲੀ ਨਾਲ ਜ਼ਰਾ ਪਰ੍ਹਾਂ ਸਰਕ ਗਈ। ਉਸ ਦੀਆਂ ਗਲ੍ਹਾਂ ਸ਼ਰਮ ਨਾਲ ਭੱਖ ਉਠੀਆਂ। ਫੀਬਸ ਦਾ ਸਾਥੀ ਹਨੇਰੇ ਵਿਚ ਖੜੋਤਾ ਦੰਦਾਂ ਨੂੰ ਪੀਹ ਰਿਹਾ ਸੀ।

"ਪਿਆਰੇ ਫੀਬਸ" ਕੁੜੀ ਨੇ ਕਿਹਾ, "ਜ਼ਰਾ ਕਮਰੇ ਵਿਚ ਟਹਿਲੋ। ਮੈਂ ਤੁਹਾਡੇ ਸਰੂ ਜਿਡੇ ਕਦ ਨੂੰ ਤੱਕ ਕੇ ਖ਼ੁਸ਼ ਹੋਣਾ ਚਾਹੁੰਦੀ ਹਾਂ ਅਤੇ ਤੁਹਾਡੇ ਫ਼ੌਜੀ ਬੂਟਾ ਦੀ ਆਵਾਜ਼ ਤਾਂ ਮੇਰੇ ਲਈ ਇਲਾਹੀ ਨਾਦ ਹੈ। ਆਹ ਤੁਸੀਂ ਕਿਡੇ ਸੋਹਣੇ ਹੋ।"

ਫੀਬਸ ਉਠ ਕੇ ਕਮਰੇ ਵਿਚ ਟਹਿਲਣ ਲਗ ਪਿਆ। ਅਸ਼ਮਰ ਨੇ ਪਹਿਲੇ ਤਾਂ ਉਸ ਵਲ ਗਹੁ ਨਾਲ ਤਕਿਆ ਫੇਰ ਅੱਖਾਂ ਬੰਦ ਕਰ ਕੇ ਮਸਤੀ ਵਿਚ ਝੂੰਮਣ ਲਗ ਪਈ। ਫੀਬਸ ਫੇਰ ਉਸ ਪਾਸ ਆ ਬੈਠਾ ਅਤੇ ਕਹਿਣ ਲਗਾ, "ਅਸਮਰ ਜੀ ਜ਼ਰਾ ਮੇਰੀ ਵਲ ਤਕੋ ਤੇ ਸਹੀ।"

"ਨਹੀਂ, ਨਹੀਂ" ਅਸਮਰ ਬੋਲੀ, ਮੈਂ ਤੁਹਾਡੀ ਵਲ ਨਹੀਂ ਵੇਖਾਂਗੀ। ਪਹਿਲੇ ਮੈਨੂੰ ਇਹ ਦਸੋ ਕਿ ਤੁਸੀਂ ਮੈਨੂੰ ਪਿਆਰ ਕਰਦੇ ਹੋ ਜਾਂ ਨਹੀਂ?"

"ਮੇਰੀ ਅਸਮਰ, ਮੈਂ ਤੈਨੂੰ ਦਿਲੋਂ ਪਿਆਰ ਕਰਦਾ ਹਾਂ" ਕਪਤਾਨ ਬੋਲਿਆ, "ਮੇਰਾ ਤਨ, ਮਨ, ਧਨ, ਸਭ ਤੇਰੇ ਚਰਨਾਂ ਤੋਂ ਨਿਛਾਵਰ ਹੈ।"

"ਆਹ, ਇਹ ਘੜੀਆਂ ਕਿਨੀਆਂ ਰੰਗੀਨ ਨੇ।" ਅਸਮਰ ਨੇ ਮਸਤੀ ਵਿਚ ਝੂੰਮਦਿਆਂ ਹੋਇਆਂ ਕਿਹਾ।

"ਸਚ ਮੁਚ ਬਹੁਤ ਹੀ ਰੰਗੀਨ ਨੇ ਮੇਰੇ ਜੀਵਨ।" ਫੀਬਸ ਨੇ ਉਤਰ ਦਿਤਾ।

"ਤੁਹਾਡਾ ਮਜ਼੍ਹਬ ਕੀ ਏ? ਮੇਰੇ ਪਿਆਰੇ ਕਪਤਾਨ।" ਅਸਮਰ ਦੇ ਉਸਦੀਆਂ ਅੱਖਾਂ ਨਾਲ ਅੱਖਾਂ ਮਿਲਾਉਂਦਿਆਂ ਹੋਇਆਂ ਪੁਛਿਆ।

"ਮੇਰੇ ਮਜ਼੍ਹਬ ਨੂੰ ਤੁਸੀਂ ਕੀ ਕਹਿਣਾ ਏਂ?"

"ਤਾਂ ਜੋ ਮੈਂ ਤੁਹਾਡੇ ਨਾਲ ਵਿਆਹ ਕਰ ਸਕਾਂ।" ਅਸਮਰ ਨੇ ਕਿਹਾ।

"ਕੀ ਵਿਆਹ ਤੋਂ ਬਿਨਾਂ ਸਾਡਾ ਪਿਆਰ ਜੀਊਂਦਾ ਨਹੀਂ ਰਹਿ



Digitized by Panjab Digital Library | www.panjabdigilib.org

ਸਕਦਾ ?" ਕਪਤਾਨ ਨੇ ਕਿਹਾ, "ਮੇਰੇ ਖ਼ਿਆਲ ਵਿਚ ਵਿਆਹ ਪਿਆਰ ਦੀ ਮੌਤ ਹੈ ।"

ਅਸਮਰ ਦਾ ਰੰਗ ਪੀਲਾ ਹੋ ਗਿਆ ਅਤੇ ਉਸ ਨੇ ਆਪਣਾ ਸਿਰ ਨੀਵਾਂ ਕਰ ਲਿਆ । ਫੀਬਸ ਉਸ ਦੇ ਬਹੁਤ ਨੇੜੇ ਹੋ ਗਿਆ । ਫੀਬਸ ਦਾ ਸਾਥੀ ਨਾਲ ਦੇ ਕਮਰੇ ਵਿਚ ਬੈਠਾ ਇਹ ਸਭ ਕੁਝ ਵੇਖ ਰਿਹਾ ਸੀ । ਇਸ ਵੇਲੇ ਉਹ ਦੋਹਾਂ ਨੂੰ ਇਸ ਤਰ੍ਹਾਂ ਵੇਖ ਰਿਹਾ ਸੀ ਜਿਸ ਤਰ੍ਹਾਂ ਭੁਖਾ ਸ਼ੇਰ ਪਿੰਜਰੇ ਵਿਚੋਂ ਆਪਣੇ ਸ਼ਿਕਾਰ ਨੂੰ ਵੇਖਦਾ ਹੈ ।

ਏਨੇ ਨੂੰ ਫੀਬਸ ਨੇ ਅਸਮਰ ਦੀ ਕਮੀਜ਼ ਲਾਹ ਦਿਤੀ । ਉਹ ਤ੍ਰਬਕ ਉਠੀ ਜਿਵੇਂ ਕੋਈ ਰੰਗੀਨ ਸੁਪਨਾ ਵੇਖ ਰਹੀ ਸੀ । ਉਸ ਨੇ ਸ਼ਰਮ ਨਾਲ ਦੋਹਾਂ ਹਥਾਂ ਨਾਲ ਆਪਣੀ ਛਾਤੀ ਢੱਕ ਲਈ । ਕਪਤਾਨ ਨੇ ਉਸਦੇ ਗਲ ਵਿਚ ਪਿਆ ਜ਼ਮੁਰਦ ਹੱਥ ਵਿਚ ਫੜ ਲਿਆ ਅਤੇ ਉਸਨੂੰ ਬੜੇ ਗਹੁ ਨਾਲ ਵੇਖਣ ਲਗਾ ।

"ਇਸ ਨੂੰ ਹਥ ਨਾ ਲਾਉ ।" ਅਸਮਰ ਨੇ ਕਿਹਾ, ਇਹ ਓਹੀ ਜ਼ਮੁਰਦ ਹੈ ਜਿਸ ਦੀ ਸਹਾਇਤਾ ਨਾਲ ਹੋ ਸਕਦਾ ਮੈਂ ਕਦੇ ਨਾ ਕਦੇ ਆਪਣੇ ਮਾਤਾ ਪਿਤਾ ਨੂੰ ਮਿਲ ਸਕਾਂ । ਲਿਆਓ ਮੇਰੀ ਕਮੀਜ਼ ਮੈਨੂੰ ਮੋੜ ਦਿਓ ।"

"ਇਸ ਦਾ ਮਤਲਬ ਇਹ ਹੋਇਆ ਕਿ ਤੁਸੀਂ ਮੈਨੂੰ ਬਿਲਕਲ ਪਿਆਰ ਨਹੀਂ ਕਰਦੇ ।" ਕਪਤਾਨ ਨੇ ਕਿਹਾ ।

"ਕੀ ਮੈਂ ਤੁਹਾਨੂੰ ਪਿਆਰ ਨਹੀਂ ਕਰਦੀ ?" ਅਸਮਰ ਨੇ ਗਲ ਬਾਤ ਜਾਰੀ ਰਖਦਿਆਂ ਹੋਇਆਂ ਕਿਹਾ, "ਮੈਂ ਤੁਹਾਨੂੰ ਪਿਆਰ ਨਹੀਂ ਕਰਦੀ, ਇਹ ਤੁਸੀਂ ਕੀ ਕਹਿ ਰਹੇ ਹੋ ? ਆਹ ! ਏਦਾਂ ਨਾ ਕਹੋ, ਮੇਰੇ ਦਿਲ ਦੇ ਟੋਟੇ ਟੋਟੇ ਹੋ ਰਹੇ ਹਨ । ਮੇਰੀ ਰੂਹ, ਮੇਰੇ ਸਰੀਰ ਦੇ ਮਾਲਕ, ਮੈਂ ਤੁਹਾਡੀ ਨੌਕਰਾਣੀ ਹਾਂ । ਮੈਂ ਤੁਹਾਡੇ ਚਰਨ ਚੁੰਮਾਗੀ, ਤੁਹਾਡੀਆਂ ਜੁਤੀਆਂ ਦੀ ਧੂੜ ਝਾੜਾਂਗੀ ਅਤੇ ਜਦ ਤੁਸੀਂ ਆਪਣੀ ਫ਼ੌਜੀ ਵਰਦੀ ਪਾ ਕੇ ਤੁਰੋਗੇ ਤਾਂ ਮੇਰੀਆਂ ਅੱਖਾਂ



Digitized by Panjab Digital Library | www.panjabdigilib.org

ਤੁਹਾਡੇ ਰਾਹ ਵਿਚ ਵਿਛ ਜਾਣਗੀਆਂ। ਆਹ ! ਮੈਂ ਇਕ ਟੱਪਰੀਵਾਸ ਨਾਚੀ ਹੁੰਦਿਆਂ ਹੋਇਆਂ ਵੀ ਕਿਡੀ ਖ਼ੁਸ਼-ਕਿਸਮਤ ਹਾਂ ਕਿ ਮੈਨੂੰ ਇਕ ਕਪਤਾਨ ਪਿਆਰ ਕਰਦਾ ਹੈ। ਆਹ, ਮੇਰੇ ਕਪਤਾਨ, ਮੇਰੇ ਪਿਆਰੇ ਫੀਬਸ।'' ਇਹ ਕਹਿੰਦਿਆਂ ਹੋਇਆਂ ਉਸਨੇ ਆਪਣੀਆਂ ਬਾਹਾਂ ਉਸ ਦੇ ਗਲ ਵਿਚ ਪਾ ਦਿਤੀਆਂ ਤੇ ਮੁਸਕ੍ਰਾਉਂਦਿਆਂ ਹੋਇਆਂ ਚਿਹਰੇ ਨੂੰ ਉਤਾਂਹ ਚੁਕਿਆ। ਉਸ ਦੀਆਂ ਅੱਖਾ ਵਿਚੋਂ ਹੰਝੂ ਵਹਿ ਰਹੇ ਸਨ। ਅਚਾਨਕ ਉਸਨੂੰ ਕਪਤਾਨ ਦੇ ਸਿਰ ਕੋਲ ਇਕ ਹੋਰ ਸਿਰ ਦਿਖਾਈ ਦਿਤਾ। ਹਨੇਰੇ ਵਿਚ ਇਕ ਹੱਥ ਦਾ ਝਾਉਲਾ ਜਿਹਾ ਪਿਆ, ਜਿਸ ਵਿਚ ਛੁਰਾ ਫੜਿਆ ਹੋਇਆ ਸੀ। ਇਹ ਉਹੀ ਫੀਬਸ ਦਾ ਸਾਥੀ ਸੀ ਜਿਹੜਾਂ ਪਤਾ ਨਹੀਂ ਕਿਵੇਂ ਬਾਹਹ ਨਿਕਲ ਆਇਆ ਸੀ, ਅਸਮਰ ਨੇ ਉਸਨੂੰ ਵੇਖਿਆ ਪਰ ਫੀਬਸ ਉਸਨੂੰ ਨਾ ਵੇਖ ਸਕਿਆ। ਟੱਪਰੀ-ਵਾਸ ਕੁੜੀ ਦੀਆਂ ਰਗਾਂ ਵਿਚ ਚਲ ਰਿਹਾ ਖ਼ੂਨ ਜੰਮ ਗਿਆ। ਉਹ ਚੀਕ ਮਾਰਨੀ ਚਾਹੁੰਦੀ ਸੀ ਪਰ ਉਸ ਵਿਚ ਤਾਕਤ ਨਹੀਂ ਸੀ। ਉਸ ਨੇ ਹੱਥ ਦੇ ਇਸ਼ਾਰੇ ਨਾਲ ਫੀਬਸ ਨੂੰ ਦਸਣਾਂ ਚਾਹਿਆ ਕਿ ਕੋਈ ਖ਼ੌਫਨਾਕ ਨਜ਼ਰਾਂ ਉਸ ਨੂੰ ਘੂਰ ਰਹੀਆਂ ਹਨ ਪਰ ਉਸ ਦੇ ਹੱਥ ਵੀ ਬਰਫ਼ ਹੋ ਚੁਕੇ ਸਨ।

ਇਕ ਵਾਰਗੀ ਉਹ ਛੁਰੇ ਵਾਲਾ ਹੱਥ ਕਪਤਾਨ ਵਲ ਵਧਿਆ। "ਲਾਹਨਤ ਏ ਤੇਰੇ ਤੇ, ਡਰਪੋਕ" ਫੀਬਸ ਨੇ ਬਸ ਇਤਨਾ ਹੀ ਕਿਹਾ ਤੇ ਫ਼ਰਸ਼ ਤੇ ਡਿਗਕੇ ਤੜਫਣ ਲਗਾ। ਅਸਮਰ ਬੇ-ਹੋਸ਼ ਹੋ ਗਈ। ਪਰ ਪੂਰੀ ਤਰ੍ਹਾਂ ਬੇ-ਹੋਸ਼ ਹੋਣ ਤੋਂ ਪਹਿਲੇ ਉਸ ਨੇ ਕਿਸੇ ਗਰਮ ਸ਼ੈ ਨੂੰ ਆਪਣੇ ਬੁਲ੍ਹਾਂ ਨਾਲ ਛਹੁੰਦਿਆਂ ਮਹਿਸੂਸ ਕੀਤਾ।

ਇਸ ਦੇ ਪਿਛੋਂ ਜਦ ਉਹ ਹੋਸ਼ ਵਿਚ ਆਈ ਤਾਂ ਉਸਨੇ ਪਹਿਰੇਦਾਰ ਸਿਪਾਹੀਆਂ ਨੂੰ ਆਪਣੇ ਆਲੇ ਦੁਆਲੇ ਖੜੋਤਾ ਵੇਖਿਆ। ਉਹ ਕਪਤਾਨ ਨੂੰ ਫ਼ਰਸ਼ ਤੋਂ ਚੁਕ ਰਹੇ ਸਨ ਜਿਹੜਾ ਲਹੂ ਵਿਚ ਗੜੂੰਦ ਹੋ ਰਿਹਾ ਸੀ। ਉਹ ਓਪਰਾ ਮਨੁਖ ਜਿਸ ਨੇ ਕਪਤਾਨ ਤੇ ਛੁਰੇ ਨਾਲ ਵਾਰ ਕੀਤਾ ਸੀ, ਗੁੰਮ ਸੀ। ਉਹ ਬਾਰੀ ਜਿਹੜੀ ਕਮਰੇ ਦੀ ਪਿਠ · ਵਲ ਨੂੰ ਸੀ ਅਤੇ ਜਿਸ ਦਾ ਰੁਖ਼



Digitized by Panjab Digital Library | www.panjabdigilib.org

ਦਰਿਆ ਵਲ ਨੂੰ ਸੀ, ਖੁਲ੍ਹੀ ਸੀ। ਸਿਪਾਹੀਆਂ ਨੇ ਫ਼ਰਸ਼ ਤੇ ਡਿਗਿਆ ਏ.ਗਾ ਚੁਕਿਆ ਜਿਸ ਨੂੰ ਉਹ ਕਪਤਾਨ ਦਾ ਏ.ਗਾ ਸਮਝੀ ਬੈਠੇ ਸਨ।

"ਇਹੀ ਏ ਉਹ ਡਾਇਣ ਜਿਸ ਨੇ ਕਪਤਾਨ ਤੇ ਵਾਰ ਕੀਤਾ ਹੈ" ਇਸਦੇ ਆਲੇ ਦੁਆਲੇ ਖੜੋਤੇ ਸਿਪਾਹੀਆਂ ਦੀਆਂ ਜ਼ਬਾਨਾਂ ਤੇ ਇਹ ਅੱਖਰ ਘੁੰਮ ਰਹੇ ਸਨ।

## ੧੪

ਇਕ ਦਿਨ ਗੌਰੀ ਜਸਟਿਸ ਹਾਲ ਦੇ ਕੋਲ ਦੀ ਲੰਘਿਆ। ਉਸ ਨੇ ਦਰਵਾਜ਼ੇ ਤੇ ਭੀੜ ਵੇਖੀ ਅਤੇ ਕੁਝ ਹੈਰਾਨ ਜਿਹਾ ਹੋ ਕੇ ਉਸ ਪਾਸੇ ਵਧਿਆ।

"ਇਹ ਭੀੜ ਕਹੀ ਏ ?" ਗੌਰੀ ਨੇ ਦਰਵਾਜ਼ੇ ਤੋਂ ਬਾਹਰ ਨਿਕਲਦੇ ਨੌਜਵਾਨ ਨੂੰ ਪੁਛਿਆ।

"ਕਹਿੰਦੇ ਨੇ ਇਕ ਕੁੜੀ ਨੇ ਕਪਤਾਨ ਫੀਬਸ ਨੂੰ ਕਤਲ ਕਰ ਦਿਤਾ ਹੈ।"

ਨੌਜਵਾਨ ਸੰਖੇਪ ਜਿਹਾ ਉਤਰ ਦੇ ਕੇ ਅਗੇ ਵਧ ਗਿਆ।

ਗੌਰੀ ਇਹ ਸੁਣਦਿਆਂ ਹੀ ਹਾਲ ਵਲ ਨੂੰ ਵਧਿਆ। ਸੂਰਜ ਛੁਪ ਰਿਹਾ ਸੀ ਅਤੇ ਉਸ ਦੀਆਂ ਮਧਮ ਕਿਰਨਾਂ ਪੈਲਸ ਦੀਆਂ ਬਾਰੀਆਂ ਤੇ ਪੈ ਰਹੀਆਂ ਸਨ। ਹਾਲ ਦੇ ਅੰਦਰ ਜਾਂਦਿਆਂ ਹੀ ਉਸ ਨੇ ਅਨ-ਗਿਣਤ ਬਤੀਆਂ ਜਗਦੀਆਂ ਵੇਖੀਆਂ। ਹਾਲ ਵਿਚ ਕਾਫ਼ੀ ਭੀੜ ਲਗੀ ਹੋਈ ਸੀ। ਇਕ ਪਾਸੇ ਜੱਜ ਬੈਠੇ ਸਨ ਜਿਨ੍ਹਾਂ ਦੇ ਸਿਰਾਂ ਤੇ ਕੰਧ ਨਾਲ ਯਸੂਹ ਮਸੀਹ ਦੀ ਫ਼ੋਟੋ ਲਟਕ ਰਹੀ ਸੀ।

"ਮੈਂ ਕਿਹਾ, ਇਹ ਲੋਕੀਂ ਏਥੇ ਕਿਉਂ ਇਕਠੇ ਹੋਏ ਹਨ ?" ਗੌਰੀ ਨੇ



Digitized by Panjab Digital Library | www.panjabdigilib.org

ਆਪਣੇ ਨਾਲ ਦੇ ਸਾਥੀ ਨੂੰ ਪੁਛਿਆ, "ਕੀ ਕੋਈ ਕਤਲ ਹੋ ਗਿਆ ਹੈ ?" ਹਾਂ ਇਕ ਕੁੜੀ ਨੇ ਕਪਤਾਨ ਨੂੰ ਕਤਲ ਕਰ ਦਿਤਾ ਹੈ।" ਉਸ ਆਦਮੀ ਨੇ ਉਤਰ ਦਿਤਾ।

"ਪਰ ਦੋਸ਼ੀ ਤਾਂ ਏਥੇ ਕਿਧਰੇ ਨਜ਼ਰ ਨਹੀਂ ਆਉਂਦੀ।" ਗੌਰੀ ਨੇ ਪੁਛਿਆ।

"ਤੁਸੀ ਉਸ ਨੂੰ ਨਹੀਂ ਦੇਖ ਸਕਦੇ। ਉਸ ਦੀ ਪਿਠ ਸਾਡੀ ਵਲ ਹੈ।" ਉਸ ਆਦਮੀ ਨੇ ਪਬਾਂ ਭਾਰ ਖੜੋਂਦਿਆਂ ਹੋਇਆਂ ਕਿਹਾ, "ਔਹ ਦੇਖੋ ਲੋਕਾਂ ਵਿਚ ਘਿਰੀ ਹੋਈ ਹੈ।"

"ਉਸ ਕੁੜੀ ਦਾ ਨਾਂ ਕੀ ਏ ?' ਗੌਰੀ ਨੇ ਪੁਛਿਆ।

"ਮੈਨੂੰ ਪਤਾ ਨਹੀਂ, ਮੈਂ ਵੀ ਹੁਣੇ ਹੀ ਆਇਆ ਹਾਂ।" ਉਸ ਆਦਮੀ ਨੇ ਉਤਰ ਦਿਤਾ।

ਲਾਗਲੇ ਲੋਕੀਂ ਚੁਪ ਚਾਰ ਖੜੋਤੇ ਇਨ੍ਹਾਂ ਦੀ ਗਲ ਬਾਤ ਸੁਣ ਰਹੇ ਸਨ। ਏਨੇ ਨੂੰ ਕਮਰੇ ਦੇ ਵਿਚਕਾਰੋਂ ਇਕ ਬੁਢੀ, ਜਿਸ ਦੇ ਮੂੰਹ ਤੇ ਝੁਰੜੀਆਂ ਪਈਆਂ ਹੋਈਆਂ ਸਨ, ਬੋਲੀ, "ਸਰਕਾਰ, ਇਹ ਬਿਲਕੁਲ ਠੀਕ ਹੈ। ਯਕੀਨ ਜਾਣੋ, ਮੈਂ ਜੋ ਕੁਝ ਕਹਾਂਗੀ ਉਸ ਵਿਚ ਓਨੀ ਹੀ ਸਚਾਈ ਹੋਵੇਗੀ ਜਿੰਨੀ ਕਿ ਰੱਬ ਦੇ ਸਾਹਮਣੇ ਆਪਣੇ ਗੁਨਾਹਾਂ ਦਾ ਇਹਤਰਾਫ਼ ਕਰਨ ਲਗਿਆਂ ਮੇਰੇ ਬਿਆਨਾਂ ਵਿਚ ਹੁੰਦੀ ਹੈ।'

"ਮੇਰਾ ਨਾਂ ਫਰੇਲਡ ਹੈ। ਮੈਂ ਦਰਿਆ ਦੇ ਪੁਲ ਦੇ ਲਾਗੇ ਹੀ ਪੁਰਾਣੀ ਆਬਾਦੀ ਵਿਚ ਰਹਿੰਦੀ ਹਾਂ। ਇਕ ਦਿਨ ਤ੍ਰਕਾਲਾਂ ਨੂੰ ਜਦ ਮੈਂ ਘਰ ਹੀ ਸੀ, ਮੇਰੇ ਦਰਵਾਜ਼ੇ ਨੂੰ ਕਿਸੇ ਨੇ ਖੜਕਾਇਆ। "ਕੌਣ ਹੈ ?" ਮੈਂ ਪੁਛਿਆ। ਕਿਸੇ ਨੇ ਉਤਰ ਦਿਤਾ ਤੇ ਮੈਂ ਕੁੰਡਾ ਖੋਹਲ ਦਿਤਾ। ਦੋ ਆਦਮੀ ਅੰਦਰ ਆਏ। ਇਕ ਨੌਜਵਾਨ ਅਫ਼ਸਰ ਸੀ ਤੇ ਦੂਜਾ ਸਿਆਹ ਪੋਸ਼। ਅਫ਼ਸਰ ਨੇ ਮੇਰੇ ਮਕਾਨ ਦਾ ਉਪਰਲਾ ਕਮਰਾ ਕਿਰਾਏ ਤੇ ਲੈਣਾ ਚਾਹਿਆ ਅਤੇ ਮੈਨੂੰ ਇਸ ਦੇ ਬਦਲੇ ਇਕ ਰੁਪਿਆ ਦਿਤਾ। ਖਾਸੀ ਰਕਮ ਸੀ। ਮੈਂ ਉਨ੍ਹਾਂ ਨੂੰ ਉਪਰ ਲੈ ਗਈ ਅਤੇ ਸਿਆਹ ਪੋਸ਼ ਮੇਰੇ ਪਿਛੇ ਹੀ ਪਤਾ ਨਹੀਂ ਕਿਥੇ ਗੁੰਮ



Digitized by Panjab Digital Library | www.panjabdigilib.org

ਹੋ ਗਿਆ। ਮੈਂ ਬੜੀ ਹੈਰਾਨ ਹੋਈ। ਕਪਤਾਨ ਮੁੜ ਆਇਆ ਅਤੇ ਕੁਝ ਚਿਰ ਪਿਛੋਂ ਇਕ ਸੋਹਣੀ ਜਿਹੀ ਕੁੜੀ ਨੂੰ ਆਪਣੇ ਨਾਲ ਲੈ ਆਇਆ। ਉਸਦੇ ਨਾਲ ਇਕ ਸਫ਼ੈਦ ਰੰਗ ਦੀ ਬਕਰੀ ਸੀ। ਮੈਂ ਕੋਈ ਨਾ ਨੁਕਰ ਨ ਕੀਤੀ ।ਕਿਉਂਕਿ ਮੈਂ ਆਪਣੇ ਪੈਸੇ ਲੈ ਚੁਕੀ ਸਾਂ। ਮੈਂ ਉਨ੍ਹਾਂ ਨੂੰ ਆਪਣੇ ਨਾਲ ਉਪਰ ਲੈ ਗਈ ਅਤੇ ਕਮਰੇ ਵਿਚ ਛਡ ਕੇ ਵਾਪਸ ਆਈ ਅਤੇ ਆ ਕੇ ਚਰਖਾ ਕਤਣ ਲਗ ਪਈ। ਮੈਂ ਜਨਾਬ ਨੂੰ ਇਹ ਦੱਸ ਦੇਣਾ ਚਾਹੁੰਦੀ ਹਾਂ ਕਿ ਮੇਰੇ ਮਕਾਨ ਦੇ ਉਸ ਕਮਰੇ ਦੀ ਬਾਰੀ ਦਰਿਆ ਵਲ ਨੂੰ ਖੁਲ੍ਹਦੀ ਹੈ। ਅਚਾਨਕ ਮੇਰੇ ਕੰਨਾਂ ਵਿਚ ਇਕ ਚੀਖ਼ ਸੁਣੀ ਤੇ ਕੋਈ ਚੀਜ਼ ਦਰਿਆ ਵਿਚ ਡਿਗੀ। ਚਾਨਣੀ ਰਾਤ ਸੀ। ਮੈਂ ਸਾਫ਼ ਵੇਖਿਆ ਉਹੀ ਸਿਆਹ ਪੋਸ਼ ਸ਼ਹਿਰ ਵਲ ਨੂੰ ਦਰਿਆ ਵਿਚ ਤਰ ਰਿਹਾ ਸੀ। ਮੈਂ ਪਹਿਰੇਦਾਰਾਂ ਨੂੰ ਆਵਾਜ਼ ਦਿਤੀ। ਉਹ ਭਜੇ ਆਏ ਤੇ ਆਉਂਦਿਆਂ ਹੀ ਮੈਨੂੰ ਕੁਟਣਾ ਸ਼ੁਰੂ ਕਰ ਦਿਤਾ। ਇਸ ਦੇ ਪਿਛੋਂ ਮੈਂ ਉਨ੍ਹਾਂ ਨੂੰ ਸਭ ਕੁਝ ਦਸਿਆ। ਉਹ ਮੇਰੇ ਨਾਲ ਉਪਰ ਗਏ। ਕਮਰਾ ਲਹੂ ਨਾਲ ਭਰਿਆ ਪਿਆ ਸੀ। ਕਪਤਾਨ ਜਿਸ ਦੇ ਗਲ ਵਿਚ ਤਲਵਾਰ ਪਈ ਹੋਈ ਸੀ ਫ਼ਰਸ਼ ਤੇ ਡਿਗਿਆ ਪਿਆਂ ਸੀ। ਸਰਕਾਰ ਇਸ ਤੋਂ ਵਧ ਮੈਨੂੰ ਕੁਝ ਵੀ ਪਤਾ ਨਹੀਂ।"

"ਤੂੰ ਅਦਾਲਤ ਸਾਹਮਣੇ ਕੁਝ ਹੋਰ ਤਾਂ ਨਹੀਂ ਕਹਿਣਾ ਚਾਹੁੰਦੀ?" ਜੱਜ ਨੇ ਐਨਕ ਨੂੰ ਹੱਥ ਨਾਲ ਜ਼ਰਾ ਉਤਾਂਹ ਕਰਦਿਆਂ ਹੋਇਆਂ ਪੁਛਿਆ।

"ਨਹੀਂ ਹਜ਼ੂਰ" ਬੁਢੀ ਨੇ ਉਤਰ ਦਿਤਾ।

"ਹੁਣ ਦੋਸ਼ੀ ਨੂੰ ਕਹਿਣ ਦੀ ਆਗਿਆ ਹੈ।" ਜੱਜ ਨੇ ਕਿਹਾ।

ਇਸਦੇ ਪਿਛੋਂ ਦੋਸ਼ੀ ਉਠਿਆ। ਇਹ ਅਸਮਰ ਸੀ। ਗੋਰੀ ਹਕਾ ਬਕਾ ਰਹਿ ਗਿਆ।

"ਫੀਬਸ", ਅਸਮਰ ਨੇ ਉਚੀ ਸਾਰੀ ਕਿਹਾ, "ਉਹ ਕਿਥੇ ਹੈ? ਮੈਨੂੰ ਫਾਂਸੀ ਲਟਕਾਉਣ ਤੋਂ ਪਹਿਲੋਂ ਇਹ ਦੱਸ ਦਿਓ ਕਿ ਕੀ ਉਹ ਜੀਊਂਦਾ ਹੈ?"

"ਬੱਕ ਨਾ ਕੁੜੀਏ।" ਜੱਜ ਨੇ ਕੜਕ ਕੇ ਕਿਹਾ, "ਇਹ ਸਾਡਾ ਕੰਮ ਨਹੀਂ।"



Digitized by Panjab Digital Library | www.panjabdigilib.org

"ਹਾਏ, ਰਬ ਦੇ ਵਾਸਤੇ ਮੈਨੂੰ ਇਹ ਦਸ ਦਿਓ ਕਿ ਕੀ ਉਹ ਜੀਉਂਦਾ ਹੈ।" ਅਸਮਰ ਨੇ ਤਰਲਾ ਜਿਹਾ ਲੈ ਕੇ ਕਿਹਾ।

"ਅਛਾ", ਸਰਕਾਰੀ ਵਕੀਲ ਨੇ ਕਿਹਾ, "ਉਹ ਮਰ ਗਿਆ ਹੈ। ਕੀ ਇਸ ਨਾਲ ਤੈਨੂੰ ਤਸੱਲੀ ਹੋ ਸਕਦੀ ਹੈ?"

ਬਦਨਸੀਬ ਅਸਮਰ ਇਹ ਸੁਣਦਿਆਂ ਹੀ ਲੜਖੜਾ ਕੇ ਭੁੰਜੇ ਡਿਗ ਪਈ।

"ਅੱਛਾ ਹੁਣ ਦੂਜੇ ਦੋਸ਼ੀ ਨੂੰ ਹਾਜ਼ਰ ਕਰੋ" ਜਜ ਨੇ ਜਲਾਦ ਨੂੰ ਕਿਹਾ। ਹੁਣ ਸਾਰਿਆਂ ਦੀਆਂ ਅੱਖਾਂ ਦਰਵਾਜ਼ੇ ਤੇ ਸਨ। ਜਦ ਦਰਵਾਜ਼ਾ ਖੁਲ੍ਹਿਆ ਤਾਂ ਇਕ ਬਕਰੀ ਜ਼ਰਾ ਕੁ ਸਰਦਲ ਤੇ ਖੜੋ ਕੇ ਅੰਦਰ ਆਈ ਅਤੇ ਏਧਰ ਓਧਰ ਵੇਖਣ ਲਗੀ। ਅਖ਼ੀਰ ਅਸਮਰ ਕੋਲ ਆ ਕੇ ਖੜੋ ਗਈ।

"ਹੁਣ ਮੈਂ ਇਨ੍ਹਾਂ ਦੋਹਾਂ ਨੂੰ ਪਛਾਣਦੀ ਹਾਂ।" ਬੁਢੀ ਨੇ ਕਿਹਾ।

"ਦਰਸ਼ਕ ਜਨੋ ਜੇ ਤੁਸੀਂ ਕਹੋ ਤਾਂ ਅਸੀਂ ਇਸ ਬਕਰੀ ਦਾ ਇਮਤਿਹਾਨ ਲਈਏ।"

ਗੌਰੀ ਇਹ ਸਭ ਕੁਝ ਵੇਖ ਕੇ ਹੈਰਾਨ ਹੋ ਰਿਹਾ ਸੀ ਅਤੇ ਬੁਤ ਬਣਿਆ ਖੜੋਤਾ ਸੀ। ਏਨੇ ਨੂੰ ਇਕ ਵਕੀਲ ਨੇ ਤੰਬੂਰਾ ਚੁਕ ਕੇ ਡੁਜਲੀ ਦੇ ਲਾਗੇ ਕੀਤਾ ਤੇ ਕਿਹਾ, ਇਸ ਵੇਲੇ ਕਿਨੇ ਵਜੇ ਹਨ?"

ਬਕਰੀ ਨੇ ਉਸ ਵਲ ਵੇਖਿਆ ਤੇ ਫੇਰ ਤੰਬੂਰੇ ਤੇ ਸੱਤ ਵੇਰੀ ਪੈਰ ਮਾਰਿਆ। ਸਾਰੇ ਲੋਕੀਂ ਹੈਰਾਨ ਹੋ ਗਏ ਅਤੇ ਆਪੋ ਵਿਚ ਕਈ ਪ੍ਰਕਾਰ ਦੀਆਂ ਗਲਾਂ ਕਰਨ ਲਗ ਪਏ।

"ਖ਼ਾਮੋਸ਼! ਖ਼ਾਸ ਕਰਕੇ ਹਾਲ ਦੇ ਸਿਰੇ ਤੇ ਖੜੋਤੇ ਲੋਕੀਂ ਚੁਪ ਹੋ ਜਾਣ।" ਜੱਜ ਨੇ ਕੜਕ ਕੇ ਕਿਹਾ। ਇਸ ਦੇ ਪਿਛੋਂ ਡੁਜਲੀ ਦੇ ਕਈ ਹੋਰ ਖੇਲ ਵੀ ਵਿਖਾਏ ਗਏ।

ਫੇਰ ਜਜ ਬੋਲਿਆ, "ਕੁੜੀਏ ਤੂੰ ਬਹੋਮੀ ਖ਼ਾਨਦਾਨ ਵਿਚੋਂ ਹੈਂ ਇਸ ਲਈ ਤੂੰ ਜ਼ਰੂਰ ਜਾਦੂਗਰ ਹੋਵੇਂਗੀ। ਕੀ ਤੂੰ ੨੯ ਮਾਰਚ ਦੀ ਰਾਤ ਨੂੰ ਕਪਤਾਨ ਫੀਬਸ ਨੂੰ ਛੁਰੇ ਨਾਲ ਜ਼ਖ਼ਮੀ ਨਹੀਂ ਕੀਤਾ? ਕੀ ਤੂੰ ਇਹ ਮੰਨਣ ਤੋਂ ਇਨਕਾਰ ਕਰਦੀ ਏਂ?"



Digitized by Panjab Digital Library | www.panjabdigilib.org

"ਹਨੇਰ ਸਾਈਂ ਦਾ" ਅਸਮਰ ਨੇ ਆਪਣੇ ਚਿਹਰੇ ਨੂੰ ਦੋਹਾਂ ਹਥਾਂ ਨਾਲ ਲੁਕੋਂਦਿਆਂ ਹੋਇਆਂ ਕਿਹਾ, "ਆਹ ! ਮੇਰੇ ਫੀਬਸ !"

"ਕੀ ਤੂੰ ਇਹ ਮੰਨਣ ਤੋਂ ਇਨਕਾਰ ਕਰਦੀ ਏਂ ?" ਜੱਜ ਨੇ ਕੜਕ ਕੇ ਕਿਹਾ।

"ਕੀ ਮੈਂ ਇਨਕਾਰ ਕਰਦੀ ਹਾਂ ?" ਕੁੜੀ ਨੇ ਮਧਮ ਜਹੀ ਆਵਾਜ਼ ਵਿਚ ਉਤਰ ਦਿਤਾ। ਉਹ ਆਪਣੀ ਥਾਂ ਤੋਂ ਉਠੀ। ਉਸ ਦੀਆਂ ਅਖਾਂ ਵਿਚ ਚਮਕ ਸੀ।

"ਤਾਂ ਤੈਨੂੰ ਠੀਕ ਠੀਕ ਹੋਈ ਵਾਪਰੀ ਘਟਨਾ ਉਤੇ ਚਾਨਣਾ ਪਾਉਣਾ ਚਾਹੀਦਾ ਹੈ।" ਜੱਜ ਨੇ ਰੋਹਬ ਨਾਲ ਕਿਹਾ।

"ਮੈਨੂੰ ਕੁਝ ਵੀ ਪਤਾ ਨਹੀਂ।" ਅਸਮਰ ਨੇ ਨਿਝੱਕ ਹੋ ਕੇ ਉਤਰ ਦਿਤਾ। "ਜੇ ਕੁਝ ਪਤਾ ਹੈ ਤਾਂ ਕੇਵਲ ਏਨਾ ਹੀ ਕਿ ਇਹ ਕਤਲ ਉਸ ਸਿਆਹ ਪੋਸ਼ ਨੇ ਕੀਤਾ ਹੈ ਜਿਸ ਬਾਰੇ ਬੁਢੀ ਆਪਣੇ ਬਿਆਨਾਂ ਵਿਚ ਦੱਸ ਚੁਕੀ ਹੈ।"

"ਹੂੰ, ਹੂੰ ਇਹ ਗਲ ਹੋਈ ਨਾਂ।" ਜਜ ਨੇ ਕਿਹਾ, "ਸਿਆਹ ਪੋਸ਼"

"ਲੋਕੋ ਮੇਰੇ ਤੇ ਰਹਿਮ ਕਰੋ। ਮੈਂ ਨਿਰਦੋਸ਼ ਹਾਂ।" ਟੱਪਰੀਵਾਸ ਕੁੜੀ ਨੇ ਤਰਲਾ ਜਿਹਾ ਲੈ ਕੇ ਕਿਹਾ।

"ਜਨਾਬ ਹੁਣ ਮੈਨੂੰ ਸਜ਼ਾ ਤਜਵੀਜ਼ ਕਰਨ ਦੀ ਆਗਿਆ ਬਖ਼ਸ਼ੀ ਜਾਏ।" ਸਰਕਾਰੀ ਵਕੀਲ ਨੇ ਕਿਹਾ।

"ਆਗਿਆ ਹੈ" ਜੱਜ ਬੋਲਿਆ।

ਅਸਮਰ ਦਾ ਸਰੀਰ ਕੰਬ ਉਠਿਆ। ਉਹ ਆਪਣੀ ਥਾਂ ਤੋਂ ਉਠੀ। ਸਿਪਾਹੀ ਉਸ ਵਲ ਨੂੰ ਵਧੇ ਤੇ ਉਸ ਨੂੰ ਕਮਰੇ ਵਿਚ ਲਿਜਾ ਕੇ ਬੰਦ ਕਰ ਦਿਤਾ ਗਿਆ। ਅਦਾਲਤ ਦੇ ਸਿਆਣੇ ਜੱਜ ਸਜ਼ਾ ਤੇ ਵਿਚਾਰ ਕਰਨ ਲਗੇ। ਬਕਰੀ ਦੀ ਮੈਂ ਮੈਂ ਦੀ ਆਵਾਜ਼ ਆਈ। ਕੁਝ ਲੋਕੀਂ ਮੁਸਕ੍ਰਾਏ।

ਜੱਜ ਨੇ ਇਹ ਸੋਚਦਿਆਂ ਹੋਇਆਂ ਕਿ ਲੋਕੀਂ ਥੱਕ ਗਏ ਹੋਣਗੇ ਅਤੇ



Digitized by Panjab Digital Library | www.panjabdigilib.org

ਨਾਲੇ ਅਜੇ ਸਜ਼ਾ ਤੇ ਬਹਿਸ ਕਰਦਿਆਂ ਕਾਫ਼ੀ ਚਿਰ ਲਗੇਗਾ, ਹੁਕਮ ਦਿਤਾ ਕਿ ਅਦਾਲਤ ਬਰਖ਼ਾਸਤ ਕੀਤੀ ਜਾਂਦੀ ਹੈ ਪਰ ਇਕ ਮੈਜਿਸਟਰੇਟ ਆਪਣੇ ਕੀਮਤੀ ਵਕਤ ਦੀ ਕੁਰਬਾਨੀ ਕਰੇਗਾ ਜਿਹੜਾ ਅਦਾਲਤ ਬਰਖ਼ਾਸਤ ਹੋਣ ਤੋਂ ਪਿਛੋਂ ਏਥੇ ਕਾਰਰਵਾਈ ਜਾਰੀ ਰਖੇਗਾ।"

ਅਦਾਲਤ ਬਰਖ਼ਾਸਤ ਹੋ ਗਈ।

## ੧੫

ਅਸਮਰ ਨੂੰ ਇਕ ਅਜਿਹੇ ਕਮਰੇ ਵਿਚ ਬੰਦ ਕੀਤਾ ਗਿਆ ਸੀ ਜਿਹੜਾ ਬਿਲਕੁਲ ਹਨੇਰਾ ਸੀ। ਉਸ ਵਿਚ ਕੋਈ ਰੋਸ਼ਨਦਾਨ ਨਹੀਂ ਸੀ। ਇਕ ਪਾਸਿਓਂ ਅੰਗੀਠੀ ਵਿਚੋਂ ਕੁਝ ਲੋ ਆ ਰਹੀ ਸੀ। ਅਸਮਰ ਨੇ ਇਸ ਲੋਅ ਵਿਚ ਕੰਧ ਨਾਲ ਅਜੀਬ ਅਜੀਬ ਕਿਸਮ ਦੇ ਹਥਿਆਰ ਟੰਗੇ ਹੋਏ ਵੇਖੇ ਜਿਨ੍ਹਾਂ ਦੀ ਵਰਤੋਂ ਬਾਰੇ ਉਸ ਨੂੰ ਕੁਝ ਵੀ ਪਤਾ ਨਹੀਂ ਸੀ। ਕਮਰੇ ਦੇ ਬਾਹਰ ਦਰਵਾਜ਼ੇ ਤੇ ਦੋ ਪਹਿਰੇਦਾਰ ਸੁਤੇ ਹੋਏ ਸਨ। ਅਸਮਰ ਡਰ ਨਾਲ ਸਹਿਮੀ ਹੋਈ ਇਕ ਕੰਧ ਨਾਲ ਢੋ ਲਾਈ ਖੜੋਤੀ ਸੀ।

ਏਨੇ ਨੂੰ ਪੈਰਾਂ ਦਾ ਖੜਾਕ ਸੁਣਾਈ ਦਿਤਾ। ਅਤੇ ਮਾਰਟਰ ਨਾਂ ਦਾ ਇਕ ਆਦਮੀ ਅੰਦਰ ਆਇਆ। ਇਹ ਪੁਲਸ ਦਾ ਇਕ ਵਡਾ ਅਫ਼ਸਰ ਸੀ। ਅਸਮਰ ਸਿਰ ਤੋਂ ਲੈ ਕੇ ਪੈਰਾ ਤਕ ਕੰਬ ਉਠੀ।

"ਹਾਂ, ਤੇ ਤੂੰ ਆਪਣਾ ਦੋਸ਼ ਨਹੀਂ ਮੰਨੇਗੀ। ਮਾਰਟਰ ਨੇ ਪੁਛਿਆ।

"ਨਹੀਂ, ਬਿਲਕੁਲ ਨਹੀਂ।" ਅਸਮਰ ਨੇ ਚੀਕਦਿਆਂ ਹੋਇਆਂ ਉਤਰ ਦਿਤਾ।



Digitized by Panjab Digital Library | www.panjabdigilib.org

"ਅਛਾ, ਤਾਂ ਫੇਰ ਤੈਨੂੰ ਪਤਾ ਲਗ ਜਾਏਗਾ ਕਿ ਸਾਡੇ ਪਾਸ ਕਿਨੀਆਂ ਹੌਲਨਾਕ ਸਜ਼ਾਵਾਂ ਮੌਜੂਦ ਹਨ।" ਮਾਰਟਰ ਨੇ ਕਿਹਾ।

ਅਸਮਰ ਬੁਤ ਬਣੀ ਖੜੋਤੀ ਰਹੀ। ਮਾਰਟਰ ਦਾ ਹੁਕਮ ਸੁਣਦਿਆਂ ਹੀ ਸਿਪਾਹੀਆਂ ਨੇ ਉਸਨੂੰ ਚਮੜੇ ਦੇ ਬਿਸਤਰੇ ਤੇ ਬਿਠਾ ਦਿਤਾ।

"ਡਾਕਟਰ ਕਿਥੇ ਹੈ ?" ਮਾਰਟਰ ਨੇ ਪੁਛਿਆ।

"ਏਥੇ ਹੀ ਹੈ।" ਇਕ ਸਿਆਹ ਪੋਸ਼ ਨੇ ਉਤਰ ਦਿਤਾ ਜਿਸ ਨੂੰ ਉਸ ਨੇ ਪਹਿਲੇ ਨਹੀਂ ਸੀ ਵੇਖਿਆ।

"ਠੀਕ, ਠੀਕ ਦਸੇਂਗੀ ਕਿ ਨਹੀਂ ?" ਮਾਰਟਰ ਨੇ ਤੀਜੀ ਵੇਰ ਪੁਛਿਆ।

ਅਸਮਰ ਚੁਪ ਰਹੀ ਅਤੇ ਇਸਦੇ ਉਤਰ ਵਿਚ ਧੌਣ ਨੀਵੀਂ ਪਾ ਲਈ। ਏਨੇ ਨੂੰ ਦੋਵੇਂ ਡਾਕਟਰ ਆ ਗਏ ਅਤੇ ਅਸਮਰ ਦੇ ਉਨ੍ਹਾਂ ਪੈਰਾਂ ਨੂੰ, ਜਿਨ੍ਹਾ ਦੇ ਨਾਚ ਨਾਲ ਲੋਕੀਂ ਝੂਮਦੇ ਹੁੰਦੇ ਸਨ, ਬੰਨ੍ਹ ਕੇ ਸ਼ਕੰਜੇ ਵਿਚ ਜਕੜ ਦਿਤਾ ਗਿਆ। ਏਨੇ ਨੂੰ ਸਰਕਾਰੀ ਵਕੀਲ਼ ਵੀ ਆ ਪੁਜਾ। ਉਸ ਦੇ ਆਉਂਦਿਆਂ ਹੀ ਅਸਮਰ ਨੂੰ ਬਿਸਤਰੇ ਤੇ ਲਿਟਾ ਕੇ ਉਨ੍ਹਾਂ ਚਮੜੇ ਦੇ ਤਸਮਿਆਂ ਨਾਲ ਬੰਨ੍ਹ ਦਿਤਾ ਗਿਆ ਜਿਹੜੇ ਛਤ ਨਾਲ ਲਟਕ ਰਹੇ ਸਨ।

"ਕੀ ਤੂੰ ਸਚੋ ਸਚ, ਹੋਈ ਬੀਤੀ ਘਟਨਾ ਉਤੇ ਚਾਨਣਾ ਪਾਵੇਂਗੀ।" ਮਾਰਟਰ ਨੇ ਆਖ਼ਰੀ ਵੇਰ ਪੁਛਿਆ।

"ਮੈਂ ਬੇ-ਕਸੂਰ ਹਾਂ।" ਅਸਮਰ ਨੇ ਉਤਰ ਦਿਤਾ।

"ਤਾਂ ਫੇਰ ਫੀਬਸ ਨੂੰ ਕਤਲ ਕਿਸ ਨੇ ਕੀਤਾ ?" ਮਾਰਟਰ ਨੇ ਪੁਛਿਆ।

ਉਸ ਸਿਆਹ ਪੋਸ਼ ਨੇ" ਅਸਮਰ ਨੇ ਉਤਰ ਦਿਤਾ।

"ਇਸ ਦਾ ਇਹ ਮਤਲਬ ਹੋਇਆ ਕਿ ਤੂੰ ਇਨਕਾਰ ਕਰਦੀ ਏਂ।" ਮਾਰਟਰ ਨੇ ਗੁਸੇ ਵਿਚ ਆਕੇ ਹੁਕਮ ਦਿਤਾ, "ਸ਼ੁਰੂ ਕਰੋ।" ਇਸ ਦੇ ਪਿਛੋਂ ਕਮਰਾ ਅਸਮਰ ਦੀਆਂ ਚੀਕਾਂ ਨਾਲ ਗੂੰਜ ਰਿਹਾ ਸੀ।

"ਠਹਿਰੋ" ਮਾਰਟਰ ਨੇ ਸਿਪਾਹੀਆਂ ਨੂੰ ਹੁਕਮ ਦਿਤਾ, "ਕੀ ਹੁਣ ਵੀ ਦਸਦੀ ਏਂ ਕਿ ਨਹੀਂ ?" ਉਸ ਨੇ ਟੱਪਰੀਵਾਸ ਕੁੜੀ ਨੂੰ ਪੁਛਿਆ।

"ਹਾਂ, ਹਾਂ" ਅਸਮਰ ਨੇ ਚੀਕਦਿਆਂ ਹੋਇਆਂ ਕਿਹਾ।



Digitized by Panjab Digital Library | www.panjabdigilib.org

"ਦੈਆ ਕਰੋ, ਖਿਮਾ ਕਰੋ।"

"ਵਾਹਿਦਾ ਕਰਦੀ ਏਂ ਕਿ ਨਹੀਂ ?" ਮਾਸਟਰ ਨੇ ਫੇਰ ਪੁਛਿਆ।

"ਹਾਂ – ਕਰਦੀ ਹਾਂ – ਆਹ –" ਅਸਮਰ ਨੇ ਬੇ-ਹੋਸ਼ੀ ਜਿਹੀ ਦੀ ਹਾਲਤ ਵਿਚ ਉਤਰ ਦਿਤਾ।

"ਮੁਨਸ਼ੀ ਜੀ ਲਿਖ ਲਓ ਇਸ ਨੇ ਆਪਣੇ ਜੁਰਮ ਨੂੰ ਮੰਨ ਲਿਆ ਹੈ।" ਮਾਸਟਰ ਨੇ ਮੁਨਸ਼ੀ ਨੂੰ ਕਿਹਾ।

ਇਸ ਦੇ ਪਿਛੋਂ ਅਸਮਰ ਦੇ ਸਰੀਰ ਨੂੰ ਜਿਹੜਾ ਸ਼ਕੰਜੇ ਵਿਚ ਜਕੜਿਆ ਹੋਇਆ ਸੀ ਆਜ਼ਾਦ ਕੀਤਾ ਗਿਆ ਅਤੇ ਉਸ ਦੇ ਬਿਆਨ ਲੈਣ ਲਈ ਮੁੜ ਕਚਹਿਰੀ ਵਿਚ ਲਿਆਂਦਾ ਗਿਆ।

ਏਸ ਵੇਲੇ ਟੱਪਰੀਵਾਸ ਕੁੜੀ ਦੇ ਪੈਰ ਕੰਬ ਰਹੇ ਸਨ। ਉਸ ਦਾ ਸਰੀਰ ਠੰਢਾ ਪੈ ਗਿਆ ਸੀ ਅਤੇ ਚਿਹਰੇ ਤੇ ਪਲਿੱਤਣ ਛਾਈ ਹੋਈ ਸੀ। ਉਸ ਦੀਆਂ ਜ਼ੁਲਫ਼ਾਂ ਮੋਢਿਆਂ ਤੇ ਲਟਕ ਰਹੀਆਂ ਸਨ। ਵਿਚਾਰੀ ਬਹੁਤ ਦੁਖੀ ਸੀ ਪਰ ਕੀ ਕਰ ਸਕਦੀ ਸੀ।

ਜਦ ਅਸਮਰ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤਾਂ ਬਕਰੀ ਉਸ ਨੂੰ ਵੇਖ ਕੇ ਰੌਲਾ ਪਾਉਣ ਲਗ ਪਈ। ਉਹ ਚਾਹੁੰਦੀ ਸੀ ਕਿ ਭੱਜ ਕੇ ਉਸ ਦੇ ਕੋਲ ਚਲੀ ਜਾਏ ਪਰ ਉਸ ਨੂੰ ਬੈਂਚ ਨਾਲ ਬੰਨ੍ਹ ਦਿਤਾ ਗਿਆ।

ਰਾਤ ਦਾ ਹਨੇਰਾ ਚੌਹੀਂ ਪਾਸੀਂ ਪਸਰਿਆ ਹੋਇਆ ਸੀ। ਹਰੇਕ ਚੀਜ਼ ਸੁਨਸਾਨ ਜਹੀ ਜਾਪਦੀ ਸੀ। ਕਮਰੇ ਦੀਆਂ ਬਤੀਆਂ ਦੀ ਲੋ ਵੀ ਜ਼ਰਾ ਮਧਮ ਹੋਣ ਲਗ ਪਈ। ਜਿਸ ਕਰਕੇ ਹਾਲ ਦੀਆਂ ਕੰਧਾਂ ਵੀ ਧੁੰਦਲੀਆਂ ਜਾਪਣ ਲਗ ਪਈਆਂ ਸਨ। ਜੱਜ ਦਾ ਚਿਹਰਾ ਚੰਗੀ ਤਰ੍ਹਾਂ ਦਿਖਾਈ ਨਹੀਂ ਦੇ ਰਿਹਾ ਸੀ ਅਤੇ ਉਸ ਦੇ ਲਾਗੇ ਹੀ ਹਨੇਰੇ ਵਿਚ ਅਸਮਰ ਬੁਤ ਬਣੀ.ਖੜੋਤੀ ਸੀ। ਏਨੇ ਨੂੰ ਮਾਸਟਰ ਅਗੇ ਵਧਿਆ ਅਤੇ ਸਤਿਕਾਰ ਨਾਲ ਕਹਿਣ ਲਗਾ, "ਦੋਸ਼ੀ ਨੇ ਆਪਣਾ ਜੁਰਮ ਮੰਨ ਲਿਆ ਹੈ।"

"ਕੁੜੀਏ ਜੱਜ ਨੇ ਕਿਹਾ, "ਕੀ ਤੂੰ ਆਪਣਾ ਕਸੂਰ ਮੰਨ ਲਿਆ ਹੈ ?"

"ਹਾਂ" ਅਸਮਰ ਨੇ ਰੋਂਦਿਆਂ ਹੋਇਆਂ ਉਤਰ ਦਿਤਾ, ਪਰ ਹੁਣ ਮੈਨੂੰ



Digitized by Panjab Digital Library | www.panjabdigilib.org

ਛੇਤੀ ਹੀ ਟਿਕਾਣੇ ਲਾ ਦਿਓ।"

ਬਸ ਹੁਣ ਜੱਜ ਦੇ ਹੁਕਮ ਸੁਨਾਉਣ ਦੀ ਢਿਲ ਸੀ ਕਿਉਂਕਿ ਦੋਸ਼ੀ ਨੇ ਆਪਣਾ ਕਸੂਰ ਮੰਨ ਲਿਆ ਸੀ। ਏਨੇ ਨੂੰ ਸਿਆਹ ਪੋਸ਼ ਹਨੇਰੇ ਵਿਚ ਦੋਸ਼ੀ ਦੇ ਲਾਗੇ ਨਜ਼ਰੀ ਪਿਆ। ਇਹ ਉਸ ਦਾ ਵਕੀਲ ਸੀ।

"ਵਕੀਲ ਸਾਹਿਬ, ਜੋ ਕੁਝ ਕਹਿਣਾ ਜੇ ਥੋੜੇ ਵਿਚ ਹੀ ਮੁਕਾ ਦਿਓ।" ਜੱਜ ਨੇ ਕਿਹਾ।

"ਸਰਕਾਰ" ਵਕੀਲ ਨੇ ਉਤਰ ਦਿਤਾ, "ਜਦ ਦੋਸ਼ੀ ਨੇ ਆਪਣਾ ਕਸੂਰ ਮੰਨ ਲਿਆ ਹੈ, ਮੈਂ ਤੁਹਾਨੂੰ ਕੇਵਲ ਥੋੜੇ ਜਿਹੇ ਸ਼ਬਦ ਕਹਿਣੇ ਹਨ। ਉਹ ਇਹ ਕਿ ·ਕਾਨੂੰਨ ਦੀ ਓਟ ਲੈਂਦਿਆਂ ਹੋਇਆਂ ਮੈਂ ਇਹ ਕਹਿ ਸਕਦਾ ਹਾਂ ਕਿ ਜੇ ਦੋਸ਼ੀ ਅੱਠ ਹਜ਼ਾਰ ਰੁਪਏ ਜੁਰਮਾਨੇ ਵਜੋਂ ਦੇ ਦਏ ਤਾਂ ਉਸ ਨੂੰ ਰਿਹਾ ਕੀਤਾ ਜਾ ਸਕਦਾ ਹੈ।'

"ਅਛਾ ਤਾਂ ਫਿਰ ਵੋਟਾਂ ਲੈ ਲਓ! ਇਹੋ ਹੀ ਠੀਕ ਰਹੇਗਾ।" ਜਜ ਨੇ ਕਿਹਾ, ਪਰ ਛੇਤੀ ਕਰੋ ਕਿਉਂਕਿ ਸਾਨੂੰ ਕਾਫ਼ੀ ਦੇਰ ਹੋ ਗਈ ਹੈ।

ਵੋਟ ਦੇਣ ਵਾਲਿਆਂ ਨੇ ਉਸਦੇ ਉਲਟ ਹੱਥ ਖੜੇ ਕੀਤੇ ਅਤੇ ਹਾਲ ਵਿਚ ਅਨ-ਗਿਣਤ ਹਥ ਨਜ਼ਰ ਆਏ। ਅਸਮਰ ਨੇ ਹਸਰਤ ਭਰੀਆਂ ਨਜ਼ਰਾਂ ਨਾਲ ਸਾਰੇ ਹਾਲ ਵਿਚ ਨਜ਼ਰ ਮਾਰੀ ਪਰ ਉਸ ਨੂੰ ਕੋਈ ਵੀ ਆਪਣਾ ਹਮਦਰਦ ਨਜ਼ਰ ਨਾ ਆਇਆ। ਉਹ ਜੀਵਨ ਦੀ ਆਖ਼ਰੀ ਆਸ ਵੀ ਛਡ ਬੈਠੀ।

ਮੁਨਸ਼ੀ ਕੁਝ ਲਿਖਣ ਲਗ ਪਿਆ ਅਤੇ ਫੇਰ ਕਾਗ਼ਜ਼ਾਂ ਦਾ ਥਬਾ ਉਸਨੇ ਜੱਜ ਨੂੰ ਫੜਾ ਦਿਤਾ। ਇਸ ਦੇ ਪਿਛੋਂ ਹਾਲ ਵਿਚ ਇਕ ਬਾਰੀਕ ਪਰ ਕੁਰੱਖ਼ਤ ਆਵਾਜ਼ ਸੁਣਾਈ ਦਿਤੀ। ਜੱਜ ਆਪਣਾ ਫ਼ੈਸਲਾ ਸੁਣਾ ਰਿਹਾ ਸੀ।

"ਬੋਹੇਮੀ ਕੁੜੀਏ, ਪੰਦਰਾਂ ਤਾਰੀਖ਼ ਦੁਪਹਿਰ ਨੂੰ ਤੈਨੂੰ ਨੰਗੇ ਪੈਰੀਂ, ਗਲ ਵਿਚ ਰਸਾ ਪਾ ਕੇ, ਸ਼ਹਿਰ ਦੇ ਬਾਜ਼ਾਰਾਂ ਵਿਚੋਂ ਦੀ ਫੇਰਨ ਤੋਂ ਉਪਰੰਤ ਨੋਟਰਡੈਮ ਦੇ ਬੁਤ ਤੇ ਲਿਜਾਇਆ ਜਾਏਗਾ। ਉਥੇ ਤੇਰੇ ਹੱਥਾਂ ਤੇ ਇਕ ਸੇਰ ਬਲਦੀ ਮੋਮ ਸੁਟੀ ਜਾਏਗੀ ਅਤੇ ਫੇਰ ਗਿਰਊ ਮਹੱਲ ਵਿਚ



Digitized by Panjab Digital Library | www.panjabdigilib.org

ਲਿਜਾ ਕੇ ਤੈਨੂੰ ਤੇਰੀ ਬਕਰੀ ਸਮੇਤ ਫਾਂਸੀ ਤੇ ਲਟਕਾ ਦਿਤਾ ਜਾਏਗਾ। ਪ੍ਰਮਾਤਮਾ ਤੇਰਾ ਸਹਾਈ ਹੋਵੇ।"

ਜੱਜ ਦੇ ਇਹ ਫ਼ੈਸਲਾ ਸੁਣਾਂਦਿਆਂ ਹੀ, ਹਾਲ ਵਿਚ ਹੂ – ਹੂ ਦੀਆਂ ਆਵਾਜ਼ਾਂ ਆਉਣ ਲਗ ਪਈਆਂ। ਲੋਕੀਂ ਹੈਰਾਨ ਸਨ ਕਿਉਂਕਿ ਅਸਮਰ ਲਈ ਜਿਹੜੀ ਸਜ਼ਾ ਨੀਅਤ ਕੀਤੀ ਗਈ ਸੀ ਉਹ ਬਹੁਤ ਸਖ਼ਤ ਸੀ।

ਅਸਮਰ ਤੇ ਇਹ ਫ਼ੈਸਲਾ ਸੁਣਦਿਆਂ ਹੀ ਮਾਨੋ ਬਿਜਲੀ ਆ ਡਿਗੀ ਕਿਉਂਕਿ ਉਸ ਨੂੰ ਆਸ ਸੀ ਕਿ ਉਹ ਅਜੇ ਜੀਊਂਦੀ ਹੈ ਅਤੇ ਉਹ ਜੀਊਂਦੀ ਰਹਿਣਾ ਚਾਹੁੰਦੀ ਸੀ। ਪਰ ਉਸਦੀ ਇਹ ਹਾਲਤ ਬਹੁਤਾ ਚਿਰ ਨਾ ਰਹੀ। ਹੁਣ ਉਸਦੀਆਂ ਅੱਖਾਂ ਵਿਚ ਚਮਕ ਸੀ ਅਤੇ ਬੁਲ੍ਹਾਂ ਤੇ ਮਧਮ ਜਹੀ ਮੁਸਕ੍ਰਾਹਟ ਸੀ ਕਿਉਂਕਿ ਉਸ ਨੂੰ ਯਕੀਨ ਹੋ ਚੁਕਾ ਸੀ ਕਿ ਫੀਬਸ ਮਰ ਚੁਕਾ ਹੈ। ਇਸ ਲਈ ਉਹ ਜੀਵਨ ਜਿਹੜਾ ਫੀਬਸ ਤੋਂ ਬਿਨਾ ਜੀਵਿਆ ਜਾਏ ਉਹ ਜੀਵਨ ਹੀ ਨਹੀਂ। ਇਸ ਲਈ ਮਰ ਜਾਣਾ ਹੀ ਚੰਗਾ ਹੈ ਤਾਂ ਜੋ ਛੇਤੀ ਹੀ ਸੁਰਗਾਂ ਵਿਚ ਜਾ ਕੇ ਆਪਣੇ ਪ੍ਰੇਮੀ ਨੂੰ ਜਾ ਮਿਲੇ। ਸਚੇ ਪ੍ਰੇਮੀ ਕਦੇ ਵੀ ਇਕ ਦੂਜੇ ਤੋਂ ਵੱਖ ਨਹੀਂ ਹੁੰਦੇ। ਜੇ ਹੁੰਦੇ ਹਨ ਤਾਂ ਕੇਵਲ ਮੌਤ ਸਮੇਂ। ਇਸ ਦੇ ਪਿਛੋਂ ਛੇਤੀ ਉਹ ਫੇਰ ਜਾ ਮਿਲਦੇ ਹਨ। ਏਧਰ ਅੱਖਾਂ ਬੰਦ ਹੋਈਆਂ ਓਧਰ ਆਪਣੇ ਪ੍ਰੇਮੀ ਨੂੰ ਜਾ ਮਿਲੇ। ਬੇ-ਸਬਰੀ ਮੁਕ ਗਈ। ਆਹ – ਮੌਤ ਕਿਡੀ ਸੁਹਾਵਣੀ ਹੈ ਜਿਹੜੀ ਜੀਵਨ ਦੀਆਂ ਤਲਖ਼ੀਆਂ ਖ਼ਤਮ ਕਰ ਦੇਵੇ। ਇਸ ਲਈ ਅਸਮਰ ਹੁਣ ਮਰਨ ਨੂੰ ਤਿਆਰ ਸੀ। ਉਹ ਸਿਪਾਹਿਆਂ ਵਿਚਕਾਰ ਘਿਰੀ ਹੋਈ ਕਮਰੇ ਵਿਚੋਂ ਮੁਸਕ੍ਰਾਉਂਦੀ ਹੋਈ ਨਿਕਲੀ। ਲੋਕੀਂ ਉਸ ਦੇ ਚਿਹਰੇ ਦੀ ਚਮਕ ਤੇ ਬੁਲ੍ਹਾਂ ਦੀ ਮੁਸਕਾਨ ਤੱਕ ਕੇ ਹੈਰਾਨ ਸਨ ਪਰ ਉਨ੍ਹਾਂ ਨੂੰ ਕੀ ਪਤਾ :–

"ਦਿਲ ਦਰਿਆ ਸਮੁੰਦਰੋਂ ਡੂੰਘਾ, ਕੌਣ ਦਿਲਾਂ ਦੀਆਂ ਜਾਣੇ।"



Digitized by Panjab Digital Library | www.panjabdigilib.org

## ੧੬

ਇਕ ਦਿਨ ਸ਼ਾਮ ਨੂੰ ਅਸਮਰ ਜੇਹਲ ਦੀ ਕਾਲ ਕੋਠੜੀ ਦੀ ਇਕ ਨੁਕਰੇ ਬੈਠੀ ਹੋਈ ਆਪਣੇ ਜੀਵਨ ਦੀਆਂ ਬੀਤ ਚੁਕੀਆਂ ਘਟਨਾਵਾਂ ਨੂੰ ਚੇਤੇ ਕਰ ਕਰ ਕੇ ਹੈਰਾਨ ਹੋ ਰਹੀ ਸੀ। ਅਚਾਨਕ ਉਸ ਨੂੰ ਪੈਰਾਂ ਦਾ ਖੜਾਕ ਸੁਣਾਈ ਦਿਤਾ। ਉਸ ਨੇ ਸਮਝਿਆ ਕਿ ਸ਼ਾਇਦ ਵਾਰਡਰ ਉਸ ਲਈ ਖਾਣਾ ਲਿਆ ਰਿਹਾ ਹੈ। ਉਸ ਨੇ ਚੌਕਨੀ ਹੋ ਕੇ ਦਰਵਾਜ਼ੇ ਵਲ ਤਕਿਆ। ਇਕ ਆਦਮੀ ਦਰਵਾਜ਼ਾ ਖੋਹਲ ਕੇ, ਲਾਲਟੈਨ ਨੂੰ ਅਗੇ ਵਧਾਉਂਦਾਂ ਹੋਇਆ ਉਸ ਵਲ ਵਧਿਆ। ਉਸਨੇ ਅਸਮਰ ਦੇ ਲਾਗੇ ਜਾਕੇ ਲਾਲਟੈਨ ਇਕ ਪਾਸੇ ਰਖ ਦਿਤੀ ਅਤੇ ਉਸ ਦੇ ਸਾਹਮਣੇ ਖੜੋ ਗਿਆ। ਦੋਵੇਂ ਕਾਫ਼ੀ ਚਿਰ ਚੁਪ ਚਾਪ ਇਕ ਦੂਜੇ ਵਲ ਤੱਕਦੇ ਰਹੇ।

"ਤੁਸੀਂ ਕੌਣ ਹੋ ?" ਅਖ਼ੀਰ ਅਸਮਰ ਨੇ ਚੁਪ ਨੂੰ ਤੋੜਦਿਆਂ ਹੋਇਆਂ ਪੁਛਿਆ।

"ਇਕ ਪਾਦਰੀ" ਆਉਣ ਵਾਲੇ ਨੇ ਸੰਖੇਪ ਜਿਹਾ ਉਤਰ ਦਿਤਾ।

ਪਾਦਰੀ – ਇਸ ਦਾ ਇਹ ਪਹਿਰਾਵਾ – ਅਸਮਰ ਦਾ ਦਿਲ ਉਸ ਦੀ ਆਵਾਜ਼ ਸੁਣਕੇ ਕੰਬਣ ਲਗ ਪਿਆ।

"ਕੀ ਤਿਆਰ ਏਂ ?" ਪਾਦਰੀ ਨੇ ਰਤਾ ਕੁ ਮਥੇ ਤੇ ਵੱਟ ਪਾਕੇ ਕਿਹਾ।

"ਕਾਹਦੇ ਲਈ ?" ਅਸਮਰ ਨੇ ਹੌਸਲਾ ਕਰਕੇ ਪੁਛਿਆ।

"ਮਰਨ ਲਈ।" ਪਾਦਰੀ ਬੋਲਿਆ।

"ਪਰ ਮੇਰੀ ਮੌਤ ਦੂਰ ਨਹੀਂ। ਕਲ ਹੀ ਸਵੇਰ ਨੂੰ।" ਅਸਮਰ ਬੋਲੀ, "ਇਹ ਵੀ ਬਹੁਤਾ ਸਮਾਂ ਏ" ਇਹ ਕਹਿੰਦਿਆਂ ਹੋਇਆ ਉਸਨੇ ਸਿਰ ਨੀਵਾਂ ਪਾ ਲਿਆ ਅਤੇ ਨਿਆਣਿਆਂ ਵਾਂਗੂ ਰੋਣ ਲਗ ਪਈ।



Digitized by Panjab Digital Library | www.panjabdigilib.org

"ਪਰ ਤੂੰ ਇਸ ਕੈਦ ਤੋਂ ਆਜ਼ਾਦ ਵੀ ਹੋ ਸਕਦੀ ਏਂ।" ਪਾਦਰੀ ਨੇ ਕਿਹਾ।

"ਹਾਂ ਮੈਂ ਏਥੋਂ ਦੌੜ ਜਾਣਾ ਚਾਹੁੰਦੀ ਹਾਂ, ਮੈਂ ਇਨ੍ਹਾਂ ਲੋਕਾਂ ਦੇ ਵਤੀਰੇ ਤੋਂ ਬਹੁਤ ਤੰਗ ਆ ਗਈ ਹਾਂ। ਇਹ ਮੈਨੂੰ ਜੀਉਂਦੀ ਨਹੀਂ ਛਡਣਗੇ।"

"ਚੰਗਾ, ਤਾਂ ਮੇਰੇ ਨਾਲ ਆ" ਪਾਦਰੀ ਨੇ ਕਿਹਾ ਅਤੇ ਉਸ ਦੀ ਬਾਂਹ ਫੜ ਲਈ।

"ਆਹ – ਮੌਤ ਦਾ ਹੱਥ। ਏਨਾਂ ਠੰਢਾ ਹੱਥ।" ਅਸਮਰ ਬੋਲੀ, "ਪਰ ਤੁਸੀਂ ਹੋ ਕੌਣ?"

ਪਾਦਰੀ ਨੇ ਮੂੰਹ ਤੋਂ ਨਕਾਬ ਲਾਹ ਦਿਤੀ। ਇਹ ਓਹੀ ਆਦਮੀ ਸੀ ਜਿਹੜਾ ਉਸ ਦਿਨ ਕਪਤਾਨ ਫ਼ੀਬਸ ਦੇ ਫ਼ਰਸ਼ ਤੇ ਡਿਗਣ ਤੋਂ ਪਹਿਲੇ ਨਜ਼ਰੀਂ ਪਿਆ ਸੀ। ਉਸਨੇ ਡਰ ਨਾਲ ਅੱਖਾਂ ਬੰਦ ਕਰ ਲਈਆਂ।

"ਤੂੰ ਡਰ ਕਿਉਂ ਗਈ ਏਂ?" ਪਾਦਰੀ ਨੇ ਪੁਛਿਆ। ਅਸਮਰ ਚੁਪ ਰਹੀ। ਪਾਦਰੀ ਨੇ ਫੇਰ ਕਿਹਾ, "ਕੀ ਮੇਰੇ ਨਾਲ ਕੁਝ ਗੁਸੇ ਹੈਂ?"

"ਹਾਂ", ਅਸਮਰ ਨੇ ਧੌਣ ਹਿਲਾਈ।

"ਨਹੀਂ, ਨਹੀਂ, ਘਬਰਾਉਣ ਦੀ ਕੋਈ ਲੋੜ ਨਹੀਂ। ਮੈਂ ਤੈਨੂੰ ਦਿਲੋਂ ਪਿਆਰ ਕਰਦਾ ਹਾਂ" ਉਹ ਉਸ ਵਲ ਪਿਆਰ ਭਰੀਆਂ ਅੱਖਾਂ ਨਾਲ ਤੱਕਦਾ ਹੋਇਆ ਕਹਿਣ ਲਗਾ। ਅਸਮਰ ਚੁਪ ਕਰ ਰਹੀ। ਉਹ ਉਸ ਦੇ ਪੈਰਾਂ ਤੇ ਡਿਗ ਪਿਆ ਅਤੇ ਅੱਖਾਂ ਵਿਚ ਅੱਖਾਂ ਪਾ ਕੇ ਕਹਿਣ ਲਗਾ, "ਕੀ ਸੁਣ ਰਹੀ ਏਂ, ਮੈਂ ਤੈਨੂੰ ਪਿਆਰ ਕਰਦਾ ਹਾਂ।"

"ਕੀ? ਕਾਹਦਾ ਪਿਆਰ?" ਅਸਮਰ ਨੇ ਗੁਸੇ ਨਾਲ ਮੂੰਹ ਦੂਜੇ ਪਾਸੇ ਕਰ ਲਿਆ। ਪਾਦਰੀ ਲੰਮੇ ਲੰਮੇ ਹਟਕੋਰੇ ਮਾਰਨ ਲਗ ਪਿਆ ਜਿਵੇਂ ਉਸ ਦਾ ਦਿਲ ਟੁਕੜੇ ਟੁਕੜੇ ਹੋ ਗਿਆ ਹੋਵੇ। ਉਸ ਨੇ ਕਿਹਾ।

"ਇਕ ਦਿਨ ਮੈਂ ਆਪਣੇ ਕਮਰੇ ਦੀ ਬਾਰੀ ਰਾਹੀਂ ਬਾਹਰ ਝਾਕ ਰਿਹਾ ਸਾਂ। ਮੈਂ ਕਿਹੜੀ ਕਿਤਾਬ ਪੜ੍ਹ ਰਿਹਾ ਸਾਂ? ਇਹ ਮੈਨੂੰ ਪਤਾ ਨਹੀਂ ਪਰ ਮੈਂ ਕੁਝ ਪੜ੍ਹ ਰਿਹਾ ਸਾਂ। ਮੇਰੇ ਕੰਨਾਂ ਵਿਚ ਤੇਰੇ ਗਾਉਣ ਦੀ ਆਵਾਜ਼ ਪਈ।



Digitized by Panjab Digital Library | www.panjabdigilib.org

ਫੇਰ – ਫੇਰ ਮੈਂ ਵੇਖਿਆ, ਧਰਤੀ ਤੇ, ਨੱਚ ਰਹੇ ਦੰਨ ਨੂੰ। ਇਕ ਨਾਚੀ ਨੱਚ ਰਹੀ ਸੀ। ਉਸਦੀਆਂ ਅੱਖਾਂ ਮੋਟੀਆਂ ਮੋਟੀਆਂ ਤੇ ਕਾਲੀਆਂ ਸਨ। ਉਸ ਦੇ ਮੱਥੇ ਤੇ ਜ਼ੁਲਫ਼ਾਂ, ਕਾਲੀਆਂ ਕਾਲੀਆਂ ਬਦਲੀਆਂ ਵਾਂਗ, ਆ-ਮੁਹਾਰੀਆਂ ਲੱਟਕ ਰਹੀਆਂ ਸਨ। ਮੇਰਾ ਦਿਲ ਘਾਇਲ ਹੋ ਗਿਆ ਅਤੇ ਤੇਰੇ ਦਲੇ ਜਾਣ ਪਿਛੋਂ ਮੇਰਾ ਦਿਲ ਚਾਹੁਣ ਲਗਾ ਕਿ ਤੈਨੂੰ ਸਦਾ ਤੱਕਦਾ ਹੀ ਰਹਾਂ।"

ਪਾਦਰੀ ਏਨਾ ਕਹਿ ਕੇ ਚੁਪ ਹੋ ਗਿਆ ਅਤੇ ਅਸਮਰ ਨੇ ਹਉਕਾ ਲੈਂਦਿਆਂ ਹੋਇਆਂ ਕਿਹਾ, "ਆਹ, ਪਿਆਰੇ ਫੀਬਸ।"

"ਉਸ ਦਾ ਨਾਂ ਮੇਰੇ ਸਾਹਮਣੇ ਨਾ ਲੈ।" ਪਾਦਰੀ ਨੇ ਕੜਕ ਕੇ ਕਿਹਾ, "ਓ, ਬੇ-ਵਫ਼ਾ, ਜਦ ਤੈਨੂੰ ਸਜ਼ਾ ਦਿਤੀ ਜਾ ਰਹੀ ਸੀ ਤਦ ਮੈਂ ਉਥੇ ਹੀ ਸਾਂ। ਮੈਂ ਤੇਰੀਆਂ ਚੀਕਾਂ ਸੁਣੀਆਂ ਅਤੇ ਆਪਣੀ ਛਾਤੀ ਵਿਚ ਛੁਰਾ ਖੋਭ ਲਿਆ। ਆਹ – ਵੇਖ, ਇਸ ਵਿਚੋਂ ਅਜੇ ਵੀ ਲਹੂ ਵਗ ਰਿਹਾ ਹੈ।" ਪਾਦਰੀ ਨੇ ਆਪਣੀ ਛਾਤੀ ਨੰਗੀ ਕਰ ਕੇ ਵਿਖਾਲਦਿਆਂ ਹੋਇਆਂ ਕਿਹਾ। ਅਸਮਰ ਨੇ ਘਬਰਾਂ ਕੇ ਅੱਖਾਂ ਬੰਦ ਕਰ ਲਈਆਂ।

ਪਾਦਰੀ ਫੇਰ ਉਸ ਵਲ ਵਧਿਆ ਅਤੇ ਤਰਲਾ ਜਿਹਾ ਲੈ ਕੇ ਕਹਿਣ ਲਗਾ, "ਮੈਂ ਤੇਰੇ ਅਗੇ ਬੇਨਤੀ ਕਰਦਾ ਹਾਂ। ਮੇਰੇ ਤੇ ਦੈਆ ਕਰ। ਆ, ਕਿਸੇ ਅਜਿਹੀ ਘਾਟੀ ਵਿਚ ਚਲ ਵਸੀਏ ਜਿਥੇ ਕੇਵਲ ਪਿਆਰ ਹੀ ਪਿਆਰ ਹੋਵੇ। ਜਿਥੇ ਪਿਆਰ ਦਾ ਹੀ ਰਾਜ ਹੋਵੇ। ਆਹ – ਉਥੇ ਮੈਂ ਤੇਰੀ ਪੂਜਾ ਕਰਿਆ ਕਰਾਂਗਾ।"

ਟੱਪਰੀਵਾਸ ਕੁੜੀ ਜ਼ੋਰ ਦੀ ਖਿੜਖਿੜਾ ਕੇ ਹਸਣ ਲਗ ਪਈ ਅਤੇ ਕਹਿਣ ਲਗੀ, "ਪਿਤਾ ਜੀ, ਤੁਹਾਡੀਆਂ ਉਂਗਲਾਂ ਨੂੰ ਲਹੂ ਲਗਾ ਹੋਇਆ ਏ।"

ਪਾਦਰੀ ਚੋਖਾ ਚਿਰ ਤਕ ਚੁਪ ਚਾਪ ਕਦੇ ਆਪਣੇ ਹਥਾਂ ਵਲ ਤੇ ਕਦੇ ਆਪਣੇ ਚਿਹਰੇ ਵਲ ਤੱਕਦਾ ਰਿਹਾ। ਅਖ਼ੀਰ ਕਹਿਣ ਲਗਾ, "ਵੱਗ ਲੈਣ ਦੇ ਲਹੂ, ਹੋਰ ਜ਼ੋਰ ਦੀ ਵਗੇ ਲਹੂ, ਤਾਂ ਜੋ ਮੈਂ ਏਥੇ ਹੀ ਤੇਰੇ ਸਾਹਮਣੇ ਤੇਰੇ ਪੈਰਾਂ ਤੇ ਡਿਗ ਕੇ ਜਾਨ ਦੇ ਦਿਆਂ। ਮੇਰੀ ਪਿਆਰੀ ਅਸਮਰ! ਆ ਏਥੋਂ



Digitized by Panjab Digital Library | www.panjabdigilib.org

ਛੇਤੀ ਨਿਕਲ ਚਲੀਏ ਨਹੀਂ ਤਾਂ – ਨਹੀਂ ਤਾਂ ਤੈਨੂੰ ਗਿਰਊ ਮਹਿਲ ਦੀ ਟਿਕ-ਟਿਕੀ ਨਹੀਂ ਭੁਲਣੀ ਚਾਹੀਦੀ। ਅਤੇ ਕਲ ਆਹ – ਕਲ ! ਛੇਤੀ ਕਰ – ਹਾਏ ਆਪਣੇ ਆਪ ਦੀ ਰਖਿਆ ਕਰ ਨਹੀਂ ਤਾਂ ਮੈਂ ਮਰ ਜਾਵਾਂਗਾ।" ਪਾਦਰੀ ਨੇ ਆਪਣਾ ਹੱਥ ਉਸ ਵਲ ਵਧਾਇਆ ਅਤੇ ਉਸ ਨੂੰ ਬਾਹੋਂ ਫੜ ਕੇ ਉਥੋਂ ਨਠਾ ਲਿਜਾਣ ਦਾ ਯਤਨ ਕਰਨ ਲਗਾ।

ਅਸਮਰ ਬੇ-ਹੋਸ਼ੀ ਜਹੀ ਵਿਚ ਉਸ ਪਾਸੋਂ ਪੁਛ ਰਹੀ ਸੀ, – "ਫੀਬਸ, ਦਾ ਕੀ ਹੋਇਆ ?"

"ਉਹ" ਪਾਦਰੀ ਕਹਿਣ ਲਗਾ, "ਤੈਨੂੰ ਦੈਆ ਕਰਨੀ ਨਹੀਂ ਆਉਂਦੀ"

"ਫੀਬਸ ਦਾ ਕੀ ਬਣਿਆਂ ?" ਉਸ ਨੇ ਫੇਰ ਪੁਛਿਆ।

"ਉਹ ਮਰ ਗਿਆ ਹੈ" ਪਾਦਰੀ ਨੇ ਖਿਝ ਕੇ ਉਤਰ ਦਿਤਾ।

"ਤਦ ਤੁਸੀਂ ਮੈਨੂੰ ਕਿਉਂ ਜੀਉਂਦੇ ਰਹਿਣ ਲਈ ਮਜਬੂਰ ਕਰ ਰਹੇ ਹੋ ?" ਅਸਮਰ ਨੇ ਜ਼ੋਰ ਦੀ ਚੀਕ ਮਾਰਦਿਆਂ ਹੋਇਆ ਕਿਹਾ। ਉਹ ਉਸ ਵਲ ਭੁਖੀ ਸ਼ੇਰਨੀ ਵਾਂਗ ਕੁਦੀ ਅਤੇ ਠੁਡੇ ਮਾਰ ਮਾਰ ਕੇ ਉਸ ਨੂੰ ਪੌੜੀਆਂ ਤੋਂ ਹੇਠਾਂ ਸੁਟ ਦਿਤਾ। ਉਹ ਉਠਿਆ,ਲੈਂਪ ਚੁਕੀ ਤੇ ਹੌਲੀ ਹੌਲੀ ਬੂਹਿਓਂ ਬਾਹਰ ਨਿਕਲ ਗਿਆ। ਅਸਮਰ ਚੋਖਾ ਚਿਰ ਤਕ ਫ਼ਰਸ਼.ਤੇ ਬੇਹੋਸ਼ੀ ਜਹੀ ਦੀ ਹਾਲਤ ਵਿਚ ਪਈ ਰਹੀ। ਇਕ ਵਾਰਗੀ ਫੇਰ ਉਸਨੂੰ ਪਾਦਰੀ ਦਾ ਖ਼ਿਆਲ ਆਇਆ। ਉਹ ਕੰਬ ਉਠੀ। ਉਸ ਨੇ ਬੇ-ਹੋਸ਼ੀ ਵਿਚ ਹੀ ਦੇਖਿਆ ਕਿ ਉਹੀ ਆਦਮੀ ਜਿਹੜਾ ਹੁਣੇ ਹਨੇਰੇ ਵਿਚ ਆਇਆ ਸੀ,ਫੇਰ ਨਜ਼ਰੀਂ ਪਿਆ ਹੈ। ਆਪਣੀਆਂ ਲਾਲ ਅੰਗਿਆਰਾਂ ਵਰਗੀਆਂ ਅੱਖਾਂ ਕਢੀ ਘੂਰ ਘੂਰ ਉਸ ਵਲ ਤਕ ਰਿਹਾ ਹੈ। ਉਹ ਫੇਰ ਡਰ ਗਈ ਅਤੇ ਉੱਚੀ ਉੱਚੀ ਚੀਕਾਂ ਮਾਰਨ ਲਗ ਪਈ।

"ਜਿੰਨ – ਭੂਤ – ਡਾਕੂ।" ਉਸਦੀਆਂ ਨਾੜੀਆਂ ਵਿਚੋਂ ਲਹੂ ਜੰਮਣਾ ਸ਼ੁਰੂ ਹੋ ਗਿਆ ਅਤੇ ਉਸ ਦਾ ਅੰਗ ਅੰਗ ਜੁੜ ਗਿਆ। ਉਸ ਦਾ ਰੰਗ ਪੀਲਾ ਪੈ ਗਿਆ। ਉਸ ਨੇ ਘਬਰਾ ਕੇ ਏਧਰ ਓਧਰ ਤਕਿਆ। ਸਾਰੇ ਕਮਰੇ ਵਿਚ ਮਧਮ ਭਿਆਨਕ ਲੋ ਪਸਰੀ ਹੋਈ ਸੀ। ਉਸ ਨੇ ਜਿਸ ਪਾਸੇ ਤਕਿਆ



Digitized by Panjab Digital Library | www.panjabdigilib.org

ਉਸ ਨੂੰ ਪਾਦਰੀ ਦਾ ਚਿਹਰਾ ਹੀ ਨਜ਼ਰੀਂ ਆਇਆ। ਉਹ ਘਬਰਾ ਕੇ ਬੁੜ ਬੁੜਾਉਣ ਲਗੀ ਅਤੇ ਫ਼ਰਸ਼ ਤੇ ਮੂੰਹ ਪਰਨੇ ਡਿਗ ਪਈ। ਇਸ ਦੇ ਪਿਛੋਂ ਵਾਯੂ ਮੰਡਲ ਵਿਚ ਕੋਈ ਆਵਾਜ਼ ਨਹੀਂ ਸੀ ਗੂੰਜ ਰਹੀ। ਕੇਵਲ ਨਾਲ ਦੇ ਛਪੜ ਵਿਚੋਂ ਪਾਣੀ ਦਾ ਮੱਧਮ ਖੜਾਕ ਸੁਣਾਈ ਦੇ ਰਿਹਾ ਸੀ।

## ੧੭

ਫ਼ੀਬਸ ਮਰਿਆ ਨਹੀਂ ਸੀ ਕੇਵਲ ਸਖ਼ਤ ਜ਼ਖ਼ਮੀ ਹੋਇਆ ਸੀ। ਸਰਕਾਰੀ ਵਕੀਲ ਨੇ ਜਿਹੜਾ ਅਸਮਰ ਨੂੰ ਦਸਿਆ ਸੀ ਕਿ ਉਹ ਮਰ ਗਿਆ ਹੈ, ਐਵੇਂ ਝੂਠ ਹੀ ਸੀ। ਇਹ ਕੁਝ ਸਤਰਾਂ ਇਸ ਲਈ ਲਿਖ ਦਿਤੀਆਂ ਹਨ ਤਾਂ ਜੋ ਪਾਠਕਾਂ ਨੂੰ ਫੀਬਸ ਬਾਰੇ ਪਤਾ ਲਗ ਸਕੇ।

ਦੂਜੇ ਦਿਨ ਸਵੇਰ ਤੋਂ ਹੀ ਲੋਕੀਂ ਨੋਟਰਡੈਮ ਤੇ ਇਕਠੇ ਹੋਣੇ ਸ਼ੁਰੂ ਹੋ ਗਏ ਸਨ। ਸਾਰਾ ਪੈਰਿਸ ਖਾਲੀ ਹੋ ਗਿਆ ਸੀ। ਨੋਟਰਡੈਮ ਦੇ ਆਲੇ ਦੁਆਲੇ ਜਿਸ ਪਾਸੇ ਨਜ਼ਰ ਮਾਰੋ ਪੀਲੀਆਂ ਟੋਪੀਆਂ ਤੇ ਮੈਲੇ ਪਾਟੇ ਹੋਏ ਕਪੜਿਆਂ ਵਾਲੇ ਲੋਕੀਂ ਨਜ਼ਰ ਆਉਂਦੇ ਸਨ।

ਘੜੀ ਨੇ ਨੌਂ ਵਜਾਏ। ਲੋਕਾਂ ਨੇ ਰੌਲੇ ਨਾਲ ਅਕਾਸ਼ ਸਿਰ ਤੇ ਚੁਕ ਲਿਆ ਅਤੇ ਕਈ ਵੇਰੀ ਉਨ੍ਹਾਂ ਵਿਚੋਂ ਕਈ, ਨੋਟਰਡੈਮ ਦੀਆਂ ਬਾਰੀਆਂ ਤੇ ਛਤ ਤੋਂ ਦੀ ਝਾਕਦੇ ਹੋਏ ਕਹਿਣ ਲਗ ਪੈਂਦੇ, "ਔਹ ਆਉਂਦੀ ਪਈ ਏ।"

ਫੌਲਡਰ ਜਿਹੜੀ ਫੀਬਸ ਦੀ ਪ੍ਰੇਮਿਕਾ ਵੀ ਸੀ ਤੇ ਚਾਚੇ ਦੀ ਧੀ ਭੈਣ ਵੀ, ਨੇ ਅਖਾਂ ਬੰਦ ਕਰ ਲਈਆਂ ਤਾਂ ਜੋ ਉਹ ਦੋਸ਼ੀ ਨੂੰ ਸੰਗਲੀਆਂ ਨਾਲ



Digitized by Panjab Digital Library | www.panjabdigilib.org

ਜਕੜਿਆ ਹੋਇਆ ਨਾ ਵੇਖ ਸਕ।

"ਅਗੇ ਚਲੋ ਪਿਆਰੀ ਫੋਲਡ" ਫੀਬਸ ਨੇ ਕਿਹਾ ਜਿਹੜਾ ਅਸਮਰ ਨੂੰ ਫਾਂਸੀ ਚੜ੍ਹਦਿਆਂ ਵੇਖਣ ਆਇਆ ਸੀ।

"ਨਹੀਂ, ਬਿਲਕੁਲ ਨਹੀਂ।" ਉਸ ਨੇ ਅੱਖਾਂ ਖੋਹਲਦਿਆਂ ਹੋਇਆਂ ਕਿਹਾ।

"ਏਨੇ ਨੂੰ ਅਸਮਰ ਗਡੀ ਤੇ ਚੜ੍ਹੀ, ਘੋੜ-ਸਵਾਰ ਸਿਪਾਹੀਆਂ ਦੇ ਪਹਿਰੇ ਹੇਠ ਉਥੇ ਪੁਜੀ। ਉਸ ਦੇ ਹੱਥ ਪਿਠ ਪਿਛੇ ਸੰਗਲੀਆਂ ਨਾਲ ਜਕੜੇ ਹੋਏ ਸਨ। ਉਸਦੀਆਂ ਕਾਲੀਆਂ ਜ਼ੁਲਫ਼ਾਂ ਮੋਢਿਆਂ ਤੇ ਖਿਲਰੀਆਂ ਹੋਈਆਂ ਸਨ। ਉਸਦੇ ਲਾਗੇ ਉਸਦੀ ਬਕਰੀ ਬੈਠੀ ਹੋਈ ਸੀ।

ਲੋਕਾਂ ਨੇ ਉਸ ਦੇ ਆਉਂਦਿਆਂ ਹੀ ਕਈ ਪ੍ਰਕਾਰ ਦੇ ਆਵਾਜ਼ੇ ਕੱਸਣੇ ਸ਼ੁਰੂ ਕਰ ਦਿਤੇ। ਪਰ ਉਹ ਧੌਣ ਨੀਵੀਂ ਪਾਈ ਖੜੋਤੀ ਰਹੀ। ਗਡੀ ਸੜਕ ਤੋਂ ਦੀ ਲੰਘਦੀ ਹੋਈ ਗਿਰਜੇ ਦੇ ਵਡੇ ਬੂਹੇ ਅਗੇ ਜਾ ਰੁਕੀ। ਅਸਮਰ ਦੀਆਂ ਅੱਖਾਂ ਵਿਚ ਹੰਝੂਆਂ ਦਾ ਹੜ੍ਹ ਆਇਆ ਹੋਇਆ ਸੀ ਪਰ ਉਹ ਚੁਪ ਚਾਪ ਖੜੋਤੀ ਰਹੀ।

ਦੋਸ਼ੀ ਦੀ ਗਡੀ ਦੇ ਬੂਹੇ ਅਗੇ ਆ ਕੇ ਰੁਕਦਿਆਂ ਹੀ ਸਾਰੇ ਲੋਕੀਂ ਚੁਪ ਹੋ ਗਏ। ਅਸਮਰ ਨੂੰ ਗੱਡੀ ਤੋਂ ਹੇਠਾਂ ਉਤਾਰਿਆ ਗਿਆ। ਬਕਰੀ ਵੀ ਉਸ ਦੇ ਨਾਲ ਹੀ ਹੇਠਾਂ ਨੂੰ ਟੱਪੀ। ਅਸਮਰ ਦੇ ਗਲ ਵਿਚ ਰਸਾ ਪਿਆ ਹੋਇਆ ਸੀ। ਸੋਨੇ ਦੀ ਇਕ ਸਲੀਬ ਲਈ ਕੁਝ ਕੁ ਆਦਮੀ ਆਏ। ਉਨ੍ਹਾਂ ਦੇ ਨਾਲ ਇਕ ਪਾਦਰੀ ਸੀ।

"ਕੀ ਇਹ ਉਹੀ ਪਾਦਰੀ ਹੈ ?" ਅਸਮਰ ਨੇ ਆਪਣੇ ਆਪ ਨੂੰ ਹੌਲੀ ਜਹੀ ਕਿਹਾ, "ਇਹ ਬਿਲਕੁਲ ਉਹੀ ਪਾਦਰੀ ਹੈ ਜਿਹੜਾ ਕਲ ਮੈਨੂੰ ਜੇਹਲ ਵਿਚ ਮਿਲਣ ਆਇਆ ਸੀ ਅਤੇ ਮੈਨੂੰ ਉਥੋਂ ਭਜ ਜਾਣ ਲਈ ਕਹਿੰਦਾ ਸੀ।"

ਇਹ ਪਾਦਰੀ ਪਵਿਤ੍ਰ ਗੀਤ ਗਾਉਂਦਾ ਹੋਇਆ ਬਾਕੀ ਆਦਮੀਆਂ ਦੇ ਅਗੇ ਅਗੇ ਆ ਰਿਹਾ ਸੀ। ਜਦ ਉਹ ਅਸਮਰ ਦੇ ਕੋਲ ਪੁਜਾ ਤਾਂ ਉਸ ਨੂੰ ਕਹਿਣ ਲਗਾ :



Digitized by Panjab Digital Library | www.panjabdigilib.org

"ਕੁੜੀਏ, ਕੀ ਤੂੰ ਰਬ ਅਗੇ ਆਪਣੇ ਗੁਨਾਹਾਂ ਤੇ ਦੋਸ਼ਾਂ ਦੇ ਬਖ਼ਸ਼ਾਉਣ ਲਈ ਪ੍ਰਾਰਥਨਾ ਕਰ ਲਈ ਹੈ ?"

ਅਸਮਰ ਚੁਪ ਚਾਪ ਖੜੋਤੀ ਰਹੀ।

"ਮੈਂ ਤੈਨੂੰ ਅਜੇ ਵੀ ਬਚਾ ਸਕਦਾ ਹਾਂ।" ਉਹ ਫੇਰ ਬੋਲਿਆ।

"ਦਫ਼ਾ ਹੋ ਜਾ ਸ਼ੈਤਾਨ, ਨਹੀਂ ਤਾਂ ਮੈਂ ਤੇਰਾ ਸਾਰਾ ਪਾਜ ਖੋਹਲ ਦਿਆਂਗੀ।" ਅਸਮਰ ਨੇ ਉਸ ਵਲ ਘੂਰਦਿਆਂ ਹੋਇਆਂ ਕਿਹਾ।

"ਹੀਂ ਹੀਂ ਹੀਂ, ਉਹ ਤੇਰੀ ਗਲ ਦਾ ਕਦੇ ਵੀ ਯਕੀਨ ਨਹੀਂ ਕਰਨਗੇ। ਨਾਲੇ ਤੇਰਾ ਮੇਰੇ ਬਾਰੇ ਕੁਝ ਕਹਿਣਾ ਤੇਰੇ ਆਪਣੇ ਹਕ ਵਿਚ ਵੀ ਚੰਗਾ ਨਹੀਂ ਹੋਵੇਗਾ।" ਪਾਦਰੀ ਨੇ ਇਕ ਸ਼ਰਾਰਤ ਭਰੀ ਹਾਸੀ ਹਸਦਿਆਂ ਹੋਇਆਂ ਕਿਹਾ।

"ਤੁਸੀਂ ਮੇਰੇ ਫੀਬਸ ਨਾਲ ਕੀ ਵਰਤਾਓ ਕੀਤਾ ?" ਅਸਮਰ ਨੇ ਬੇ-ਸਬਰੀ ਵਿਚ ਪੁਛਿਆ।

"ਉਹ ਮਰ ਗਿਆ ਹੈ' ਪਾਦਰੀ ਨੇ ਉਤਰ ਦਿਤਾ ਅਤੇ ਨਾਲ ਹੀ ਉਸ ਦੀ ਨਜ਼ਰ ਫੀਬਸ ਤੇ ਪਈ ਜਿਹੜਾ ਫੋਲਡਰ ਨੂੰ ਨਾਲ ਲਈ ਉਸਦੇ ਸਾਹਮਣੇ ਹੀ ਥੰਮ੍ਹ ਦੇ ਲਾਗੇ ਖੜੋਤਾ ਸੀ। ਪਾਦਰੀ ਕੰਬ ਗਿਆ। ਉਸ ਨੇ ਆਪਣਾ ਹੱਥ ਅੱਖਾਂ ਤੇ ਰਖ ਲਿਆ ਅਤੇ ਕੜਕ ਕੇ ਬੋਲਿਆ, "ਤਿਆਰ ਹੋ ਜਾ, ਹੁਣ ਤੇਰੇ ਮਰਨ ਦਾ ਸਮਾਂ ਆ ਗਿਆ ਹੈ।' ਇਹ ਕਹਿੰਦਿਆਂ ਹੋਇਆਂ ਪਾਦਰੀ ਨੇ ਜਲਾਦ ਨੂੰ ਕੁਝ ਇਸ਼ਾਰਾ ਕੀਤਾ। ਲੋਕੀਂ ਝੁਕ ਗਏ। ਸਾਰੇ ਵਾਯੂ-ਮੰਡਲ ਵਿਚ ਇਕ-ਵਾਰਗੀ ਆਵਾਜ਼ ਆਈ, "ਹੇ ਪ੍ਰਮਾਤਮਾ ! ਸਾਡੀ ਰਖਿਆ ਕਰੀਂ।"

"ਆਮੀਂ" ਪਾਦਰੀ ਨੇ ਉਚੀ ਸਾਰੀ ਕਿਹਾ। ਇਸ ਦੇ ਪਿਛੋਂ ਉਸਨੇ ਅਸਮਰ ਵਲੋਂ ਮੂੰਹ ਫੇਰ ਲਿਆ ਅਤੇ ਆਪਣੇ ਹੱਥਾਂ ਨਾਲ ਸਲੀਬ ਦੀ ਸ਼ਕਲ ਬਣਾਈ। ਫੇਰ ਉਹ ਇਕ ਪਵਿਤਰ ਗੀਤ ਗਾਉਂਦਾ ਹੋਇਆ ਅੱਖਾਂ ਤੋਂ ਉਹਲੇ ਹੋ ਗਿਆ।

ਟੱਪਰੀਵਾਸ ਕੁੜੀ ਆਪਣੀ ਥਾਂ ਤੇ ਬੁਤ ਬਣੀ ਖੜੋਤੀ ਸੀ। ਏਨੇ ਨੂੰ



Digitized by Panjab Digital Library | www.panjabdigilib.org

ਜਲਾਦ ਨੇ ਇਸ਼ਾਰਾ ਕੀਤਾ। ਦੋ ਨੀਲੀ ਪੋਸ਼ ਅਗੇ ਵਧੇ ਅਤੇ ਉਨ੍ਹਾਂ ਨੇ ਅਸਮਰ ਦੇ ਹੱਥਾਂ ਨੂੰ ਦੁਬਾਰਾ ਬੰਨ੍ਹ ਦਿਤਾ। ਅਸਮਰ ਨੇ ਅੱਖਾਂ ਚੁਕ ਕੇ ਆਕਾਸ਼ ਵਲ ਤਕਿਆ ਤੇ ਫੇਰ ਨਜ਼ਰਾਂ ਨੀਵੀਆਂ ਪਾ ਲਈਆਂ ਪਰ ਫੇਰ ਕੁਝ ਸੋਚ ਕੇ ਉਸ ਨੇ ਲੋਕਾਂ ਤੇ ਇਕ ਸਰਸਰੀ ਨਜ਼ਰ ਫੇਰੀ ਅਤੇ ਇਕ ਦਿਲ ਚੀਰਵੀਂ ਚੀਕ ਮਾਰੀ ਜਦ ਉਸ ਦੀ ਨਜ਼ਰ ਉਸ ਦੇ ਪਿਆਰੇ ਫੀਬਸ ਤੇ ਪਈ। ਲੋਕਾਂ ਨੇ ਉਸ ਨੂੰ ਭੁਲੇਖਾ ਪਾਇਆ ਸੀ। ਉਸ ਦਾ ਫੀਬਸ ਜੀਉਂਦਾ ਉਸਦੇ ਸਾਹਮਣੇ ਖੜੋਤਾ ਸੀ, ਉਸੇ ਰੋਹਬ ਨਾਲ, ਬਣ ਤਣ ਕੇ, ਫੌਜੀ ਵਰਦੀ ਵਿਚ ਤੇ ਲਕ ਨਾਲ ਤਲਵਾਰ।

"ਫੀਬਸ" ਉਸਨੇ ਜ਼ੋਰ ਨਾਲ ਚੀਕ ਮਾਰੀ। "ਮੇਰੇ ਪਿਆਰੇ ਫੀਬਸ",

ਉਸ ਨੇ ਫੀਬਸ ਨੂੰ ਮਿਲਣ ਲਈ ਬਾਹਾਂ ਪਸਾਰਨ ਦਾ ਯਤਨ ਕੀਤਾ ਪਰ ਉਹ ਸੰਗਲੀਆਂ ਨਾਲ ਜਕੜੀਆਂ ਹੋਈਆਂ ਸਨ।

ਕਪਤਾਨ ਨੇ ਉਸ ਦੀ ਆਵਾਜ਼ ਸੁਣੀ ਅਤੇ ਉਸ ਦੇ ਨਾਲ ਖੜੋਤੀ ਕੁੜੀ ਨੇ ਅਸਮਰ ਵਲ ਗੁਸੇ ਤੇ ਨਫ਼ਰਤ ਨਾਲ ਤਕਿਆ। ਫੀਬਸ ਨੇ ਉਸ ਦੇ ਕੰਨ ਵਿਚ ਹੌਲੇ ਜਿਹੇ ਕੁਝ ਕਿਹਾ ਜਿਹੜਾ ਅਸਮਰ ਨੂੰ ਨਾ ਸੁਣ ਸਕਿਆ। ਫੇਰ ਦੋਵੇਂ ਜਣੇ, ਕਪਤਾਨ ਤੇ ਫੋਲੰਡਰ ਉਸਦੀਆਂ ਅੱਖਾਂ ਤੋਂ ਓਹਲੇ ਹੋ ਗਏ।

"ਫੀਬਸ" ਅਸਮਰ ਨੇ ਇਕ ਤਰਲਾਂ ਜਿਹਾ ਲੈ ਕੇ ਕਿਹਾ। "ਕੀ ਤੁਸੀਂ ਵੀ ਮੇਰਾ ਸਾਥ ਛੱਡ ਗਏ?" ਉਹ ਬੇ-ਹੋਸ਼ ਹੋ ਕ ਫ਼ਰਸ ਤੇ ਡਿਗ ਪਈ।

ਅਸਮਰ ਨੂੰ ਟਿਕਟਿਕੀ ਤੇ ਖੜ੍ਹਾ ਕਰ ਦਿਤਾ ਗਿਆ। ਹੁਣ ਕੇਵਲ ਜਲਾਦ ਦੇ ਇਸ਼ਾਰਾ ਕਰਨ ਦੀ ਹੀ ਢਿਲ ਸੀ ਤੇ ਦੋ ਸਿਪਾਹੀਆਂ ਨੇ, ਜਿਹੜੇ ਸੂਲੀ ਦੇ ਲਾਗੇ ਹੀ ਖੜੋਤੇ ਸਨ, ਰਸਾ ਖਿਚ ਲੈਣਾ ਸੀ। ਜਲਾਦ ਨੇ ਇਸ਼ਾਰਾ ਕਰਨ ਲਈ ਆਪਣਾ ਹੱਥ ਉਤਾਂਹ ਚੁਕਿਆ। ਐਨ ਉਸ ਵੇਲੇ ਇਕ ਪਰਛਾਵਾਂ ਸੂਲੀ ਤੇ ਡਿਗਿਆ ਅਤੇ ਅਸਮਰ ਨੂੰ ਗੁਡੀ ਵਾਂਗ ਇਕ ਹੱਥ ਵਿਚ ਫੜੀ ਨੋਟਰਡੈਮ ਵਲ ਬਿਜਲੀ ਵਾਂਗ ਭਜਿਆ। ਇਹ ਕੈਦੋ ਸੀ ਜਿਹੜਾ ਨੋਟਰਡੈਮ ਦੇ ਮੁਨਾਰੇ ਨਾਲ ਰਸਾ ਬੰਨ੍ਹ ਕੇ ਉਸ ਨਾਲ ਲਟਕਦਾ ਹੋਇਆ



Digitized by Panjab Digital Library | www.panjabdigilib.org

ਟਿਕਟਿਕੀ ਤੋਂ ਅਸਮਰ ਨੂੰ ਚੁਕ ਕੇ ਮੁੜ ਮੁਨਾਰੇ ਤੇ ਜਾ ਪੁਜਾ ਸੀ। ਉਹ ਗਜਦਾ ਹੋਇਆ ਨੋਟਰਡੈਮ ਦੀਆਂ ਕੰਧਾਂ ਟੱਪਣ ਲਗਾ। ਇਹ ਸਭ ਕੁਝ ਇਕ ਬਿਜਲੀ ਦੇ ਲਸ਼ਕਾਰੇ ਵਿਚ ਹੀ ਹੋ ਗਿਆ।—

"ਜਿਸ ਤੂੰ ਰਖੇਂ ਸਾਈਆਂ ਤਿਸ ਮਾਰ ਨਾ ਸਕੇ ਕੋ।"

ਲੋਕਾਂ ਨੇ ਕੈਦੋ ਦੀ ਬਹਾਦਰੀ ਵੇਖ ਕੇ ਤਾੜੀਆਂ ਮਾਰੀਆਂ। ਕੈਦੋ ਦਾ ਹੌਸਲਾ ਹੋਰ ਵੀ ਵਧ ਗਿਆ।

ਇਸ ਅਚਾਨਕ ਵਾਪਰੀ ਘਟਨਾ ਨੇ ਅਸਮਰ ਨੂੰ ਦੁਬਾਰਾ ਹੋਸ਼ ਵਿਚ ਲੈ ਆਂਦਾ। ਉਸ ਨੇ ਆਪਣੀਆਂ ਪਲਕਾਂ ਉਤਾਂਹ ਚੁਕੀਆਂ ਅਤੇ ਕੈਦੋ ਨੂੰ ਗਹੁ ਨਾਲ ਤਕਿਆ ਅਤੇ ਫੇਰ ਅੱਖਾਂ ਨੀਵੀਆਂ ਕਰ ਲਈਆਂ ਜਿਵੇਂ ਉਹ ਆਪਣੇ ਮੁਕਤੀ ਦਾਤੇ ਤੋਂ ਡਰ ਗਈ ਹੋਵੇ। ਜਲਾਦ ਤੇ ਸਿਪਾਹੀ ਗੁਸੇ ਵਿਚ ਦੰਦ ਪੀਹ ਰਹੇ ਸਨ ਕਿਉਂਕਿ ਅਸਮਰ ਗਿਰਜੇ ਦੀਆਂ ਪਵਿਤਰ ਹਦਾਂ ਵਿਚ ਦਾਖ਼ਲ ਹੋ ਚੁਕੀ ਸੀ ਜਿਥੇ ਕਿ ਸਾਰੇ ਕਾਨੂੰਨ ਤੇ ਹੁਕਮ ਬੇ-ਵਸ ਹੋ ਜਾਂਦੇ ਹਨ। ਕੁਬਾ ਕੈਦੋ ਗਿਰਜੇ ਦੇ ਦਰਵਾਜ਼ੇ ਤੇ ਆਕੜਿਆ ਖੜੋਤਾ ਸੀ। ਉਸ ਦੀਆਂ ਲੱਤਾਂ ਨੂੰ ਤਕ ਕੇ ਇਹੀ ਭੁਲੇਖਾ ਪੈਂਦਾ ਸੀ ਜਿਵੇਂ ਇਹ ਲੋਹੇ ਦੇ ਥੰਮ੍ਹ ਹਨ।

ਲੋਕਾਂ ਨੇ ਖ਼ੁਸ਼ੀ ਵਿਚ ਜੈਕਾਰੇ ਛਡੇ ਅਤੇ ਉਸ ਕੁਬੇ ਦੇਓ ਦੀ ਬਹਾਦਰੀ, ਹੌਸਲੇ ਤੇ ਤਾਕਤ ਦੀ ਦਾਦ ਦਿਤੀ ਜਿਹੜਾ ਆਪਣੇ ਸ਼ਿਕਾਰ ਨੂੰ ਇਨ੍ਹਾਂ ਬਘਿਆੜਾਂ ਦੇ ਪੰਜੇ ਵਿਚੋਂ ਛੁਡਾ ਕੇ ਲੈ ਗਿਆ ਸੀ; ਜਿਸ ਨੇ ਪੁਲਸ ਦੇ ਕਰਮਚਾਰੀਆਂ ਤੇ ਜਲਾਦਾਂ ਦੇ ਯਤਨਾਂ ਨੂੰ ਮਿਟੀ ਵਿਚ ਮਿਲਾ ਦਿਤਾ ਸੀ; ਜਿਸ ਨੇ ਮੈਜਿਸਟਰੇਟਾਂ ਤੇ ਜੱਜਾਂ ਨੂੰ ਹੈਰਾਨ ਕਰ ਦਿਤਾ ਸੀ। ਕੁਬਾ ਕੈਦੋ ਅਸਮਰ ਨੂੰ, ਜਿਸ ਨਾਲ ਉਸਦਾ ਦਿਲੀ ਪਿਆਰ ਸੀ, ਤਲਵਾਰਾਂ ਦੇ ਪਰਛਾਵੇਂ ਹੇਠੋਂ ਚੁਕ ਕੇ ਲੈ ਗਿਆ।

ਇਸ ਵੇਲੇ ਕੈਦੋ, ਅਸਮਰ ਨੂੰ ਚੁਕੀ, ਗਿਰਜੇ ਦੇ ਬਾਹਰਲੇ ਹਿਸੇ ਵਲ ਵਧਿਆ। ਲੋਕਾਂ ਦੀਆਂ ਨਜ਼ਰਾਂ ਉਸ ਦੇ ਪੈਰਾਂ ਤੇ ਗਡੀਆਂ ਹੋਈਆਂ ਸਨ। ਅੱਖ ਦੇ ਫੇਰ ਵਿਚ ਉਹ ਗਿਰਜੇ ਦੇ ਮੁਨਾਰੇ ਤੇ ਨਜ਼ਰੀਂ ਪਿਆ। ਲੋਕਾਂ ਨੇ ਫੇਰ ਉਸ ਨੂੰ ਹਲਾ ਸ਼ੇਰੀ ਦਿਤੀ ਅਤੇ ਤਾੜੀਆਂ ਮਾਰੀਆਂ। ਟੱਪਰੀਵਾਸ ਕੁੜੀ



Digitized by Panjab Digital Library | www.panjabdigilib.org

ਉਸ ਦੇ ਹੱਥ ਵਿਚ ਗੁਡੀ ਵਾਂਗ ਜਾਪਦੀ ਸੀ । ਅਖ਼ੀਰ ਉਹ ਗਿਰਜੇ ਦੇ ਸਿਖਰ ਜਾ ਪੁਜਾ ਜਿਥੇ ਘੈਂਟੀਆਂ ਲਟਕ ਰਹੀਆਂ ਸਨ । ਸ਼ਾਇਦ ਉਹ ਸਾਰੇ ਸ਼ਹਿਰ ਨੂੰ ਦੱਸ ਦੇਣਾ ਚਾਹੁੰਦਾ ਸੀ ਕਿ ਉਸ ਨੇ ਟੱਪਰੀਵਾਸ ਕੁੜੀ ਅਸਮਰ ਨੂੰ ਮੌਤ ਦੇ ਮੂੰਹ ਵਿਚੋਂ ਕੱਢ ਲਿਆ ਹੈ । ਉਹ ਮੁਨਾਰੇ ਦੇ ਸਿਖਰ ਪੁਜ ਕੇ ਜੇਤੂਆਂ ਵਾਂਗ ਗੜ੍ਹਕ ਰਿਹਾ ਸੀ । ਸਾਰਾ ਵਾਯੂ-ਮੰਡਲ ਉਸ ਦੀ ਆਵਾਜ਼ ਨਾਲ ਗੂੰਜ ਉਠਿਆ । ਇੰਜ ਜਾਪਦਾ ਸੀ ਜਿਵੇਂ ਬਦਲ ਗੱਜ ਰਹੇ ਹਨ । ਉਹ ਗਿਰਜੇ ਦੇ ਘੜਿਆਲ ਤੇ ਚੜ੍ਹ ਕੇ ਆਪਣੀ ਕਾਮਯਾਬੀ ਦੀ ਖ਼ੁਸ਼ੀ ਵਿਚ ਘੜਿ-ਆਲ ਵਜਾਉਣ ਲਗ ਪਿਆ ।

ਸਾਰੀ ਭੀੜ ਵਿਚ ਹਿਲ ਜੁਲ ਮਰ ਗਈ । ਲੋਕੀਂ ਵਾਹ ਵਾਹ ਕਰ ਰਹੇ ਸਨ । ਸਾਰਾ ਵਾਯੂ-ਮੰਡਲ ਖ਼ੁਸ਼ੀ ਦੇ ਜੈਕਾਰਿਆਂ ਨਾਲ ਗੂੰਜ ਰਿਹਾ ਸੀ ।

## ੧੮

ਹੁਣ ਅਸਮਰ ਨੋਟਰਡੈਮ ਦੇ ਇਕ ਕਮਰੇ ਵਿਚ ਰਹਿੰਦੀ ਸੀ । ਸਮੇਂ ਦੇ ਬੀਤਣ ਨਾਲ ਉਸ ਦਾ ਗ਼ਮ ਵੀ ਵਧਦਾ ਜਾ ਰਿਹਾ ਸੀ । ਉਹ ਹਰ ਵੇਲੇ ਉਦਾਸ ਰਹਿੰਦੀ ਸੀ । ਕੀ ਇਸ ਲਈ ਕਿ ਉਹ ਆਪਣੇ ਟੋਲੇ ਤੋਂ ਵੱਖ ਰਹਿਕੇ ਇਸ ਤਰ੍ਹਾਂ ਜੀਵਨ ਬਿਤਾ ਰਹੀ ਸੀ ? ਹਾਂ, ਇਸ ਗਲ ਦਾ ਅਫਸੋਸ ਵੀ ਸੀ ਪਰ ਵਡਾ ਅਫ਼ਸੋਸ ਉਸ ਨੂੰ ਆਪਣੀ ਆਜ਼ਾਦੀ ਖੋਹੇ ਜਾਣ ਦਾ ਸੀ । ਉਸ ਦਾ ਆਪਣੇ ਟੋਲੇ ਨਾਲ ਪਿਆਰ ਹੋਣਾ ਵੀ ਚਾਹੀਦਾ ਸੀ ਕਿਉਂਕਿ ਇਨਸਾਨ ਜਿਥੇ ਆਪਣੇ ਜੀਵਨ ਦਾ ਕਾਫ਼ੀ ਹਿਸਾ ਬਿਤਾਏ ਉਸ ਥਾਂ ਨਾਲ ਕੁਦਰਤੀ



Digitized by Panjab Digital Library | www.panjabdigilib.org

ਦਿਲੀ ਪਿਆਰ ਪੈ ਜਾਂਦਾ ਹੈ। ਕਦੇ ਉਹ ਆਜ਼ਾਦੀ ਨਾਲ ਬਾਜ਼ਾਰਾਂ ਵਿਚ ਨਚਦੀ ਹੁੰਦੀ ਸੀ ਅਤੇ ਉਸ ਦੀ ਪਿਆਰੀ ਬਕਰੀ ਅਜੀਬ ਅਜੀਬ ਖੇਲ ਵਿਖਾਉਂਦੀ ਸੀ। ਲੋਕਾਂ ਦੀ ਭੀੜ ਹਰ ਵੇਲੇ ਉਸ ਦੇ ਆਲੇ ਦੁਆਲੇ ਲਗੀ ਰਹਿੰਦੀ ਸੀ। ਆਹ – ਉਹ ਦਿਨ ਬੀਤ ਚੁਕੇ ਸਨ ਜਦ ਉਹ ਪੌਣ ਦੇ ਝੋਲੇ ਵਾਂਗ ਬਿਲਕੁਲ ਆਜ਼ਾਦ ਸੀ। ਪਰ ਹੁਣ ਤਾਂ ਕੇਵਲ ਨੋਟਰ ਡੈਮ ਦੀਆਂ ਕੰਧਾਂ ਸਨ ਤੇ ਉਹ ਸੀ। 88G

ਇਹ ਉਸ ਦੇ ਜੀਵਨ ਵਿਚ ਵਡੀ ਭਾਰੀ ਤਬਦੀਲੀ ਸੀ। ਉਹ ਏਸੇ ਕਰਕੇ ਹਰ ਵੇਲੇ ਉਦਾਸ ਰਹਿੰਦੀ ਸੀ ਪਰ ਜਿਹੜੀ ਚੀਜ਼ ਹਰ ਵੇਲੇ ਉਸਦਾ ਲਹੂ ਪੀ ਰਹੀ ਸੀ ਉਹ ਸੀ ਕਪਤਾਨ ਫੀਬਸ ਦੀ ਜੁਦਾਈ। ਅਸਮਰ – ਬਦ ਨਸੀਬ ਅਸਮਰ, ਹਰ ਵੇਲੇ ਉਸ ਦੇ ਵਿਛੋੜੇ ਵਿਚ ਬੇ-ਚੈਨ ਰਹਿੰਦੀ ਸੀ। ਉਸ ਦੀਆਂ ਅੱਖਾਂ ਵਿਚ ਹਰ ਵੇਲੇ ਹੰਝੂਆਂ ਦੀ ਝੜੀ ਲਗੀ ਰਹਿੰਦੀ ਸੀ ਅਤੇ ਉਸ ਦੇ ਕੋਮਲ ਬੁਲ੍ਹਾਂ ਵਿਚੋਂ ਹਰ ਵੇਲੇ ਦਿਲ-ਸਾੜਵੀਆਂ ਆਹਾਂ ਨਿਕਲ-ਦੀਆਂ ਰਹਿੰਦੀਆਂ ਸਨ। ਜਦ ਉਸ ਨੂੰ ਉਹ ਸਮਾਂ ਚੇਤੇ ਆਉਂਦਾ ਸੀ ਜਦ ਕਿ ਫੀਬਸ ਨੇ ਉਸ ਨੂੰ ਰਾਹ ਵਿਚ ਇਕ ਕੁਬੇ ਦੇਓ ਦੇ ਪੰਜੇ ਵਿਚੋਂ ਛੁਡਾ-ਇਆ ਸੀ। ਉਸਨੂੰ ਫੀਬਸ ਦੀਆਂ ਪਿਛਲੀਆਂ ਮੁਸੀਬਤਾਂ ਦਾ ਬੜਾ ਖ਼ਿਆਲ ਸੀ। ਉਸਦੇ ਕੀਤੇ ਉਪਕਾਰ ਉਸਨੂੰ ਰਹਿ ਰਹਿ ਕੇ ਚੇਤੇ ਆਉਂਦੇ ਸਨ ਜਿਨ੍ਹਾਂ ਨੂੰ ਮੁਖ ਰਖਦਿਆਂ ਹੋਇਆਂ ਉਸ ਨੇ ਆਪਣੇ ਟੋਲੇ ਨੂੰ, ਆਪਣੇ ਕਵੀ ਪਤੀ ਨੂੰ ਅਤੇ ਉਸ ਗੁਝੀ ਘਾਟੀ ਨੂੰ ਤਿਆਗਿਆ ਸੀ ਜਿਥੇ ਉਹ ਤੰਬੂਰੇ ਨਾਲ ਇਕ ਸੁਰ ਹੋ ਕੇ ਨਚਦੀ ਹੁੰਦੀ ਸੀ। ਹੁਣ ਉਹ ਹਰ ਵੇਲੇ ਕਿਸੇ ਮਾਨਸਕ ਪੀੜ ਕਰਕੇ ਦੁਖੀ ਰਹਿੰਦੀ ਸੀ। ਇਸ ਦੇ ਨਾਲ ਹੀ ਜਦ ਕਦੇ ਉਸ ਨੂੰ ਫੀਬਸ ਦੀ ਯਾਦ ਵਿਚ ਰੋਣ ਤੋਂ ਵਿਹਲ ਮਿਲਦੀ ਤਾਂ ਉਸ ਨੂੰ ਕੁਬੇ ਦੇਓ ਦਾ ਖ਼ਿਆਲ ਆਉਂਦਾ ਜਿਹੜਾ ਦੁਨੀਆ ਦਾ ਸਭ ਤੋਂ ਭਿਆਨਕ ਤੇ ਬਦ-ਸ਼ਕਲ ਇਨਸਾਨ ਹੁੰਦਾ ਹੋਇਆ ਵੀ ਚੰਦਰਮਾ ਨਾਲੋਂ ਵਧੇਰੇ ਸੋਹਣੇ ਦਿਲ ਦਾ ਮਾਲਕ ਸੀ। ਉਹ ਅਸਮਰ ਨੂੰ ਏਨਾ ਪਿਆਰ ਕਰਦਾ ਸੀ ਜਿੰਨਾਂ ਕਿ ਇਕ 'ਭੌਰ' ਫੁਲ ਨੂੰ ਕਰਦਾ ਹੈ। ਉਹ ਅਸਮਰ ਦੇ ਸੁਹੱਪਣ ਦੇ ਦੀਵੇ ਤੇ ਹਰ ਵੇਲੇ ਪਤੰਗੇ ਵਾਂਗ

Digitized by Panjab Digital Library | www.panjabdigilib.org

ਸੜ ਜਾਣ ਨੂੰ ਤਿਆਰ ਸੀ ਅਤੇ ਉਸਨੂੰ ਉਹ ਝਾਕੀ ਵੀ ਚੇਤੇ ਸੀ ਜਿਸ ਵੇਲੇ ਉਹ ਸੰਗਲੀਆਂ ਨਾਲ ਜਕੜੀ ਹੋਈ ਸੂਲੀ ਤੇ ਖੜੋਤੀ ਸੀ ਅਤੇ ਕੁਬਾ ਕੈਦੋ ਬਿਜਲੀ ਵਾਂਗ ਸੂਲੀ ਤੇ ਚਮਕਿਆ ਤੇ ਉਸ ਨੂੰ ਲੈ ਉਡਿਆ। ਇਸ ਦੇ ਪਿਛੋਂ ਉਹ ਮੌਤ ਦੇ ਡਰ ਤੋਂ. ਬਿਲਕੁਲ ਬੇ-ਫ਼ਿਕਰ ਹੋ ਗਿਆ ਸੀ। ਇਸ ਤੋਂ ਬਿਨਾ ਅਸਮਰ ਨੂੰ ਇਸ ਗਲ ਦਾ ਵੀ ਪੂਰੀ ਤਰ੍ਹਾਂ ਇਹਸਾਸ ਹੋ ਚੁਕਾ ਸੀ ਕਿ ਹੁਣ ਵੀ ਕੈਦੋ ਉਸਦੀ ਇਸ ਮਜਬੂਰੀ ਦੀ ਹਾਲਤ ਵਿਚ ਹਰ ਪ੍ਰਕਾਰ ਦੀ ਸਹਾਇਤਾ ਕਰਦਾ ਹੈ।

ਉਸ ਦੇ ਇਸ ਇਕ-ਲਾਪੇ ਵਿਚ, ਜਦ ਕਿ ਉਸ ਦੀ ਰੂਹ ਦੁਨੀਆਂ ਦੇ ਧੰਦਿਆਂ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਸੀ, ਤਾਂ ਕੈਦੋ ਹੀ ਹਾਸੇ ਮਖ਼ੌਲ ਦੀਆਂ ਗੱਲਾਂ ਨਾਲ ਉਸ ਦਾ ਜੀਅ ਪਰਚਾਉਂਦਾ ਸੀ ਅਤੇ ਓਦੋਂ ਤਕ ਉਸ ਨੂੰ ਚੈਨ ਨਹੀਂ ਸੀ ਆਉਂਦੀ ਜਦ ਤਕ ਕਿ ਅਸਮਰ ਦੇ ਬੁਲ੍ਹਾਂ ਤੇ ਮੁਸਕ੍ਰਾਹਟ ਨਹੀਂ ਸੀ ਆ ਜਾਂਦੀ। ਹਾਂ, ਉਹ ਇਨ੍ਹਾਂ ਗਲਾਂ ਤੋਂ ਜਾਣੂ ਸੀ। ਪਰ ਜਿਓਂ ਹੀ ਅਸਮਰ ਨੂੰ ਫੀਬਸ ਦਾ ਖ਼ਿਆਲ ਆ ਜਾਂਦਾ ਉਹ ਇਸ ਤਰ੍ਹਾਂ ਬੇ-ਚੈਨ ਹੋ ਜਾਂਦੀ ਜਿਸ ਤਰ੍ਹਾਂ ਪਾਣੀ ਦੀ ਇਕ ਬੂੰਦ ਡਿਗਣ ਨਾਲ ਪਾਣੀ ਦੀ ਤਹਿ ਤੇ ਹਿਲਜੁਲ ਮਚ ਜਾਂਦੀ ਹੈ। ਕਪਤਾਨ ਦਾ ਖ਼ਿਆਲ ਆਉਂਦਿਆਂ ਹੀ ਉਹ ਪਾਗਲ ਜਿਹੀ ਹੋ ਜਾਂਦੀ ਅਤੇ ਕੁਬੇ ਕੈਦੋ ਨੂੰ ਵੀ ਆਪਣੇ ਕੋਲੋਂ ਚਲੇ ਜਾਣ ਦਾ ਹੁਕਮ ਦੇ ਦੇਂਦੀ ਸੀ।

ਇਕ ਦਿਨ ਰਾਤ ਨੂੰ ਉਹ ਇਕ ਗੀਤ ਗਾ ਰਹੀ ਸੀ। ਇਹ ਗੀਤ ਚਿਰ ਹੋਇਆ, ਓਦੋਂ ਦੀ ਗਲ ਹੈ ਜਦੋਂ ਉਹ ਅਜੇ ਅੰਜਾਣੀ ਹੀ ਸੀ ਤਾਂ ਉਸ ਦੀ ਨੌਕਰਾਣੀ ਇਹ ਗੀਤ ਗੁਨ-ਗੁਣਾਉਂਦੀ ਹੁੰਦੀ ਸੀ ਤਾਂ ਜੋ ਉਹ ਸੌਂ ਜਾਏ। ਉਹ ਬਹੁਤ ਉਦਾਸ ਸੀ। ਨੀਂਦ ਉਸ ਦੀਆਂ ਪਲਕਾਂ ਨੂੰ ਛੂਹੰਦੀ ਤਕ ਨਹੀਂ ਸੀ। ਇਸ ਲਈ ਅਸਮਰ ਉਹੀ ਗੀਤ ਗਾ ਰਹੀ ਸੀ ਤਾਂ ਜੋ ਉਸਦੀ ਅੱਖ ਲਗ ਜਾਏ ਅਤੇ ਉਸ ਦੇ ਮਨ ਨੂੰ ਸ਼ਾਂਤੀ ਆਵੇ। ਏਨੇ ਨੂੰ ਇਕ ਪਰਛਾਵਾਂ ਜਿਹਾ ਨਜ਼ਰੀ ਪਿਆ। ਇਹ ਕੁਬਾ ਕੈਦੋ ਸੀ ਅਤੇ ਗੀਤ ਦੀ ਸੁਰ ਦੇ ਅਸਰ ਨਾਲ ਝੂਮਦਾ ਆ ਰਿਹਾ ਸੀ। ਉਹ ਅਗੇ ਵਧਿਆ ਅਤੇ ਕੋਲ ਜਾ ਕੇ ਕਹਿਣ



Digitized by Panjab Digital Library | www.panjabdigilib.org

ਲਗਾ, "ਗਾਈ ਜਾ ਸੁਹਪਣ ਦੀ ਦੇਵੀ, ਗਾਈ ਜਾ ! ਕਿਉਂਕਿ ਤੇਰੀ ਆਵਾਜ਼ ਨਾਲ ਮੇਰੇ ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਜਿੰਨਾਂ ਚਿਰ ਤੂੰ ਗਾਉਂਦੀ ਰਹੇਂ, ਰਬ ਦੇ ਵਾਸਤੇ ਮੈਨੂੰ ਇਥੋਂ ਜਾਣ ਦਾ ਹੁਕਮ ਨਾ ਦਈਂ।"

ਅਸਮਰ ਤ੍ਰਬੁਕ ਉਠੀ। ਉਸ ਦੀਆਂ ਅੱਖਾਂ ਅਗੇ ਕਪਤਾਨ ਫੀਬਸ ਘੁੰਮਣ ਲਗ ਪਿਆ ਅਤੇ ਉਸ ਨੇ ਗਾਉਣਾ ਬੰਦ ਕਰ ਦਿਤਾ। ਕੁਬਾ ਕੈਦੋ ਜਿਸ ਦੇ ਮਨ ਨੂੰ ਅਸਮਰ ਦਾ ਗੀਤ ਸੁਣਕੇ ਆਰਾਮ ਜਿਹਾ ਮਿਲ ਰਿਹਾ ਸੀ, ਪਹਿਲੇ ਤਾਂ ਬਹੁਤ ਗੁਸੇ ਵਿਚ ਆ ਗਿਆ। ਉਸ ਦੀਆਂ ਅੱਖਾਂ ਵਿਚੋਂ ਚੰਗਿਆੜੇ ਨਿਕਲਣ ਲਗ ਪਏ ਅਤੇ ਉਹ ਆਪਣੇ ਦੰਦਾਂ ਨੂੰ ਪੀਹਣ ਲਗ ਪਿਆ ਪਰ ਉਹ ਉਸ ਨੂੰ ਕਹਿ ਕੁਝ ਨਹੀਂ ਸੀ ਸਕਦਾ ਕਿਉਂਕਿ ਉਹ ਉਸ ਦੇ ਸੁਪਨਿਆਂ ਦੀ ਰਾਣੀ ਸੀ। ਕੁਬੇ ਦਾ ਕੋਮਲ ਦਿਲ ਅਸਮਰ ਦੇ ਬਾਂਕੇ ਨੈਣਾਂ ਦਾ ਸ਼ਿਕਾਰ ਹੋ ਚੁਕਾ ਸੀ। ਹੋ ਸਕਦਾ ਸੀ ਕਿ ਉਹ ਇਸ ਦੋਸ਼ ਬਦਲੇ ਆਪਣੇ ਖ਼ੌਫ਼ਨਾਕ ਹੱਥਾਂ ਨਾਲ ਅਸਮਰ ਦੇ ਨਾਜ਼ਕ ਅੰਗਾਂ ਨੂੰ ਖੇਰੂੰ ਖੇਰੂੰ ਕਰ ਦੇਂਦਾ ਪਰ ਪਿਆਰ ਉਸਦੇ ਰਾਹ ਵਿਚ ਲੋਹੇ ਦੀ ਕੰਧ ਬਣਿਆਂ ਖੜੋਤਾ ਸੀ।

ਜਦ ਅਸਮਰ ਨੇ ਗਾਉਣਾ ਬੰਦ ਕਰ ਦਿਤਾ ਤਾਂ ਉਸ ਨੇ ਸਿਰ ਉਤਾਂਹ ਚੁਕਿਆ। ਉਸਦੀਆਂ ਲੰਮੀਆਂ ਪਲਕਾਂ ਤੇ ਕੁਝ ਕੁ ਹੰਝੂ ਤੜ੍ਹਫ ਰਹੇ ਸਨ। ਕੈਦੋ ਇਹ ਵੇਖ ਕੇ ਘਬਰਾ ਗਿਆ। ਉਹ ਇਸ ਝਾਕੀ ਨੂੰ ਨਾ ਵੇਖ ਸਕਿਆ ਅਤੇ ਅੱਖਾਂ ਬੰਦ ਕਰ ਲਈਆਂ। ਉਹ ਜ਼ਖ਼ਮੀ ਸਪ ਵਾਂਗ ਅਸਮਰ ਦੇ ਪੈਰਾਂ ਤੇ ਡਿਗ ਕੇ ਤੜਫਣ ਲਗ ਪਿਆ। ਅਸਮਰ ਹੌਕੇ ਮਾਰਦੀ ਹੋਈ ਆਪਣੇ ਨਵੇਂ ਸਾਥੀ ਦੀ ਇਹ ਹਾਲਤ ਵੇਖ ਕੇ ਕੰਬ ਰਹੀ ਸੀ।

ਇਕ ਦਿਨ ਰਾਤ ਨੂੰ, ਅੱਧੀ ਰਾਤ ਤੋਂ ਪਿਛੋਂ, ਜਦ ਕਿ ਹਰ ਇਕ ਚੀਜ਼ ਤੇ ਹਨੇਰਾ ਪਸਰਿਆ ਹੋਇਆ ਸੀ, ਅਸਮਰ ਸੋਚਾਂ ਦੇ ਸਾਗਰ ਵਿਚ ਡੁਬੀ ਆਪਣੇ ਕਮਰੇ ਵਿਚ ਪਈ ਹੋਈ ਸੀ। ਉਹ ਸੌਂ ਜਾਣਾ ਚਾਹੁੰਦੀ ਸੀ ਪਰ ਨੀਂਦ ਉਸ ਦੀਆਂ ਅੱਖਾਂ ਵਿਚ ਕਿਥੋਂ। ਉਸਨੇ ਆਪਣੀਆਂ ਅੱਖਾਂ ਚੋਂ ਵਗਦੇ ਹੰਝੂਆਂ ਤੇ ਬੁਲ੍ਹਾਂ ਚੋਂ ਨਿਕਲਦੇ ਹੌਕਿਆਂ ਨਾਲ ਆਪਣਾ ਜੀ ਪਰਚਾਉਣਾ ਚਾਹਿਆ ਪਰ ਅਫਸੋਸ ਇਹ ਚੀਜ਼ਾਂ ਵੀ ਉਸਨੂੰ ਧਰਵਾਸਾ ਨਹੀਂ ਸਨ ਦੇ



Digitized by Panjab Digital Library | www.panjabdigilib.org

ਸਕਦੀਆਂ। ਉਹ ਪਹਿਲੇ ਨਾਲੋਂ ਵੀ ਵਧੇਰੇ ਬੇ-ਕਰਾਰ ਹੋ ਗਈ। ਉਹ ਖ਼ਿਆਲ ਹੋਰ ਪਾਸੇ ਪਾਉਣ ਲਈ ਕਮਰੇ ਦੀ ਬਾਰੀ ਵਲ ਨੂੰ ਵਧੀ। ਬਾਹਰ ਬਿਲਕੁਲ ਹਨੇਰਾ ਸੀ, ਵੇਖਦੀ ਕੀ ? ਕਾਹਦੇ ਨਾਲ ਜੀ ਪਰਚਾਉਂਦੀ ? ਹਨੇਰੇ ਵਿਚੋਂ ਕੁਤਿਆਂ ਦੀਆਂ ਚੀਕਾਂ ਸੁਣਕੇ ਉਸ ਦਾ ਦਿਲ ਕੰਬ ਉਠਿਆ।

ਉਸਨੂੰ ਆਪਣੇ ਤੰਬੂਰੇ ਦਾ ਖ਼ਿਆਲ ਆਇਆ। ਉਹ ਗਾਕੇ ਜੀ ਪ੍ਰਚਾਣਾ ਚਾਹੁੰਦੀ ਸੀ। ਉਸ ਨੇ ਤੰਬੂਰਾ ਚੁਕਿਆ ਤੇ ਬਾਰੀ ਵਿਚ ਬਹਿਕੇ ਗਾਉਣ ਲਗ ਪਈ। ਏਨੇ ਨੂੰ ਪੈਰਾਂ ਦਾ ਖੜਾਕ ਸੁਣਾਈ ਦਿਤਾ। ਇਹ ਕੈਦੋ ਸੀ। ਅਸਮਰ ਲਈ ਉਸ ਦਾ ਆਉਣਾ ਸੰਗੀਤ ਦੀ ਮੌਤ ਦਾ ਸੁਨੇਹਾ ਸੀ। ਉਹ ਚੁਪ ਹੋ ਗਈ। ਕੈਦੋ ਕੰਬਦਾ ਕੰਬਦਾ ਉਸ ਦੇ ਲਾਗੇ ਆਇਆ ਤੇ ਕਹਿਣ ਲਗਾ, "ਜੇ ਗਹੁ ਨਾਲ ਤਕੋ ਤਾਂ ਮੈਂ ਤੁਹਾਨੂੰ ਇਕ ਚੀਜ਼ ਵਿਖਾਵਾਂ।" ਅਸਮਰ ਨੇ ਇਸ਼ਾਰੇ ਨਾਲ ਕਿਹਾ ਕਿ ਉਹ ਉਸ ਨੂੰ ਬੜੇ ਖ਼ਿਆਲ ਨਾਲ ਵੇਖ ਰਹੀ ਹੈ। ਕੈਦੋ ਨੇ ਇਕ ਠੰਢਾ ਹੌਕਾ ਭਰਿਆ ਅਤੇ ਕੁਝ ਹੰਝੂ ਅੱਖਾਂ ਚੋਂ ਵਹਾ ਕੇ ਉਚੀ ਉਚੀ ਰੋਣ ਲਗ ਪਿਆ। ਅਸਮਰ ਘੰਟਿਆਂ ਬਧੀ ਇਕੱਲੀ ਬੈਠ ਕੇ ਉਸ ਬਾਰੇ ਸੋਚਦੀ ਰਹੀ।

ਹੁਣ ਅਸਮਰ ਨੂੰ ਉਸ ਨਾਲ ਕੁਝ ਕੁ ਪਿਆਰ ਹੋ ਗਿਆ ਸੀ ਅਤੇ ਹੋਣਾ ਵੀ ਚਾਹੀਦਾ ਸੀ ਕਿਉਂਕਿ ਉਹ ਉਸ ਦਾ ਜੀ ਪਰਚਾਉਣ ਲਈ ਬੜੀਆਂ ਅਨੋਖੀਆਂ ਹਰਕਤਾਂ ਕਰਦਾ ਹੁੰਦਾ ਸੀ।



Digitized by Panjab Digital Library | www.panjabdigilib.org

# ੧੯

ਇਕ ਰਾਤ ਜਦ ਅਸਮਰ ਆਪਣੇ ਕਮਰੇ ਵਿਚ ਬੈਠੀ ਸੀ ਤਾਂ ਕੈਦੋ ਇਕ ਬੰਡਲ ਜਿਹਾ ਚੁਕ ਲਿਆਇਆ ਅਤੇ ਅਸਮਰ ਦੇ ਲਾਗੇ ਰੱਖ ਦਿਤਾ। ਇਹ ਕੁਝ ਕਪੜੇ ਸਨ ਜਿਹੜੇ ਕੈਦੋ ਏਸ ਲਈ ਲਿਆਇਆ ਸੀ ਕਿ ਟੱਪਰੀਵਾਸ ਨਾਚੀ ਦੇ ਕਪੜੇ ਬਹੁਤ ਮੈਲੇ ਹੋ ਗਏ ਸਨ ਤੇ ਪਾਟ ਗਏ ਸਨ। ਕੈਦੋ ਇਹ ਕਪੜੇ ਉਥੇ ਰਖਦਾ ਹੋਇਆ ਇਕ ਠੰਢਾ ਹੌਕਾ ਮਾਰ ਕੇ ਚਲਿਆ ਗਿਆ ਪਰ ਅਸਮਰ ਹੈਰਾਨ ਹੋ ਗਈ।

ਉਸ ਨੇ ਬੰਡਲ ਖੋਹਲਿਆ ਅਤੇ ਕਪੜੇ ਪਾਣ ਲਗ ਪਈ। ਜਦ ਉਹ ਕਪੜੇ ਪਾ ਕੇ ਵੇਹਲੀ ਹੋਈ ਤਾਂ ਕੈਦੋ ਫੇਰ ਆ ਗਿਆ। ਉਸ ਦੇ ਇਕ ਹੱਥ ਵਿਚ ਟੋਕਰੀ ਸੀ ਤੇ ਦੂਜੇ ਹੱਥ ਵਿਚ ਵੀ ਕੁਝ ਸੀ। ਇਹ ਕਈ ਪ੍ਰਕਾਰ ਦੇ ਭੋਜਨ ਸਨ ਜਿਹੜੇ ਉਹ ਅਸਮਰ ਲਈ ਲਿਆਇਆ ਸੀ। ਉਸ ਨੇ ਟੋਕਰੀ ਜ਼ਮੀਨ ਤੇ ਰਖ ਦਿਤੀ ਅਤੇ ਕਹਿਣ ਲਗਾ : "ਲਓ ਛੱਕ ਲਓ।" ਅਸਮਰ ਨੇ ਅੱਖਾਂ ਉਤਾਂਹ ਚੁਕੀਆਂ ਪਰ ਉਸ ਦੀ ਸ਼ਕਲ ਤੋਂ ਡਰ ਕੇ ਫੇਰ ਧੌਣ ਨੀਵੀਂ ਪਾ ਲਈ।

"ਕੀ ਤੁਹਾਨੂੰ ਮੇਰੇ ਪਾਸੋਂ ਡਰ ਲਗਦਾ ਹੈ ? ਮੈਂ ਬਹੁਤ ਬਦ-ਸ਼ਕਲ ਹਾਂ। ਮੇਰੀ ਵਲ ਬੇ-ਸ਼ਕ ਨਾ ਵੇਖੋ ਪਰ ਮੇਰੀ ਗਲ ਨੂੰ ਜ਼ਰੂਰ ਧਿਆਨ ਨਾਲ ਸੁਨਣਾ। ਦਿਨੇ ਮੈਂ ਇਥੇ ਬੈਠਾ ਰਿਹਾ ਕਰਾਂਗਾ ਅਤੇ ਰਾਤ ਨੂੰ ਗਿਰਜੇ ਦੇ ਨੇੜੇ ਤੇੜੇ ਫਿਰਦਾ ਰਿਹਾ ਕਰਾਂਗਾ। ਪਰ ਵੇਖਣਾ, ਗਿਰਜੇ ਤੋਂ ਇਕ ਪੈਰ ਵੀ ਬਾਹਰ ਨਾ ਪੁਟਣਾ ਨਹੀਂ ਤਾਂ ਉਹ ਤੁਹਾਨੂੰ ਮਾਰ ਦੇਣਗੇ। ਰਾਤ ਹੋਵੇ ਭਾਵੇ ਦਿਨ, ਇਸ ਗਿਰਜੇ ਵਿਚ ਹੀ ਰਹਿਣਾ। ਜੇ ਕਿਧਰੇ ਉਨ੍ਹਾਂ ਤੁਹਾਨੂੰ ਬਾਹਰ ਵੇਖ ਲਿਆ ਤਾਂ ਉਹ ਮਾਰ ਦੇਣਗੇ ਅਤੇ ਮੈਂ ਤਬਾਹ ਹੋ ਜਾਵਾਂਗਾ।"



Digitized by Panjab Digital Library | www.panjabdigilib.org

ਉਸ ਦੀ ਗਲ ਸੁਣ ਕੇ ਅਸਮਰ ਨੇ ਉਤਰ ਦੇਣ ਲਈ ਸਿਰ ਉਤਾਂਹ ਚੁਕਿਆ ਪਰ ਉਹ ਏਨਾ ਕਹਿਕੇ ਕਮਟੇ ਵਿਚੋਂ ਬਾਹਰ ਜਾ ਚੁਕਾ ਸੀ।

ਇਸ ਵੇਲੇ ਉਸ ਨੂੰ ਆਪਣੀ ਇਕੱਲ ਦਾ ਖ਼ਿਆਲ ਆਇਆ ਪਰ ਉਸਦੀ ਪਿਆਰੀ ਬਕਰੀ ਡੁਜਲੀ ਉਸ ਦੇ ਕੋਲ ਸੀ ਜਿਸਨੂੰ ਕੈਦੋ ਇਕ ਸਿਪਾਹੀ ਪਾਸੋਂ ਖੋਹ ਲਿਆਇਆ ਸੀ। ਉਸਨੇ ਡੁਜਲੀ ਦੀ ਪਿਠ ਤੇ ਪਿਆਰ ਨਾਲ ਹੱਥ ਫੇਰਦਿਆਂ ਹੋਇਆਂ ਕਿਹਾ, "ਪਿਆਰੀ ਡੁਜਲੀ ਕੀ ਤੂੰ ਮੈਨੂੰ ਭੁਲ ਗਈ ਸੀ ? ਕੀ ਮੈਂ ਤੈਨੂੰ ਉਥੇ ਛਡ ਆਈ ਸੀ ? ਚੰਗਾ ਹੋਇਆ ਤੂੰ ਆ ਗਈ ਨਹੀਂ ਤਾਂ ਤੇਰੀ ਯਾਦ ਵੀ ਮੈਨੂੰ ਰਹਿ ਰਹਿ ਕੇ ਤੜਫ਼ਾਉਂਦੀ। ਮੇਰੀ ਪਿਆਰੀ ਡੁਜਲੀ ਤੂੰ ਬੜੀ ਵਫ਼ਾਦਾਰ ਏਂ।"

ਏਨਾ ਕਹਿਕੇ ਉਹ ਰੋਣ ਲਗ ਪਈ ਅਤੇ ਪਹਿਰਾਂ ਬੱਧੀ ਰੋਂਦੀ ਰਹੀ। ਰੋਂਦਿਆਂ ਰੋਂਦਿਆਂ ਅਧੀ ਰਾਤ ਬੀਤ ਗਈ। ਉਹ ਗਿਰਜੇ ਦੇ ਮੁਨਾਰੇ ਤੇ ਚੜ੍ਹਕੇ ਟਹਿਲਣ ਦੇ ਖ਼ਿਆਲ ਨਾਲ ਕਮਰੇ ਵਿਚੋਂ ਬਾਹਰ ਨਿਕਲੀ। ਹਨੇਰਾ ਬਹੁਤ ਸੀ ਅਤੇ ਚੰਦ ਨਿਕਲਣ ਵਿਚ ਵੀ ਅਜੇ ਦੇਰ ਸੀ। ਪਹਿਲੇ ਤਾਂ ਅਸਮਰ ਕਮਰੇ ਵਿਚ ਬੈਠੀ ਚੰਨ ਨਿਕਲਣ ਦੀ ਉਡੀਕ ਕਰਦੀ ਰਹੀ ਪਰ ਜਦ ਉਸਦੀ ਬੇ-ਚੈਨੀ ਵਧਦੀ ਹੀ ਗਈ ਤਾਂ ਉਸ ਨੇ ਕਮਰੇ ਵਿਚੋਂ ਨਿਕਲਣਾ ਹੀ ਯੋਗ ਸਮਝਿਆ। ਉਹ ਪੌੜੀਆਂ ਵਲ ਨੂੰ ਵਧੀ ਜਿਹੜੀਆਂ ਹੇਠੋਂ ਸ਼ੁਰੂ ਹੋ ਕੇ ਉਪਰ ਕੋਈ ਚੌਂਹ ਮੰਜ਼ਲਾਂ ਤੇ ਜਾ ਮੁਕਦੀਆਂ ਸਨ।

ਅਜੇ ਉਹ ਕੋਈ ਵੀਹ ਪੰਝੀ ਪੌੜੀਆਂ ਹੀ ਚੜ੍ਹੀ ਹੋਵੇਗੀ ਕਿ ਇਕ ਚਮ-ਗਿਦੜ ਉਡਦਾ ਹੋਇਆ ਉਸ ਦੇ ਕੋਲ ਦੀ ਲੰਘ ਗਿਆ। ਉਹ ਡਰ ਨਾਲ ਜ਼ਰਾ ਕੁ ਸਹਿਮ ਗਈ ਪਰ ਫੇਰ ਹੌਸਲਾ ਕਰਕੇ ਅਗੇ ਵੱਧੀ। ਪੌੜੀਆਂ ਦੇ ਅੱਧ ਵਿਚ ਕੈਦੋ ਆਪਣੀ ਬਿਲੀ ਨੂੰ ਬਗਲ ਵਿਚ ਲਈ ਘੂਕ ਸੁਤਾ ਘੁਰਾੜੇ ਮਾਰ ਰਿਹਾ ਸੀ। ਅਸਮਰ ਪਹਿਲਾਂ ਤਾਂ ਡਰੀ ਪਰ ਫੇਰ ਉਸ ਨੂੰ ਸੁਤਾ ਵੇਖ ਕੇ ਉਪਰ ਚੜ੍ਹ ਗਈ। ਉਹ ਉਸ ਵੇਲੇ ਸ਼ਾਂਤੀ ਦੀ ਭਾਲ ਵਿਚ ਸੀ ਪਰ ਦੁਨੀਆਂ ਵਿਚ ਉਸ ਲਈ ਕਿਤੇ ਵੀ ਸ਼ਾਂਤੀ ਨਹੀਂ ਸੀ। ਜਦ ਉਹ ਉਪਰ ਪੁਜੀ ਤਾਂ ਚੰਨ ਨਿਕਲਿਆ ਹੋਇਆ ਸੀ। ਪੈਰਸ ਦੇ ਉਚੇ ਉਚੇ ਮੁਨਾਰੇ ਲੋ



Digitized by Panjab Digital Library | www.panjabdigilib.org

ਨਾਲ ਚਮਕ ਰਹੇ ਸਨ। ਚੰਨ ਦੀ ਚਾਨਣੀ ਵਿਚ ਉਸ ਨੂੰ ਕੁਝ ਕੁ ਪਲਾਂ ਵਾਸਤੇ ਸ਼ਾਂਤੀ ਮਿਲ ਗਈ। ਉਸ ਨੇ ਇਕ ਠੰਢਾ ਹੌਕਾ ਭਰਿਆ ਅਤੇ ਆਪਣੇ ਆਲੇ ਦੁਆਲੇ ਹੇਠਾਂ ਧਰਤੀ ਵਲ ਤਕਿਆ। ਸਾਰਾ ਪੈਰਸ ਸੁਪ-ਨਿਆਂ ਦੀ ਦੁਨੀਆਂ ਦਾ ਸੁਆਦ ਮਾਣ ਰਿਹਾ ਸੀ।

## ੨੦

ਦੂਜੇ ਦਿਨ ਸਵੇਰ ਨੂੰ ਟੱਪਰੀਵਾਸ ਕੁੜੀ ਉਠਦਿਆਂ ਸਾਰ ਸਭ ਤੋਂ ਪਹਿਲੇ ਕੈਦੋ ਦੇ ਮੱਥੇ ਲਗੀ। ਉਸ ਨੇ ਫੇਰ ਅੱਖਾਂ ਬੰਦ ਕਰ ਲਈਆਂ। ਪਰ ਹੁਣ ਅੱਖਾਂ ਬੰਦ ਕਰਦਿਆਂ ਉਸ ਨੂੰ ਡਰ ਆ ਰਿਹਾ ਸੀ। ਇਸ ਲਈ ਉਸਨੇ ਝੱਟ ਪੱਟ ਅੱਖਾਂ ਖੋਲ੍ਹ ਦਿਤੀਆਂ। ਕੈਦੋ ਦੀ ਮਧਮ ਜਿਹੀ ਆਵਾਜ਼ ਉਸਦੇ ਕੰਨੀ ਪਈ, "ਮੇਰੇ ਨਾਲ ਗੁਸੇ ਨਾ ਹੋਵੇ, ਪਿਆਰੀ ਅਸਮਰ। ਮੈਂ ਤੁਹਾਡਾ ਮਿਤ੍ਰ ਹਾਂ, ਵੈਰੀ ਨਹੀਂ। ਮੈਂ ਤੁਹਾਨੂੰ ਸੁਤੇ ਹੋਏ ਵੇਖਣ ਆਇਆ ਸੀ। ਕੀ ਤੁਹਾਨੂੰ ਇਸ ਨਾਲ ਕੋਈ ਨੁਕਸਾਨ ਪੁਜਦਾ ਹੈ।" ਏਨਾਂ ਕਹਿ ਕੇ ਉਹ ਚਲਿਆ ਗਿਆ ਪਰ ਉਸ ਦੇ ਅੱਖਰ ਅਸਮਰ ਦੇ ਕੰਨਾਂ ਵਿਚ ਗੂੰਜ ਰਹੇ ਸਨ ਕਿਉਂਕਿ ਉਹ ਬਹੁਤ ਹੀ ਦਿਲ ਚੀਰਵੇਂ ਲਹਿਜੇ ਵਿਚ ਕਹੇ ਗਏ ਸਨ। ਉਹ ਬਾਰੀ ਵਲ ਨੂੰ ਭੱਜੀ ਗਈ। ਬਾਹਰ ਕੈਦੋ ਧੌਣ ਨੀਵੀਂ ਪਾਈ ਬੈਠਾ ਸੀ। ਉਸ ਨੇ ਹੌਸਲਾ ਕਰ ਕੇ ਉਸ ਨੂੰ ਕਿਹਾ : "ਇਧਰ ਆਓ।"

ਕੁਬਾ ਕੈਦੋ ਬੋਲਾ ਸੀ। ਇਸ ਲਈ ਉਸ ਨੇ ਸਮਝਿਆ ਕਿ ਉਹ ਉਸਨੂੰ ਏਥੋਂ ਉਠ ਜਾਣ ਦਾ ਇਸ਼ਾਰਾ ਕਰ ਰਹੀ ਹੈ। ਉਹ ਉਠਿਆ ਤੇ ਪੌੜੀਆਂ



Digitized by Panjab Digital Library | www.panjabdigilib.org

ਵਲ ਨੂੰ ਤੁਰ ਪਿਆ।

"ਮੈਂ ਕਹਿੰਦੀ ਹਾਂ, ਏਧਰ ਆਓ" ਅਸਮਰ ਨੇ ਦੁਬਾਰਾ ਕਿਹਾ। ਉਹ ਉਸ ਦੀ ਆਵਾਜ਼ ਸੁਣ ਕੇ ਹੋਰ ਅਗੇ ਚਲਾ ਗਿਆ। ਅਸਮਰ ਉਸਦੇ ਪਿਛੇ ਦੌੜੀ ਅਤੇ ਜਾ ਕੇ ਉਸ ਨੂੰ ਬਾਂਹ ਤੋਂ ਫੜ ਲਿਆ। ਕੈਦੋ ਇਸ ਤਰ੍ਹਾਂ ਕੰਬ ਉਠਿਆ ਜਿਸ ਤਰ੍ਹਾਂ ਪੌਣ ਦਾ ਝੌਲਾ ਆਉਣ ਨਾਲ ਦੀਵੇ ਦੀ ਲੋ ਕੰਬਦੀ ਹੈ। ਉਸ ਨੇ ਇਕ ਅੱਖ ਉਤਾਂਹ ਚੁਕ ਕੇ ਅਸਮਰ ਵਲ ਤਕਿਆ। ਉਸਦਾ ਚਿਹਰਾ ਖਿੜ ਗਿਆ। ਅਸਮਰ ਉਸ ਨੂੰ ਖਿਚ ਕੇ ਆਪਣੇ ਕਮਰੇ ਦੇ ਕੋਲ ਲੈ ਆਈ ਤੇ ਉਸ ਨੂੰ ਅੰਦਰ ਜਾਣ ਲਈ ਕਿਹਾ। ਪਰ ਉਸ ਨੇ ਇਹ ਕਹਿੰਦਿਆਂ ਹੋਇਆਂ ਅੱਖਾਂ ਨੀਵੀਆਂ ਕਰ ਲਈਆਂ, "ਇਕ ਉਲੂ ਬੁਲਬੁਲ ਆਲ੍ਹਣੇ ਵਿਚ ਨਹੀਂ ਜਾ ਸਕਦਾ।"

ਅਸਮਰ ਜ਼ੋਰੋ ਜ਼ੋਰੀ ਉਸ ਨੂੰ ਖਿਚ ਕੇ ਆਪਣੇ ਕਮਰੇ ਵਿਚ ਲੈ ਗਈ ਅਤੇ ਉਸ ਦੇ ਕੋਲ ਹੀ ਕੁਰਸੀ ਤੇ ਬੈਠ ਕੇ ਉਸ ਨੂੰ ਤੱਕਣ ਲਗ ਪਈ। ਵਿੰਗੀਆਂ ਲਤਾਂ, ਇਕ ਅੱਖ ਵਾਲਾ ਭਿਆਨਕ ਚੇਹਰਾ, ਪਿਠ ਤੇ ਉਚਾ ਜਿਹਾ ਕੁਬ, ਅਸਮਰ ਦੀਆਂ ਨਜ਼ਰਾਂ ਨੇ ਉਸ ਦੇ ਇਕੱਲੇ ਇਕਲੇ ਅੰਗ ਨੂੰ ਚੰਗੀ ਤਰ੍ਹਾਂ ਵੇਖਿਆ।

ਦੋਵੇਂ ਕਾਫ਼ੀ ਚਿਰ ਤਕ ਚੁਪ ਚਾਪ ਬੈਠੇ ਇਕ ਦੂਜੇ ਵਲ ਤਕਦੇ ਰਹੇ। ਅਖੀਰ ਕੈਦੋ ਨੇ ਹੀ ਚੁਪ ਨੂੰ ਤੋੜਦਿਆਂ ਹੋਇਆਂ ਕਿਹਾ "ਕੀ ਤੁਸੀਂ ਮੈਨੂੰ ਮੁੜ ਆਉਣ ਲਈ ਕਹਿ ਰਹੇ ਸੋ? ਅਫਸੋਸ, ਮੈਂ ਬੋਲਾ ਹਾਂ।"

"ਆਹ-ਤਰਸ ਯੋਗ ਆਦਮੀ" ਅਸਮਰ ਨੇ ਹੌਕਾ ਭਰਦਿਆਂ ਹੋਇਆਂ ਕਿਹਾ। ਕੈਦੋ ਨੇ ਰੋਣਹਾਕਾ ਮੂੰਹ ਬਣਾ ਲਿਆ ਅਤੇ ਕਹਿਣ ਲਗਾ, "ਹਾਂ ਮੈਂ ਬੋਲਾ ਹਾਂ ਕਿਡੀ ਭੈੜੀ ਗਲ ਹੈ। ਕੀ ਇਹ ਭੈੜੀ ਗਲ ਨਹੀਂ ਕਿ ਤੁਸੀਂ ਜੋ ਕੁਝ ਕਹਿੰਦੇ ਹੋ ਮੈਂ ਸੁਣ ਨਹੀਂ ਸਕਦਾ?"

ਅਸਮਰ ਚੁਪ ਚਾਪ ਬੈਠੀ ਰਹੀ। ਉਸ ਨੇ ਫੇਰ ਕਿਹਾ, "ਮੈਂ ਜਾਣਦਾ ਹਾਂ ਕਿ ਮੈਂ ਬਹੁਤ ਹੀ ਬਦਸ਼ਕਲ ਹਾਂ। ਮੈਨੂੰ ਆਪਣੇ ਆਪ ਤੇ ਬੜਾ ਅਫਸੋਸ ਹੈ। ਤੁਸੀਂ ਜ਼ਰੂਰ ਮੈਨੂੰ ਡੰਗਰ ਹੀ ਖਿਆਲ ਕਰਦੇ ਹੋਵੋਗੇ।



Digitized by Panjab Digital Library | www.panjabdigilib.org

ਦਸੋ – ਦਸੋ ਰਬ ਦੇ ਵਾਸਤੇ ਮਨੂੰ ਛੇਤੀ ਦਸੋ। ਤੁਸੀਂ ਸੂਰਜ ਦੀ ਇਕ ਸੁਨਹਿਰੀ ਕਿਰਨ ਹੋ। ਤੁਸੀਂ ਇਕ ਤ੍ਰੇਲ ਦਾ ਤੁਬਕਾ ਹੋ। ਤੁਸੀਂ ਇਕ ਪੰਖੇਰੂ ਦਾ ਗੀਤ ਹੋ। ਪਰ ਮੈਂ, ਭਿਆਨਕ, ਖੌਫਨਾਕ, ਨਾ ਬੰਦਾ, ਨਾ ਡੰਗਰ। ਮੈਂ ਤਾਂ ਇਕ ਬੇਢਵਾ ਜਿਹਾ ਪਥਰ ਹਾਂ।" ਇਹ ਕਹਿੰਦਿਆਂ ਹੋਇਆਂ ਉਹ ਜ਼ੋਰ ਦੀ ਹਸਿਆ ਅਤੇ ਫੇਰ ਬੋਲਿਆ।

"ਮੈਂ ਬੋਲਾ ਹਾਂ। ਤੁਸੀਂ ਮੇਰੇ ਨਾਲ ਕੇਵਲ ਇਸ਼ਾਰਿਆਂ ਨਾਲ ਹੀ ਗਲ ਬਾਤ ਕਰ ਸਕਦੇ ਹੋ। ਜਦ ਤੁਹਾਡੇ ਬੁਲ੍ਹ ਖੁਲ੍ਹਦੇ ਹਨ ਤਾਂ ਮੈਨੂੰ ਬੜੇ ਪਿਆਰੇ ਲਗਦੇ ਹਨ। ਜੇ ਤੁਸੀਂ ਇਨ੍ਹਾਂ ਨੂੰ ਜ਼ਰਾ ਕੁ ਹਿਲਾਉਣ ਦੀ ਖੇਚਲ ਕਰ ਸਕੋ ਤਾਂ ਮੈਂ ਤੁਹਾਡਾ ਬੜਾ ਹੀ ਧੰਨਵਾਦੀ ਹੋਵਾਂਗਾ।"

ਕੈਦੋ ਨੇ ਇਹ ਗਲਾਂ ਕੁਝ ਅਜਿਹੇ ਢੰਗ ਨਾਲ ਕਹੀਆਂ ਕਿ ਅਸਮਰ ਦਾ ਦਿਲ ਭਰ ਆਇਆ ਅਤੇ ਕਹਿਣ ਲਗੀ, "ਚੰਗਾ ਤਾਂ ਤੂੰ ਇਹ ਦਸ ਪਈ ਮੇਰੀ ਜਾਨ ਕਿਉਂ ਬਚਾਈ ਸੀ?"

"ਮੈਂ ਸਮਝ ਗਿਆ ਹਾਂ। ਤੁਸੀਂ ਮੈਥੋਂ ਇਹ ਪੁਛ ਰਹੇ ਹੋ ਨਾ ਕਿ ਮੈਂ ਤੁਹਾਨੂੰ ਕਿਉਂ ਬਚਾਇਆ। ਕੀ ਤੁਹਾਨੂੰ ਚੇਤੇ ਹੈ ਕਿ ਇਕ ਵੇਰੀ ਮੈਨੂੰ ਟਿਕਟਿਕੀ ਨਾਲ ਬੰਨ੍ਹ ਕੇ ਕੋਰੜੇ ਮਾਰੇ ਜਾ ਰਹੇ ਸਨ ਤੇ ਮੈਂ ਪਿਆਸ ਨਾਲ ਤੜਫ ਰਿਹਾ ਸਾਂ। ਮੈਂ ਲੋਕਾਂ ਤੋਂ ਪਾਣੀ ਮੰਗਦਾ ਸਾਂ ਤੇ ਉਹ ਮੈਨੂੰ ਇਸ ਦੇ ਉਤਰ ਵਿਚ ਪਥਰ ਚੁਕ ਚੁਕ ਕੇ ਮਾਰਦੇ ਸਨ। ਤੁਸੀਂ ਮੇਰੇ ਸੁਕੇ ਬੁਲ੍ਹਾਂ ਨੂੰ ਪਾਣੀ ਲਾਇਆ ਅਤੇ ਮੈਨੂੰ ਸ਼ਾਨਤੀ ਆ ਗਈ। ਮੈਨੂੰ ਉਹ ਦਿਨ ਚੰਗੀ ਤਰ੍ਹਾਂ ਚੇਤੇ ਹੈ। ਏਸ ਲਈ ਮੈਂ ਤਾਂ ਕੇਵਲ ਉਸਦਾ ਬਦਲਾ ਹੀ ਦਿਤਾ ਹੈ। ਤੁਹਾਡੇ ਤੇ ਕੋਈ ਹਸਾਨ ਨਹੀਂ ਕੀਤਾ।"

ਅਸਮਰ ਨੇ ਉਸਨੂੰ ਪਿਆਰ ਨਾਲ ਤਕਿਆ ਅਤੇ ਕੈਦੋ ਦੀਆਂ ਅਖਾਂ ਵਿਚੋਂ ਹੰਝੂ ਵਗਣ ਲਗ ਪਏ। ਉਹ ਉਥੋਂ ਉਠਿਆ ਤੇ ਦਰਵਾਜ਼ੇ ਵਲ ਨੂੰ ਜਾਣ ਲਗਾ ਪਰ ਅਸਮਰ ਨੇ ਉਸ ਨੂੰ ਸਦਿਆ, "ਨਹੀਂ, ਨਹੀਂ, ਤੈਨੂੰ ਏਥੋਂ ਨਹੀਂ ਜਾਣਾ ਚਾਹੀਦਾ।" ਕੈਦੋ ਨੇ ਫੇਰ ਕਹਿਣਾ ਸ਼ੁਰੂ ਕੀਤਾ, "ਇਹ ਲਓ ਸੀਟੀ। ਜਦ ਤੁਹਾਨੂੰ ਮੇਰੀ ਸੇਵਾ ਦੀ ਲੋੜ ਹੋਵੇ, ਜਾਂ ਜਦ ਤੁਸੀਂ



Digitized by Panjab Digital Library | www.panjabdigilib.org

ਮੇਰੀ ਸ਼ਕਲ ਵੇਖ ਕੇ ਡਰਨਾ ਚਾਹੋ ਤਾਂ ਇਸ ਸੀਟੀ ਨੂੰ ਵਜਾ ਦੇਣਾ। ਮੈਂ ਝਟ ਪਟ ਹਾਜ਼ਰ ਹੋ ਜਾਇਆ ਕਰਾਂਗਾ। ਮੈਂ ਤੁਹਾਡਾ ਨੌਕਰ ਹਾਂ। ਪਿਆਰੀ ਅਸਮਰ ਜੀ ਤੁਸੀਂ ਮੈਨੂੰ ਆਪਣਾ ਨੌਕਰ ਸਮਝਿਆ ਕਰੋ।"

ਉਸ ਨੇ ਇਹ ਕਹਿੰਦਿਆਂ ਹੋਇਆਂ ਖੀਸੇ ਵਿਚੋਂ ਸੀਟੀ ਕਢੀ ਅਤੇ ਉਸ ਦੇ ਅਗੇ ਜ਼ਮੀਨ ਤੇ ਰਖ ਕੇ ਆਪ ਬੂਹਿਓਂ ਬਾਹਰ ਨਿਕਲ ਗਿਆ।

## ੨੧

ਜਦ ਅਸਮਰ ਦੇ ਬਚ ਕੇ ਨੋਟਰ ਡੈਮ ਦੇ ਗਿਰਜੇ ਵਿਚ ਰਹਿਣ ਦੀ ਖਬਰ ਪਾਦਰੀ ਨੂੰ ਮਿਲੀ ਤਾਂ ਉਹ ਸਾਰਾ ਦਿਨ ਉਸ ਦੇ ਕਮਰੇ ਦੀ ਬਾਰੀ ਦੇ ਸਾਹਮਣੇ ਹੀ ਇਕ ਮਕਾਨ ਦੀ ਬਾਰੀ ਖੋਲ੍ਹੀ, ਉਸ ਦੇ ਅੰਦਰ ਆਉਣ ਜਾਣ ਵਾਲਿਆਂ ਨੂੰ ਤਕਦਾ ਰਿਹਾ। ਉਥੇ ਕੈਦੋ ਤੋਂ ਬਿਨਾਂ ਹੋਰ ਆਉਂਦਾ ਵੀ ਕੌਣ ਸੀ?

ਜਦ ਰਾਤ ਕਾਫੀ ਬੀਤ ਗਈ ਤਾਂ ਉਹ ਪਾਦਰੀ ਹਥ ਵਿਚ ਲੈਂਪ ਲਈ ਉਸ ਕਮਰੇ ਵਲ ਗਿਆ ਜਿਥੇ ਅਸਮਰ ਸੁਤੀ ਪਈ ਸੀ। ਪਰ ਉਸਦੀ ਨੀਂਦ ਇਕ ਪੰਖੇਰੂ ਦੀ ਨੀਂਦ ਸੀ ਜਿਹੜਾ ਥੋੜਾ ਜਿਹਾ ਖੜਾਕ ਹੋਣ ਨਾਲ ਤ੍ਰਬਕ ਉਠਦਾ ਹੈ। ਉਸ ਨੇ ਪੈਰਾਂ ਦਾ ਖੜਾਕ ਸੁਣਿਆ ਤੇ ਝਟ ਉਠ ਕੇ ਬੈਠ ਗਈ। ਰਾਤ ਬੜੀ ਹਨੇਰੀ ਸੀ। ਉਸ ਨੇ ਬਾਰੀ ਵਿਚੋਂ ਦੀ ਕਿਸੇ ਨੂੰ ਆਉਂਦਿਆਂ ਵੇਖਿਆ ਜਿਸ ਦੇ ਚਿਹਰੇ ਤੇ ਲੈਂਪ ਦੀ ਲੋ ਪੈ ਰਹੀ ਸੀ। ਜਿਉਂ ਹੀ ਅਸਮਰ ਨੇ ਉਸ ਵਲ ਤਕਿਆ, ਉਸ ਆਦਮੀ ਨੇ ਲੈਂਪ ਇਕ



Digitized by Panjab Digital Library | www.panjabdigilib.org

ਪਾਸੇ ਹਟਾ ਕੇ ਆਪਣਾ ਮੂੰਹ ਹਨੇਰੇ ਵਿਚ ਲਕੋ ਲਿਆ। ਪਰ ਅਸਮਰ ਉਸ ਦੇ ਚਿਹਰੇ ਨੂੰ ਵੇਖ ਚੁਕੀ ਸੀ ਅਤੇ ਡਰ ਨਾਲ ਅੱਖਾਂ ਬੰਦ ਕਰ ਲਈਆਂ।

"ਆਹ, ਕਮਬਖਤ ਪਾਦਰੀ ਇਥੇ ਵੀ ਮੇਰਾ ਖਹਿੜਾ ਨਹੀਂ ਛਡਦਾ" ਅਸਮਰ ਦੇ ਮੂੰਹੋਂ ਡਰ ਨਾਲ ਆ-ਮੁਹਾਰਾ ਨਿਕਲ ਗਿਆ ਅਤੇ ਘਬਰਾ ਕੇ ਪਿਛੇ ਬਿਸਤਰੇ ਤੇ ਡਿਗ ਪਈ। ਕੁਝ ਚਿਰ ਪਿਛੋਂ ਉਸ ਨੇ ਆਪਣੇ ਸਰੀਰ ਨਾਲ ਕਿਸੇ ਦੇ ਹਥਾਂ ਨੂੰ ਛੂੰਹਦੇ ਮਹਿਸੂਸ ਕੀਤਾ। ਉਸ ਨੇ ਅਖਾਂ ਖੋਲ੍ਹ ਕੇ ਵੇਖਿਆ। ਪਾਦਰੀ ਉਸ ਦੇ ਗਲ ਵਿਚ ਬਾਹਾਂ ਪਾਉਣ ਦਾ ਯਤਨ ਕਰ ਰਿਹਾ ਸੀ।

"ਦਫਾ ਹੋ ਜਾ ਪਾਪੀਆ" ਅਸਮਰ ਨੇ ਨਫਰਤ ਭਰੇ ਲਹਿਜੇ ਵਿਚ ਕਿਹਾ "ਦਫਾ ਹੋ ਜਾ ਸ਼ੈਤਾਨਾਂ ਨਹੀਂ ਤਾਂ......।"

"ਦੈਆ ਕਰੋ, ਮੇਰੀ ਹਾਲਤ ਤੇ ਰਹਿਮ ਕਰੋ" ਪਾਦਰੀ ਨੇ ਉਸ ਦੇ ਮੋਢਿਆਂ ਨੂੰ ਆਪਣੇ ਬੁਲ੍ਹਾਂ ਨਾਲ ਛੁਹਿੰਦਿਆਂ ਹੋਇਆਂ ਕਿਹਾ।

ਅਸਮਰ ਨੇ ਪੂਰਾ ਜ਼ੋਰ ਲਾ ਕੇ ਉਸ ਨੂੰ ਦੋਹਾਂ ਹਥਾਂ ਨਾਲ ਪਿਛੇ ਧਕ ਦਿਤਾ। "ਦੈਆ ਕਰ" ਪਾਦਰੀ ਨੇ ਫੇਰ ਕਿਹਾ, "ਕੀ ਤੈਨੂੰ ਪਤਾ ਹੈ ਪਿਆਰ ਕੀ ਚੀਜ਼ ਹੁੰਦੀ ਹੈ ? ਇਹ ਅੱਗ ਹੈ। ਇਹ ਢਲਿਆ ਹੋਇਆ ਸਿਕਾ ਹੈ ਅਤੇ ਇਹ ਤਲਵਾਰ ਵਾਂਗ ਮੇਰੇ ਸੀਨੇ ਵਿਚ ਖੁਭਿਆ ਹੋਇਆ ਹੈ।" ਪਾਦਰੀ ਨੇ ਉਸ ਨੂੰ ਫੇਰ ਫੜਨ ਦਾ ਯਤਨ ਕੀਤਾ ਪਰ ਉਹ ਟਪ ਕੇ ਇਕ ਪਾਸੇ ਹੋ ਗਈ ਅਤੇ ਕਹਿਣ ਲਗੀ, "ਮੈਨੂੰ ਹਥ ਨਾ ਲਾ ਪਾਜੀ ਨਹੀਂ ਤਾਂ ਮੈਂ ਤੇਰੇ ਮੂੰਹ ਤੇ ਥੁਕ ਦਿਆਂਗੀ।"

ਪਾਦਰੀ ਨੇ ਅਗੇ ਵਧ ਕੇ ਉਸ ਦਾ ਹਥ ਫੜ ਹੀ ਲਿਆ ਅਤੇ ਕਹਿਣ ਲਗਾ, "ਮੇਰੇ ਤੇ ਥੁਕ। ਮੇਰੇ ਸਿਰ ਨੂੰ ਠੋਕਰਾਂ ਮਾਰ ਮਾਰ ਕੇ ਉਡਾਂਦੇ ਪਰ ਮੇਰੀ ਹਾਲਤ ਤੇ ਦੈਆ ਕਰ। ਮੈਨੂੰ ਪਿਆਰ ਕਰ। ਮੈਂ ਤੇਰੇ ਪਿਆਰ ਦਾ ਭਿਖਾਰੀ ਹਾਂ।" ਪਾਦਰੀ ਨੇ ਆਪਣਾ ਸਿਰ ਉਸ ਦੇ ਪੈਰਾਂ ਤੇ ਰਖ ਦਿਤਾ। ਅਸਮਰ ਨੇ ਉਸ ਦੇ ਪੈਰਾਂ ਤੇ ਇਕ ਠੁਡਾ ਮਾਰਿਆ



Digitized by Panjab Digital Library | www.panjabdigilib.org

ਅਤੇ ਆਪਣੀਆਂ ਅਖਾਂ ਨੂੰ ਦੋਹਾਂ ਹਥਾਂ ਨਾਲ ਢੱਕਦੀ ਹੋਈ ਬੋਲੀ, "ਦਫਾ ਹੋ ਜਾ ਏਥੋਂ ਜ਼ਾਲਮਾ।"

"ਮੈਨੂੰ ਪਿਆਰ ਕਰ, ਮੈਨੂੰ ਪਿਆਰ ਕਰ। ਰਬ ਦੇ ਵਾਸਤੇ ਮੇਰੇ ਤੇ ਰਹਿਮ ਕਰ।" ਪਾਦਰੀ ਨੇ ਛਾਤੀ ਤੇ ਹਥ ਮਾਰਦਿਆਂ ਹੋਇਆਂ ਕਿਹਾ। ਪਾਦਰੀ ਗੁਸੇ ਨਾਲ ਕੰਬਣ ਲਗ ਪਿਆ ਅਤੇ ਦੰਦਾਂ ਨੂੰ ਪੀਂਹਦਾ ਹੋਇਆ ਕਹਿਣ ਲਗਾ, "ਤਾਂ ਹੁਣ ਮੈਨੂੰ ਇਸ ਨਿਤ ਦੀ ਖਿਚੋਤਾਨ ਦਾ ਅੰਤ ਕਰਨਾ ਹੀ ਪਵੇਗਾ।" ਇਹ ਕਹਿੰਦਾ ਹੋਇਆ ਉਹ ਭੁਖੇ ਸ਼ੇਰ ਵਾਂਗ ਅਸਮਰ ਤੇ ਟੁਟ ਪਿਆ। ਅਸਮਰ ਨੇ ਡਰ ਨਾਲ ਜ਼ੋਰ ਦੀ ਚੀਕ ਮਾਰੀ ਅਤੇ ਸਹਾਇਤਾ ਲਈ ਪੁਕਾਰਿਆ ਪਰ ਕੋਈ ਨਾ ਆਇਆ। ਕੇਵਲ ਭੁਜਲੀ ਹੀ ਮੈਂ, ਮੈਂ ਦੇ ਰੌਲੇ ਨਾਲ ਆਪਣੀ ਮਾਲਕਣ ਦੀ ਹਾਲਤ ਪੁਛ ਰਹੀ ਸੀ। "ਚੁਪ" ਪਾਦਰੀ ਨੇ ਕਿਹਾ।

ਹੁਣ ਦੋਵੇਂ ਗੁਥਮ ਗੁਥਾ ਹੋਏ ਆਪਣਾ ਪੂਰਾ ੨ ਬਲ ਲਾ ਰਹੇ ਸਨ। ਅਚਾਨਕ ਅਸਮਰ ਦੇ ਹਥ ਕੈਦੋ ਦੀ ਸੀਟੀ ਨਾਲ ਟਕਰਾਏ। ਉਸ ਨੇ ਸੀਟੀ ਨੂੰ ਬੁਲ੍ਹਾਂ ਨਾਲ ਲਾ ਕੇ ਪੂਰੇ ਜ਼ੋਰ ਨਾਲ ਵਜਾਇਆ। ਸਾਰਾ ਨੋਟਰ ਡੈਮ ਸੀਟੀ ਦੀ ਆਵਾਜ਼ ਨਾਲ ਗੂੰਜ ਉਠਿਆ।

"ਇਹ ਕੀ ਹੈ?" ਪਾਦਰੀ ਨੇ ਪੁਛਿਆ।

ਇਸਦੇ ਪਿਛੋਂ ਪਾਦਰੀ ਦੇ ਮੋਢਿਆਂ ਨਾਲ ਕੋਈ ਚੀਜ਼ ਟਕਰਾਈ। ਉਸਨੇ ਪਿਛੇ ਮੁੜ ਕੇ ਵੇਖਿਆ ਪਰ ਉਸਨੂੰ ਕੁਝ ਵੀ ਨਜ਼ਰ ਨਾ ਆਇਆ ਕਿਉਂਕਿ ਕਮਰੇ ਵਿਚ ਬਿਲਕੁਲ ਹਨੇਰਾ ਸੀ। ਕੁਝ ਚਿਰ ਪਿਛੋਂ ਪਾਦਰੀ ਫ਼ਰਸ਼ ਤੇ ਆ ਡਿਗਿਆ ਅਤੇ ਇਕ ਬੋਝਲ ਜਿਹਾ ਪੈਰ ਉਸਦੀ ਛਾਤੀ ਨੂੰ ਮਿਧ ਰਿਹਾ ਸੀ। ਰਾਤ ਦੇ ਹਨੇਰੇ ਨੇ ਬੋਲੇ ਕੈਦੋ ਨੂੰ ਅਨ੍ਹਾਂ ਵੀ ਕਰ ਦਿਤਾ ਸੀ। ਅਸਮਰ ਨੂੰ ਕੈਦੋ ਦੇ ਉਥੇ ਪੁਜਣ ਦਾ ਪਤਾ ਲਗ ਗਿਆ ਸੀ ਅਤੇ ਉਹ ਚੁਪ ਚਾਪ ਇਕ ਪਾਸੇ ਕੰਧ ਨਾਲ ਲਗ ਕੇ ਖੜੋਤੀ ਸੀ। ਹੁਣ ਉਸ ਨੂੰ ਕਿਸੇ ਪਰਕਾਰ ਦਾ ਡਰ ਨਹੀਂ ਸੀ ਕਿਉਂਜੋ ਉਸਦਾ ਰਾਖਾ ਕੁਬਾ ਦੇਓ ਅਸਮਰ ਤੇ ਹਲਾ ਕਰਨ ਵਾਲੇ ਦੀਆਂ ਵਖੀਆਂ ਸੇਕਣ ਲਈ ਆ ਪੁਜਾ ਸੀ। ਉਸਦਾ



Digitized by Panjab Digital Library | www.panjabdigilib.org

ਸਾਹ ਕਮਰੇ ਵਿਚ ਇਸ ਤਰ੍ਹਾਂ ਸੁਣਾਈ ਦੇ ਰਿਹਾ ਸੀ ਜਿਵੇਂ ਲੜਾਈ ਦਾ ਘੋੜਾ ਹਿਣਕਦਾ ਹੈ। ਉਸ ਦੇ ਦੰਦਾਂ ਦੀ ਪੀਹਣ ਦੀ ਆਵਾਜ਼ ਸੁਣਕੇ ਇਹੋ ਭੁਲੇਖਾ ਪੈਂਦਾ ਸੀ ਕਿ ਤਲਵਾਰਾਂ ਆਪੋ ਵਿਚ ਭਿੜ ਰਹੀਆਂ ਹਨ।

"ਖ਼ੂਨ, ਖ਼ੂਨ" ਹਨੇਰੇ ਵਿਰ ਗਰਜ ਪੈਦਾ ਹੋਈ। ਇਹ ਕੈਦੋ ਦੀ ਆਵਾਜ਼ ਸੀ ਜਿਹੜਾ ਆਪਣੇ ਸ਼ਿਕਾਰ ਨੂੰ ਇਸ ਤਰ੍ਹਾਂ ਹਫਾ ਹਫਾ ਮਾਰ ਕੇ ਰਿਹਾ ਸੀ ਜਿਸ ਤਰ੍ਹਾਂ ਸ਼ੇਰ ਹਰਨੀ ਨੂੰ ਖ਼ੂਬ ਹਫਾ ਕੇ ਮਾਰਦਾ ਹੈ।

ਅਖ਼ੀਰ ਕੈਦੋ ਉਸ ਪਾਦਰੀ ਨੂੰ ਨੋਟਰਡੈਮ ਦੇ ਮੁਨਾਰੇ ਤੋਂ ਹੇਠਾਂ ਜ਼ਮੀਨ ਤੇ ਸੁਟਣ ਲਈ ਉਸ ਦੀ ਲਤ ਫੜ ਕੇ ਘਸੀਟਦਾ ਹੋਇਆ ਉਸ ਨੂੰ ਕਮਰੇ ਚੋਂ ਬਾਹਰ ਲੈ ਗਿਆ ਪਰ ਪਾਦਰੀ ਦੀ ਖ਼ੁਸ਼ ਕਿਸਮਤੀ ਨੂੰ, ਬਾਹਰ ਲੋ ਸੀ। ਜਿਉਂ ਹੀ ਪਾਦਰੀ ਨੂੰ ਕਮਰੇ ਤੋਂ ਬਾਹਰ ਲਿਆਂਦਾ ਗਿਆ। ਉਸ ਦੇ ਮੂੰਹ ਤੇ ਲੋ ਪੈਂਦਿਆਂ ਸਾਰ ਹੀ ਕੈਦੋ ਘਬਰਾ ਗਿਆ। ਉਸ ਨੇ ਗਹੁ ਨਾਲ ਤਕਿਆ। ਉਸਦੇ ਹਥ ਢਿਲੇ ਪੈ ਗਏ ਅਤੇ ਉਹ ਕੰਬਣ ਲਗ ਪਿਆ।

ਅਸਮਰ ਕਮਰੇ ਚੋਂ ਬਾਹਰ ਆਈ ਅਤੇ ਇਹ ਤੱਕ ਕੇ ਹੈਰਾਨ ਹੋ ਗਈ ਕਿ ਕੈਦੋ, ਜਿਸ ਅਗੇ ਪੈਰਸ ਦੇ ਬੜੇ ਬੜੇ ਬਹਾਦਰਾਂ ਦੇ ਦੰਮ ਖ਼ੁਸ਼ਕ ਹੁੰਦੇ ਸਨ, ਇਸ ਬੁਢੇ ਪਾਦਰੀ ਸਾਹਮਣੇ ਇਸ ਤਰ੍ਹਾਂ ਕਿਉਂ ਕੰਬ ਰਿਹਾ ਹੈ। ਉਸਦੇ ਚਿਹਰੇ ਤੇ ਪਿਲੱਤਣ ਛਾ ਗਈ ਸੀ ਅਤੇ ਉਹ ਚੁਪ ਚਾਪ ਬੁਤ ਬਣਿਆ ਖੜੋਤਾ, ਰਹਿਮ ਭਰੀਆਂ ਨਜ਼ਰਾਂ ਨਾਲ ਪਾਦਰੀ ਵਲ ਤੱਕ ਰਿਹਾ ਸੀ।

ਪਾਦਰੀ ਨੇ ਚੰਗੀ ਤਰ੍ਹਾਂ ਵੇਖ ਲੈਣ ਪਿਛੋਂ ਕੈਦੋ ਨੂੰ ਪਿਛੇ ਹੱਟਣ ਦਾ ਹੁਕਮ ਦਿਤਾ। ਬੋਲਾ ਨੀਵੀਆਂ ਨਜ਼ਰਾਂ ਕੀਤੀ ਅਸਮਰ ਦੇ ਕਮਰੇ ਵਲ ਨੂੰ ਤੁਰ ਪਿਆ ਅਤੇ ਉਥੇ ਝੁਕ ਕੇ ਆਪਣਾ ਛੁਰਾ ਉਸ ਵਲ ਨੂੰ ਸੁਟਦਾ ਹੋਇਆ ਕਹਿਣ ਲਗਾ, "ਹਜ਼ੂਰ, ਇਸ ਤੋਂ ਪਹਿਲੋਂ ਕਿ ਤੁਸੀ ਮੈਨੂੰ ਕੋਈ ਸਜ਼ਾ ਦੇਵੋ, ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਮੇਰੇ ਇਸ ਛੁਰੇ ਨਾਲ ਕਤਲ ਕਰ ਦਿਓ।"

ਪਾਦਰੀ ਛੁਰਾ ਲੈ ਕੇ ਉਸ ਵਲ ਭਜਾ, ਪਰ ਅਸਮਰ ਨੇ ਛੇਤੀ ਨਾਲ ਉਸਦਾ ਹੱਥ ਫੜ ਲਿਆ ਅਤੇ ਛੁਰਾ ਖੋਹ ਕੇ ਜ਼ੋਰ ਨਾਲ ਹਸਦੀ ਹੋਈ ਕਹਿਣ ਲਗੀ, "ਸਤਿਕਾਰ ਯੋਗ ਪਿਤਾ, ਮੈਨੂੰ ਫਸਾਉਣ ਦੀ ਫ਼ਜ਼ੂਲ ਕੋਸ਼ਿਸ਼



Digitized by Panjab Digital Library | www.panjabdigilib.org

ਨਾ ਕਰੋ। ਮੈਂ ਤੁਹਾਡੀ ਨਹੀਂ ਹੋ ਸਕਦੀ। ਤੁਸੀਂ ਤੇ ਮਹਾਤਮਾ ਹੋ। ਤੁਹਾਨੂੰ ਤੇ ਹਰ ਵੇਲੇ ਭੱਜਨ ਬੰਦਗੀ ਵਿਚ ਮਘਣ ਰਹਿਣਾ ਚਾਹੀਦਾ ਏ। ਤੁਹਾਡਾ ਅਜਿਹਾਂ ਕੰਮਾਂ ਨਾਲ ਕੀ ਵਾਸਤਾ? ਆਹ — ਮੇਰਾ ਫੀਬਸ — ਉਹ ਜੀਊਂਦਾ ਹੈ ਅਤੇ ਉਸ ਨੂੰ ਪਤਾ ਹੈ ਕਿ ਮੈਂ ਨੋਟਰਡੈਮ ਦੇ ਇਕ ਹਨੇਰੇ ਕਮਰੇ ਵਿਚ ਜੀਵਨ ਬਿਤਾ ਰਹੀ ਹਾਂ। ਉਹ ਖ਼ਬਰ ਨਹੀਂ ਕਿਸ ਕਾਰਨ ਕਰਕੇ ਏਥੇ ਨਹੀਂ ਆਉਂਦਾ ਪਰ ਉਹ ਇਕ ਦਿਨ ਜ਼ਰੂਰ ਆਏਗਾ। ਉਸ ਨੂੰ ਆਉਣਾ ਹੀ ਪਵੇਗਾ। ਮੇਰੀਆਂ ਆਹਾਂ — ਮੇਰੀਆਂ ਅਰਦਾਸਾ ਕਦੇ ਵੀ ਨਿਸਫਲ ਨਹੀਂ ਜਾ ਸਕਦੀਆਂ। ਮੈਂ ਦਿਨੇ ਰਾਤ ਉਸ ਦੇ ਵਿਛੋੜੇ ਵਿਚ ਤੜਫਦੀ ਹਾਂ। ਪੌਣ ਦੇ ਝੋਲੇ ਉਸ ਨੂੰ ਮੇਰਾ ਸੁਨੇਹਾ ਦਿੰਦੇ ਹੋਣਗੇ। ਉਹ ਮੈਨੂੰ ਉਨ੍ਹਾਂ ਦੇ ਹਥੀਂ ਸੁਨੇਹੇ ਭੇਜਦਾ ਹੋਵੇਗਾ, ਹਾਂ, ਉਹ ਜ਼ਰੂਰ ਭੇਜਦਾ ਹੈ। ਉਹ ਸਦਾ ਮੇਰੇ ਕੋਲ ਹੈ। ਹੀਂ, ਹੀਂ, ਹੀਂ, ਮਾਨਯੋਗ ਪਿਤਾ ਜੀ, ਤੁਸੀਂ ਆਪਣੇ ਇਰਾਦਿਆਂ ਵਿਚ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ।" ਅਸਮਰ ਏਨਾ ਕਹਿ ਕੇ ਚੁਪ ਹੋ ਗਈ।

ਪਾਦਰੀ ਨੇ ਕੈਦੋ ਦੇ ਕੋਲ ਜਾ ਕੇ ਉਸ ਨੂੰ ਇਕ ਠੁਡਾ ਮਾਰਿਆ ਪਰ ਉਹ ਚੁਪ ਚਾਪ ਖੜੋਤਾ ਰਿਹਾ ਅਤੇ ਖੜੋਤਾ ਵੀ ਕਿਵੇਂ ਨਾ ਰਹਿੰਦਾ। ਇਹ ਉਸ ਦਾ ਉਸਤਾਦ ਫਰਲੋ ਸੀ। ਹੁਣ ਪਾਠਕਾਂ ਨੂੰ ਪਤਾ ਲਗ ਗਿਆ ਹੋਵੇਗਾ ਕਿ ਇਹ ਬੁਢਾ ਪਾਦਰੀ ਕੌਣ ਸੀ ਜਿਸ ਨੇ ਫੀਫਸ ਤੇ ਹਲਾ ਕੀਤਾ, ਜਿਹੜਾ ਅਸਮਰ ਨੂੰ ਜੇਹਲ ਵਿਚ ਮਿਲਿਆ ਅਤੇ ਉਸ ਨੂੰ ਉਥੋਂ ਦੌੜ ਜਾਣ ਲਈ ਜ਼ੋਰ ਦਿਤਾ।

ਪਾਦਰੀ ਨੇ ਕੈਦੋ ਦੀ ਪਿਠ ਤੇ ਇਕ ਲੱਤ ਠੋਕੀ ਅਤੇ ਉਹ ਲੜਖੜਾਉਂਦਾ ਹੋਇਆ ਹੇਠਾਂ ਪਥਰਾਂ ਤੇ ਜਾ ਡਿਗਿਆ। ਪਾਦਰੀ ਗੁਸੇ ਵਿਚ ਦੂਜੀਆਂ ਪੌੜੀਆਂ ਵਲ ਵਧਿਆ ਜਿਹੜੀਆਂ ਨੋਟਰਏਮ ਦੇ ਮੁਨਾਰੇ ਤੇ ਜਾਂਦੀਆਂ ਸਨ। ਉਹ ਹੌਲੇ ਹੌਲੇ ਪੈਰ ਪੁਟਦਾ ਹੋਇਆ ਪੌੜੀਆਂ ਚੜ੍ਹਨ ਲਗਾ। ਜਦ ਉਹ ਅੱਖਾਂ ਤੋਂ ਉਹਲੇ ਹੋ ਗਿਆ ਤਾਂ ਕੈਦੋ ਆਪਣੀ ਸੀਟੀ ਜ਼ਮੀਨ ਤੋਂ ਚੁਕਕੇ ਅਸਮਰ ਨੂੰ ਫੜਾਉਂਦਾ ਹੋਇਆ, ਉਸਨੂੰ ਇਕਲੀ ਛਡ ਕੇ ਚਲਿਆ ਗਿਆ।



Digitized by Panjab Digital Library | www.panjabdigilib.org

ਅਸਮਰ ਫ਼ਿਕਰਾਂ ਵਿਚ ਡੁਬੀ ਸੋਚ ਰਹੀ ਸੀ ਕਿ ਇਸ ਦੁਖਾਂਤ ਲ੍ਹੀਲਾ ਦਾ ਅੰਤ ਕੀ ਹੋਵੇਗਾ, "ਜ਼ਰੂਰ ਭੈੜਾ" ਉਹ ਇਕ ਵਾਰਗੀ ਪੁਕਾਰ ਉਠੀ।

"ਫੀਬਸ, ਪਿਆਰੇ ਫੀਬਸ, ਇਹ ਨਿਤ-ਦਿਹਾੜੀ ਦੀ ਕਲਾ ਮੈਨੂੰ ਜੀਉਂਦਾ ਨਹੀਂ ਛਡੇਗੀ। ਕਿਸੇ ਦਿਨ ਤੁਹਾਡੀ ਅਸਮਰ, ਹਸਰਤਾਂ ਭਰੀ ਅਸਮਰ – ਆਹ ਜਿਸਨੂੰ ਕੁਦਰਤ ਨੇ ਬਦ-ਨਸੀਬ ਬਣਾਇਆ ਹੈ, ਆਪਣੇ ਕਮਰੇ ਵਿਚ ਮਰੀ ਹੋਈ ਵੇਖੀ ਜਾਏਗੀ। ਮੈਂ ਇਕ ਪਲ ਲਈ ਵੀ ਤੁਹਾਡੀ ਜੁਦਾਈ ਨਹੀਂ ਸਹਾਰ ਸਕਦੀ ਪਰ ਕੀ ਕਰਾਂ ਮਜਬੂਰੀ ਵਿਚ ਦਿਨ-ਕਟੀ ਕਰ ਰਹੀਹਾਂ। ਫੀਬਸ, ਰਾਤ ਦੇ ਹਨੇਰੇ ਵਿਚ ਹੀ ਆ। ਸ਼ਾਇਦ ਤੂੰ ਦਿਨ ਵੇਲੇ ਇਕ ਦੋਸ਼ਨ ਨੂੰ ਮਿਲਣਾ ਪਸੰਦ ਨਾ ਕਰੇਂ ਪਰ ਇਹ ਪਿਆਰ ਦੇ ਅਸੂਲਾਂ ਦੇ ਉਲਟ ਹੈ। ਮੈਂ ਤਾਂ ਕੰਡਿਆਂ ਤੇ ਲੇਟਾਂ ਅਤੇ ਤੂੰ ਫੁਲਾਂ ਦੀਆਂ ਸੇਜਾਂ ਤੇ ਆਰਾਮ ਕਰੇਂ। ਆਹ! ਪਿਆਰੇ! ਕੀ ਇਸੇ ਦਾ ਨਾਂ ਪਿਆਰ ਹੈ? ਕੀ ਉਹ ਤੁਹਾਡੀਆਂ ਸੁਗੰਧਾਂ, ਸ਼ਾਇਦ ਤੁਹਾਨੂੰ ਚੇਤਾ ਹੋਵੇਗਾ ਜਿਹੜੀਆਂ ਤੁਸੀਂ ਯਸੂਹ ਦੇ ਬੁਤ ਦੇ ਸਾਹਮਣੇ ਝੁਕ ਕੇ ਖਾਧੀਆਂ ਸਨ, ਕੀ ਉਹ ਸਭ ਝੂਠੀਆਂ ਸਨ? ਤੁਸੀਂ ਆਪ ਹੀ ਨਿਆਂ ਕਰੋ ਕਿ ਕੌਣ ਬੇ-ਵਫ਼ਾ ਨਿਕਲਿਆ ਹੈ। ਮੈਂ ਜਾਂ ਤੁਸੀਂ? ਫੀਬਸ, ਪਿਆਰੇ ਫੀਬਸ।"

ਏਨਾ ਕਹਿਣ ਪਿਛੋਂ ਉਹ ਬੇ-ਹੋਸ਼ ਹੋ ਕੇ ਫ਼ਰਸ਼ ਤੇ ਡਿਗ ਪਈ। ਉਸ ਵੇਲੇ ਤ੍ਰਿਕਾਲਾਂ ਪੈ ਚੁਕੀਆਂ ਸਨ। ਸੂਰਜ ਦੇਵਤਾ ਛੁਪਣ ਲਈ ਪਛਮ ਵਲ ਨੂੰ ਭਜਾ ਜਾ ਰਿਹਾ ਸੀ। ਹਵਾ ਦੇ ਝੋਲੇ ਸੰਸਾਰ ਦੀ ਹਰੇਕ ਸ਼ੈ ਨੂੰ ਨੀਂਦ ਦੀ ਲੋਰੀ ਸੁਣਾ ਰਹੇ ਸਨ।

ਹਨੇਰੇ ਵਿਚ ਭੌਂਕਦੇ ਹੋਏ ਕੁਤਿਆਂ ਦੀਆਂ ਡਰਾਉਣੀਆਂ ਚੀਕਾਂ ਪਹਿਲੇ ਨਾਲੋਂ ਵਧ ਗਈਆਂ ਸਨ। ਸਾਰੇ ਪੈਰਿਸ ਵਿਚ ਸੁੰਨ ਵਰਤੀ ਹੋਈ ਸੀ। ਕਿਸੇ ਕਿਸੇ ਮਕਾਨ ਵਿਚੋਂ ਲੋ ਨਜ਼ਰੀਂ ਆ ਰਹੀ ਸੀ। ਸਾਰੀ ਦੁਨੀਆਂ ਸੁਪਨਿਆਂ ਦੇ ਸੰਸਾਰ ਵਿਚ ਮਸਤ ਸੀ। ਅਚਾਨਕ ਪਾਦਰੀ ਨੋਟਰਡੈਮ ਦੇ ਮੁਨਾਰੇ ਕੋਲ ਜਾਂਦਾ ਹੋਇਆ ਨਜ਼ਰੀਂ ਪਿਆ। ਚੰਨ ਦੀ ਚਾਨਣੀ ਉਸ ਉਤੇ ਪੈ ਰਹੀ ਸੀ।



Digitized by Panjab Digital Library | www.panjabdigilib.org

ਉਹ ਇਸ ਤਰ੍ਹਾਂ ਤੁਰ ਰਿਹਾ ਸੀ ਜਿਵੇਂ ਉਸਦਾ ਕੁਝ ਗੁਆਚ ਗਿਆ ਹੋਵੇ। ਉਹ ਹੌਲੇ ਹੌਲੇ ਤੁਰਦਾ ਆਪਣੇ ਕਮਰੇ ਵਿਚ ਪੁਜਾ ਅਤੇ ਨਿਰਾਸ ਮੁੜਨ ਦੇ ਗ਼ਮ ਵਿਚ ਇਹ ਕਹਿੰਦਾ ਹੋਇਆ ਧੜਮ ਕਰਦਾ ਮੰਜੇ ਤੇ ਡਿਗਿਆ, "ਬਦ-ਨਸੀਬ ਅਮਸਰ, ਤੈਨੂੰ ਕੋਈ ਵੀ ਹਾਸਲ ਨਹੀਂ ਕਰ ਸਕੇਗਾ।"

## ੨੨

ਇਕ ਦਿਨ ਗੌਰੀ ਸੰਤ ਗਰੀਸਨ ਦੇ ਗਿਰਜੇ ਕੋਲ ਖੜੋਤਾ ਉਸ ਦੇ ਵਡੇ ਦਰਵਾਜ਼ੇ ਦੀ ਬਨਾਵਟ ਨੂੰ ਬੜੇ ਗਹੁ ਨਾਲ ਤੱਕ ਰਿਹਾ ਸੀ ਕਿ ਪਿਛੋਂ ਦੀ ਕਿਸੇ ਨੇ ਉਸਦੇ ਮੋਢੇ ਤੇ ਹੱਥ ਆ ਧਰਿਆ। ਉਸਨੇ ਮੁੜ ਕੇ ਵੇਖਿਆ। ਹੱਥ ਰਖਣ ਵਾਲਾ ਉਸ ਦਾ ਪੁਰਾਣਾ ਮਿਤ੍ਰ ਫਰਲੋ ਸੀ ਜਿਹੜਾ ਪਹਿਲੇ ਨਾਲੋਂ ਬਿਲਕੁਲ ਬਦਲ ਚੁਕਾ ਸੀ। ਉਸ ਦਾ ਰੰਗ ਬਿਲਕੁਲ ਪੀਲਾ ਪੈ ਚੁਕਾ ਸੀ। ਉਸ ਦੀਆਂ ਅੱਖਾਂ ਅੰਦਰ ਨੂੰ ਵੜੀਆਂ ਹੋਈਆਂ ਸਨ ਅਤੇ ਉਸ ਦੇ ਵਾਲ ਲਗ ਪਗ ਸਾਰੇ ਹੀ ਸਫ਼ੈਦ ਹੋ ਗਏ ਸਨ। ਦੋਵੇਂ ਮਿਤ੍ਰ ਕੁਝ ਚਿਰ ਤਕ ਚੁਪ ਚਾਪ ਇਕ ਦੂਜੇ ਵਲ ਤਕਦੇ ਰਹੇ। ਅਖ਼ੀਰ ਫਰਲੋ ਚੁਪ ਨੂੰ ਤੋੜਦਾ ਹੋਇਆ ਬੜੀ ਕਮਜ਼ੋਰ ਜਹੀ ਆਵਾਜ਼ ਵਿਚ ਬੋਲਿਆ, "ਕਿਵੇਂ ਬੀਤਦੀ ਹੈ ਅੱਜ ਕਲ ਮਿਸਟਰ ਗੌਰੀ?"

"ਜੀ ਰਿਹਾ ਹਾਂ" ਗੌਰੀ ਨੇ ਉਤਰ ਦਿਤਾ, "ਤੁਸੀਂ ਆਪਣੀ ਸੁਣਾਓ।"

"ਮੇਰੀ ਸਿਹਤ ਤੋਂ ਅੰਦਾਜ਼ਾ ਲਾ ਲਓ" ਫਰਲੋ ਨੇ ਕਿਹਾ, "ਪਰ ਤੁਸੀਂ ਏਥੇ ਖੜੋਤੇ ਕੀ ਰਹੇ ਹੋ?"



Digitized by Panjab Digital Library | www.panjabdigilib.org

"ਇਸ ਦਰਵਾਜ਼ੇ ਦੀ ਬਨਾਵਟ ਤੇ ਇਸ ਦੇ ਹੁਨਰ ਨੂੰ ਵੇਖ ਰਿਹਾ ਹਾਂ।' ਗੌਰੀ ਬੋਲਿਆ।

ਪਾਦਰੀ ਦੇ ਬੁਲ੍ਹਾਂ ਤੇ ਮਾੜੀ ਜਿਹੀ ਹਾਸੀ ਆਈ, ਪਰ ਇਹ ਹਾਸੀ ਡਰਾਉਣੀ ਹਾਸੀ ਸੀ।

"ਕੀ ਇਹ ਦਰਵਾਜ਼ਾ ਸੋਹਣਾ ਨਹੀਂ?" ਗੌਰੀ ਨੇ ਪੁਛਿਆ।

"ਹੈ ਕਿਉਂ ਨਹੀਂ" ਪਾਦਰੀ ਨੇ ਉਤਰ ਦਿਤਾ।

"ਕਦੇ ਮੈਂ ਇਸਤ੍ਰੀਆਂ ਨੂੰ ਪਿਆਰ ਕਰਦਾ ਸਾਂ, ਫੇਰ ਜਾਨਵਰਾਂ ਨੂੰ ਤੇ ਹੁਣ ਪਥਰਾਂ ਨੂੰ ਪਿਆਰ ਕਰਦਾ ਹਾਂ।" ਗੌਰੀ ਬੋਲਿਆ।

"ਬਹੁਤ ਖ਼ੂਬ ' ਪਾਦਰੀ ਨੇ ਫੇਰ ਬਨਾਉਟੀ ਹਾਸਾ ਹਸਦਿਆਂ ਹੋਇਆਂ ਕਿਹਾ।

"ਅਤੇ ਕੀ, ਤੁਹਾਨੂੰ ਕਿਸੇ ਚੀਜ਼ ਦੀ ਇਛਾ ਨਹੀਂ?" ਗੌਰੀ ਨੇ ਪੁਛਿਆ।

"ਨਹੀਂ"

"ਪਰ ਤੁਹਾਨੂੰ ਕਿਸੇ ਚੀਜ਼ ਦਾ ਅਫ਼ਸੋਸ ਤਾਂ ਹੋਵੇਗਾ।"

"ਨਾ ਅਫ਼ਸੋਸ ਹੈ ਤੇ ਨਾ ਹੀ ਇਛਾ। ਮੈਂ ਆਪਣੇ ਜੀਵਨ ਨੂੰ ਇਕ ਅਨੋਖੇ ਸਚੇ ਵਿਚ ਢਾਲ ਲਿਆ ਹੈ।"

"ਮਨੁਖ ਜੋ ਕੁਝ ਸੋਚਦਾ ਹੈ ਉਹ ਹੁੰਦਾ ਨਹੀਂ।" ਗੌਰੀ ਕਹਿਣ ਲਗਾ।

"ਜਿਵੇਂ ਤੂੰ ਸੋਚਦਾ ਸੀ ਕਿ ਤੇਰੀਆਂ ਲਿਖਤਾਂ ਦੀ ਬੜੀ ਕਦਰ ਹੋਵੇਗੀ ਪਰ ਤੂੰ ਕੰਗਾਲ ਹੀ ਰਿਹਾ।" ਫਰਲੋ ਜ਼ਰਾ ਲਾ ਕੇ ਬੋਲਿਆ।

"ਹਾਂ" ਗੌਰੀ ਕਹਿੰਦਾ ਗਿਆ, "ਅਤੇ ਬਦ-ਨਸੀਬ ਵੀ।"

ਏਨੇ ਨੂੰ ਘੋੜੇ ਦੇ ਪੈਰਾਂ ਦੀ ਟੱਪ ਟੱਪ ਦੀ ਆਵਾਜ਼ ਸੁਣਾਈ ਦਿਤੀ। ਦੋਹਾਂ ਨੇ ਸਾਹਮਣੇ ਗਲੀ ਦੇ ਸਿਰੇ ਤੇ ਇਕ ਅਫ਼ਸਰ ਨੂੰ ਸਿਪਾਹੀਆਂ ਸਮੇਤ ਆਉਂਦਿਆਂ ਵੇਖਿਆ।

"ਇਸ ਅਫ਼ਸਰ ਬਾਰੇ ਤੁਹਾਡਾ ਕੀ ਖ਼ਿਆਲ ਹੈ?" ਗੌਰੀ ਨੇ ਪੁਛਿਆ।

"ਮੇਰਾ ਖ਼ਿਆਲ ਹੈ, ਮੈਂ ਇਸਨੂੰ ਜਾਣਦਾ ਹਾਂ।" ਉਸਨੇ ਉਤਰ ਦਿਤਾ।

"ਇਸ ਦਾ ਨਾਂ ਕੀ ਏ?" ਗੌਰੀ ਨੇ ਪੁਛਿਆ।



Digitized by Panjab Digital Library | www.panjabdigilib.org

"ਸ਼ਾਇਦ ਫੀਬਸ ਹੈ।" ਪਾਦਰੀ ਨੇ ਕਿਹਾ, "ਮੇਰੇ ਨਾਲ ਆ। ਮੈਂ ਤੇਰੇ ਨਾਲ ਇਕ ਜ਼ਰੂਰੀ ਗਲ ਕਰਨੀ ਚਾਹੁੰਦਾ ਹਾਂ।"

ਦੋਵੇਂ ਤੁਰ ਪਏ ਅਤੇ ਥੋੜੇ ਚਿਰ ਵਿਚ ਉਸ ਥਾਂ ਤੇ ਪੁਜ ਗਏ। ਜਿਸਨੂੰ ਰੀਡੀ ਬਰਨਾਡਜ਼ ਕਹਿੰਦੇ ਸਨ।

"ਕੀ ਗਲ ਕਰਨੀ ਹੈ ਤੁਸੀਂ ਮੇਰੇ ਨਾਲ?" ਗੌਰੀ ਨੇ ਪੁਛਿਆ।

"ਇਹੀ ਕਿ ਉਸ ਟੱਪਰੀਵਾਸ ਕੁੜੀ ਦਾ ਕੀ ਬਣਿਆ?" ਪਾਦਰੀ ਨੇ ਪੁਛਿਆ।

"ਅਸਮਰ ਦਾ" ਗੌਰੀ ਬੋਲਿਆ।

"ਕੀ ਉਹ ਤੇਰੀ ਪਤਨੀ ਨਹੀਂ ਸੀ?" ਫਰਲੋ ਨੇ ਕਿਹਾ

"ਸੀ ਤਾਂ ਜ਼ਰੂਰ" ਗੌਰੀ ਨੇ ਉਤਰ ਦਿਤਾ।

"ਅਛਾ, ਤਾਂ ਉਸ ਦਾ ਕੀ ਬਣਿਆ?"

"ਮੇਰੇ ਖ਼ਿਆਲ ਵਿਚ ਉਸ ਨੂੰ ਸੂਲੀ ਤੇ ਲਟਕਾ ਦਿਤਾ ਗਿਆ ਸੀ।"

"ਕੀ ਤੈਨੂੰ ਇਸ ਗਲ ਦਾ ਨਿਸਚਾ ਹੈ?"

"ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ ਕਿਉਂਕਿ ਜਦ ਉਸਨੂੰ ਸੂਲੀ ਤੇ ਲਿਆਂਦਾ ਗਿਆ ਸੀ ਤਾਂ ਮੈਂ ਉਥੋਂ ਚਲਾ ਜਾਣਾ ਹੀ ਚੰਗਾ ਸਮਝਿਆ।"

"ਬਸ ਤੈਨੂੰ ਇਤਨਾ ਹੀ ਪਤਾ ਹੈ?" ਪਾਦਰੀ ਨੇ ਪੁਛਿਆ।

"ਹਾਂ" ਗੌਰੀ ਨੇ ਸਿਰ ਹਿਲਾਇਆ।

"ਮੈਂ ਤੈਨੂੰ ਉਸ ਬਾਰੇ ਹੋਰ ਦਸਦਾ ਹਾਂ" ਪਾਦਰੀ ਨੇ ਹਉਕਾ ਭਰਦਿਆਂ ਹੋਇਆਂ ਕਿਹਾ, "ਉਹ ਅੱਜ ਕਲ ਨੋਟਰਡੈਮ ਵਿਚ ਰਹਿੰਦੀ ਹੈ ਪਰ ਤਿੰਨਾਂ ਦਿਨਾਂ ਦੇ ਅੰਦਰ ਅੰਦਰ ਉਸ ਨੂੰ ਗਿਰਊ ਮਹਿਲ ਵਿਚ ਫਾਂਸੀ ਤੇ ਲਟਕਾ ਦਿਤਾ ਜਾਇਗਾ ਕਿਉਂਕਿ ਪਾਰਲੀਮੈਂਟ ਵਲੋਂ ਇਸ ਬਾਰੇ ਹੁਕਮ ਆ ਗਿਆ ਹੈ।"

"ਇਹ ਤਾਂ ਬੜੇ ਅਫ਼ਸੋਸ ਦੀ ਗਲ ਹੈ।" ਗੌਰੀ ਨੇ ਕਿਹਾ।

ਪਾਦਰੀ ਇਸ ਵੇਲੇ ਤਕ ਠੰਢਾ ਹੋ ਗਿਆ ਸੀ।

"ਤੁਸੀਂ ਚੁਪ ਕਿਉਂ ਹੋ ਗਏ?" ਗੌਰੀ ਨੇ ਪੁਛਿਆ।



Digitized by Panjab Digital Library | www.panjabdigilib.org

"ਮੈਂ ਇਹੀ ਸੋਚ ਰਿਹਾ ਹਾਂ ਕਿ ਉਸ ਨੂੰ ਕਿਸ ਤਰ੍ਹਾਂ ਬਚਾਇਆ ਜਾਏ।"

"ਇਹੀ ਕਿ ਉਸ ਬਾਰੇ ਇਹ ਮਸ਼ਹੂਰ ਕਰ ਦਿਤਾ ਜਾਏ ਕਿ ਉਹ ਗਰਭ-ਵਤੀ ਹੈ।"

"ਕੀ ਉਹ ਗਰਭਵਤੀ ਹੈ ?" ਪਾਦਰੀ ਉਤਾਵਲਾ ਹੋਕੇ ਉਠਦਾ ਹੋਇਆ ਬੋਲਿਆ।

"ਤੁਸੀਂ ਘਬਰਾ ਕਿਉਂ ਗਏ" ਗੋਰੀ ਨੇ ਗਲ ਬਾਤ ਜਾਰੀ ਰਖਦਿਆਂ ਹੋਇਆਂ ਕਿਹਾ, "ਮੈਂ ਤਾਂ ਉਸ ਨੂੰ ਮੌਤ ਦੀ ਸਜ਼ਾ ਤੋਂ ਬਚਾਉਣ ਦਾ ਤ਼ਰੀਕਾ ਦਸਿਆ ਹੈ।"

"ਇਹ ਤਰੀਕਾ ਠੀਕ ਨਹੀਂ।"

"ਫੇਰ'

"ਗੋਰੀ ਤੈਨੂੰ ਉਸਦਾ ਧੰਨਵਾਦੀ ਹੋਣਾ ਚਾਹੀਦਾ ਹੈ ਕਿਉਂਕਿ ਉਸਨੇ ਕਦੇ ਤੇਰੀ ਜਾਨ ਬਚਾਈ ਸੀ।" ਪਾਦਰੀ ਨੇ ਗਲ ਬਾਤ ਜਾਰੀ ਰਖਦਿਆਂ ਹੋਇਆਂ ਕਿਹਾ, ਗਿਰਜੇ ਤੇ ਹਰ ਵੇਲੇ ਖ਼ੁਫੀਆ ਪਹਿਰਾ ਲਾ ਦਿਤਾ ਗਿਆ ਹੈ। ਇਸ ਲਈ ਗਿਰਜੇ ਵਿਚੋਂ ਬਾਹਰ ਨਿਕਲਣਾ ਹੀ ਔਖਾ ਕੰਮ ਹੈ। ਜੇ ਤੂੰ ਕਿਸੇ ਵੇਲੇ ਮੇਰੇ ਪਾਸ ਆਵੇਂ ਤਾਂ ਮੈਂ ਤੈਨੂੰ ਉਸ ਪਾਸ ਲੈ ਚਲਾਂਗਾ। ਫੇਰ ਤੂੰ ਆਪਣੇ ਕਪੜੇ ਉਸ ਨਾਲ ਬਦਲਾ ਲਈਂ।"

"ਫ਼ੇਰ ਕੀ ਹੋਵੇਗਾ ?" ਗੋਰੀ ਨੇ ਪ੍ਰਸ਼ਨ ਕੀਤਾ।

"ਉਹ ਤੇਰੇ ਕਪੜਿਆਂ ਵਿਚ ਬਾਹਰ ਨਿਕਲ ਜਾਏਗੀ ਅਤੇ ਤੂੰ ਉਸ ਦੀ ਥਾਂ ਉਥੇ ਰਹੀਂ। ਫੇਰ ਸ਼ਾਇਦ ਤੂੰ ਫਾਂਸੀ ਲਗ ਜਾਏਂ, ਪਰ ਉਹ ਬਚ ਜਾਏਗੀ।"

ਗੋਰੀ ਚੁਪ ਹੋ ਗਿਆ ਅਤੇ ਡੂੰਘੀ ਸੋਚ ਵਿਚ ਪੈ ਗਿਆ।

"ਕਿਉਂ ਫਿਰ ਕੀ ਸਲਾਹ ਹੈ ?" ਪਾਦਰੀ ਨੇ ਪੁਛਿਆ।

"ਔਖਾ ਕੰਮ ਹੈ" ਗੋਰੀ ਬੋਲਿਆ, "ਪੌਣ, ਆਕਾਸ਼, ਸਵੇਰ ਸ਼ਾਮ, ਚਾਨਣੀਆਂ ਰਾਤਾਂ, ਮੇਰੇ ਤੂਰਾਨੀ ਮਿਤਰ, ਮੌਜ ਮੇਲਾ, ਮੇਰੀਆਂ ਨਵੀਆਂ ਲਿਖੀਆਂ ਹੋਈਆਂ ਤਿੰਨ ਪੁਸਤਕਾਂ ਅਤੇ ਪੈਰਿਸ ਦੀਆਂ ਗਲੀਆਂ ਇਨ੍ਹਾਂ ਨੂੰ



Digitized by Panjab Digital Library | www.panjabdigilib.org

ਛਡਣਾ ਘਟੋ ਘਟ ਮੇਰੇ ਲਈ ਔਖਾ ਕੰਮ ਹੈ। ਮੈਂ ਅਜੇ ਜੀਉਂਦਾ ਰਹਿਣਾ ਚਾਹੁੰਦਾ ਹਾਂ। ਆਪਣੇ ਲਈ ਨਹੀਂ, ਕੇਵਲ ਇਨ੍ਹਾਂ ਚੀਜ਼ਾਂ ਲਈ।"

"ਓ ਬੇ-ਵਫ਼ਾ" ਪਾਦਰੀ ਨੇ ਕੁਝ ਦੁਖ ਭਰੇ ਲਹਿਜੇ ਵਿਚ ਕਿਹਾ, "ਤੈਨੂੰ ਉਹ ਵੇਲਾ ਚੇਤੇ ਹੋਣਾ ਚਾਹੀਦਾ ਹੈ ਜਦ ਤੂੰ ਜੀਵਨ ਤੋਂ ਨਿਰਾਸ ਹੋਕੇ ਅਖਾਂ ਬੰਦ ਕਰ ਲਈਆਂ ਸਨ ਅਤੇ ਸੂਲੀ ਤੇ ਚੜ੍ਹਨ ਹੀ ਵਾਲਾ ਸੈਂ ਤਾਂ ਉਸ ਨੇ ਤੇਰੀ ਜਾਨ ਬਚਾਈ ਸੀ। ਤੂੰ ਉਸੇ ਦੀ ਕਿਰਪਾ ਨਾਲ ਇਸ ਪੌਣ ਵਿਚ ਸਾਹ ਲੈ ਰਿਹਾ ਹੈਂ। ਉਸੇ ਦੀ ਦੈਆ ਨਾਲ ਤੂੰ ਚਾਨਣੀਆਂ ਰਾਤਾਂ ਤੇ ਤੂਰਾਨੀ ਮਿਤਰਾਂ ਨਾਲ ਐਸ਼ ਕਰ ਰਿਹਾ ਹੈਂ। ਕੀ ਅਹਿਸਾਨ ਦਾ ਬਦਲਾ ਇਸੇ ਤਰ੍ਹਾਂ ਦਿਤਾ ਜਾਂਦਾ ਹੈ? ਕੀ ਉਹ ਤੇਰੀ ਪਤਨੀ ਨਹੀਂ? ਕੀ ਉਸਨੂੰ ਖ਼ਤਰੇ ਤੋਂ ਬਚਾਉਣਾ ਤੇਰੇ ਲਈ ਜ਼ਰੂਰੀ ਨਹੀਂ? ਜੇ ਮਰਦਾਊਪੁਣੇ ਦਾ ਸਬੂਤ ਦੇਣਾ ਚਾਹੁੰਦਾ ਏਂ ਤਾਂ ਉਸ ਉਤੋਂ ਕੁਰਬਾਨ ਹੋ ਜਾ। ਤੇਰਾ ਜੀਵਨ ਉਸ ਦਾ ਕਰਜ਼ਾ ਹੈ ਜਿਹੜਾ ਤੈਨੂੰ ਹਰ ਹਾਲਤ ਵਿਚ ਅਦਾ ਕਰਨਾ ਚਾਹੀਦਾ ਹੈ।"

"ਅਛਾ, ਮੈਂ ਸੋਚ ਕੇ ਇਸ ਬਾਰੇ ਉਤਰ ਦਿਆਂਗਾ।" ਗੌਰੀ ਨੇ ਕਿਹਾ।

"ਪਰ ਇਸ ਵਿਚ ਸੋਚਣ ਦੀ ਕਿਹੜੀ ਲੋੜ ਹੈ?"

"ਜੀਵਨ ਹਰੇਕ ਬੰਦੇ ਨੂੰ ਪਿਆਰਾ ਹੁੰਦਾ ਹੈ।"

"ਹਾਂ" ਪਾਦਰੀ ਨੇ ਉਸ ਦੀ ਗਲ ਨੂੰ ਟੋਕਦਿਆਂ ਹੋਇਆਂ ਕਿਹਾ, "ਅਤੇ ਉਸ ਨੂੰ ਕਿਸੇ ਵਧੇਰੀ ਪਿਆਰੀ ਚੀਜ਼ ਉਤੋਂ ਕੁਰਬਾਨ ਵੀ ਕੀਤਾ ਜਾ ਸਕਦਾ ਹੈ।"

"ਤੁਸੀ ਠੀਕ ਫ਼ਰਮਾਂਦੇ ਹੋ, ਪਰ ਮੈਂ ਬਿਨਾਂ ਸੋਚੇ ਕੋਈ ਫ਼ੈਸਲਾ ਨਹੀਂ ਕਰ ਸਕਦਾ। ਸ਼ਾਇਦ – ਸ਼ਾਇਦ ਫੇਰ – ਮੈਂ" ਗੌਰੀ ਚੁਪ ਹੋ ਗਿਆ। ਪਾਦਰੀ ਨੂੰ ਸਫ਼ਲਤਾ ਦੀ ਕੁਝ ਆਸ ਜਾਪੀ। ਉਸਨੇ ਉਤਵਲਾ ਹੋਕੇ ਪੁਛਿਆ, "ਫੇਰ ਸ਼ਾਇਦ, ਤੁਸੀਂ ਕੀ ਕਹਿਣਾ ਚਾਹੁੰਦੇ ਸੀ?"

"ਫੇਰ ਸ਼ਾਇਦ ਮੈਂ ਉਸ ਦੀ ਖ਼ਾਤਰ ਮਰਨ ਨੂੰ ਤਿਆਰ ਹੋ ਜਾਵਾਂ।" ਗੌਰੀ ਨੇ ਕਿਹਾ, "ਪਰ ਇਹ ਤਾਂ ਦਸੋ ਕਿ ਉਹ ਏਥੋਂ ਨਿਕਲ ਕੇ ਜਾਵੇਗੀ ਕਿਵੇਂ?"



Digitized by Panjab Digital Library | www.panjabdigilib.org

"ਉਸ ਨੂੰ ਇਕ ਬਹੁਤ ਹੀ ਮਹਿਫ਼ੂਜ਼ ਥਾਂ ਤੇ ਪੁਚਾ ਦਿਤਾ ਜਾਏਗਾ।"

"ਪਰ ਮੈਨੂੰ ਵੀ ਤਾਂ ਪਤਾ ਲਗਣਾ ਚਾਹੀਦਾ ਹੈ।" ਗੌਰੀ ਨੇ ਕਿਹਾ।

"ਇਸ ਬਾਰੇ ਤੈਨੂੰ ਉਦੋਂ ਦਸਿਆ ਜਾਏਗਾ ਜਦ ਤੂੰ ਆਪਣਾ ਫ਼ੈਸਲਾ ਸੁਣਾ ਦੇਵੇਂਗਾ।"

"ਜੇ ਤੁਸੀਂ ਮੈਨੂੰ ਯਕੀਨ ਦਿਵਾ ਸਕੋ ਕਿ ਏਥੋਂ ਬੱਚ ਕੇ ਉਹ ਬਿਲਕੁਲ ਮਹਿਫ਼ੂਜ਼ ਹੋ ਜਾਏਗੀ ਤਾਂ ਹੋ ਸਕਦਾ ਹੈ ਮੈਂ ਉਸ ਦੀ ਖ਼ਾਤਰ ਮਰਨ ਨੂੰ ਤਿਆਰ ਹੋ ਜਾਵਾਂ।"

ਪਾਦਰੀ ਕਿਸੇ ਡੂੰਘੀ ਸੋਚ ਵਿਚ ਪੈ ਗਿਆ ਅਤੇ ਲੱਕ ਤੇ ਹੱਥ ਰਖ ਕੇ ਇਧਰ ਉਧਰ ਟਹਿਲਣ ਲਗ ਪਿਆ ਜਿਸ ਤੋਂ ਪਤਾ ਲਗਦਾ ਸੀ ਕਿ ਇਸ ਵੇਲੇ ਉਸਦਾ ਲੂੰ ਲੂੰ ਬੇ-ਚੈਨ ਹੈ।

"ਤੁਸੀਂ ਦਸਿਆ ਨਹੀਂ ਫੇਰ" ਗੌਰੀ ਨੇ ਪੁਛਿਆ।

"ਪਰ ਇਹ ਭੇਦ ਤੈਨੂੰ ਆਪਣੇ ਦਿਲ ਵਿਚ ਬਿਲਕੁਲ ਗੁਪਤ ਰਖਣਾ ਪਵੇਗਾ।"

"ਤੁਸੀਂ ਰਤਾ ਫ਼ਿਕਰ ਨਾ ਕਰੋ। ਮੇਰਾ ਦਿਲ ਨਰਕ ਦਾ ਟੋਆ ਹੈ। ਕੋਈ ਚੀਜ਼ ਇਸ ਦੇ ਅੰਦਰ ਜਾ ਸਕਦੀ ਹੈ ਪਰ ਬਾਹਰ ਨਹੀਂ ਨਿਕਲ ਸ਼ਕਦੀ।"

"ਜੇ ਤੂੰ ਇਸ ਭੇਦ ਨੂੰ ਖੋਹਲ ਦਿਤਾ ਤਾਂ ਤੇਰਾ ਜੀਵਨ ਬਹੁਤ ਖ਼ਤਰੇ ਵਿਚ ਹੋਵੇਗਾ।"

"ਮੈਂ ਇਸ ਗਲ ਨੂੰ ਸਮਝਦਾ ਹਾਂ।" ਗੌਰੀ ਨੇ ਕਿਹਾ।

"ਇਹ ਭੇਦ ਤੇਰੇ ਤਕ ਹੀ ਰਹੇ" ਪਾਦਰੀ ਨੇ ਮੁੜ ਤਾੜਨਾ ਕੀਤੀ।

"ਤੁਸੀ ਬਿਲਕੁਲ ਬੇ-ਫ਼ਿਕਰ ਰਹੋ" ਗੌਰੀ ਨੇ ਕਿਹਾ।

ਪਾਦਰੀ ਨੇ ਇਸ਼ਾਰੇ ਨਾਲ ਉਸ ਨੂੰ ਆਪਣੇ ਕੋਲ ਸਦਿਆ ਅਤੇ ਉਸਦੇ ਕੰਨ ਵਿਚ ਕੁਝ ਕਿਹਾ। ਗੌਰੀ ਚੁਪ ਰਿਹਾ।

"ਕਿਉਂ ਕੀ ਖ਼ਿਆਲ ਹੈ।" ਪਾਦਰੀ ਨੇ ਪੁਛਿਆ।

"ਕੀ ਉਹ ਥਾਂ ਖ਼ਤਰੇ ਤੋਂ ਖ਼ਾਲੀ ਹੈ? ਗੌਰੀ ਨੇ ਪ੍ਰਸ਼ਨ ਕੀਤਾ।

"ਬਿਲਕੁਲ" ਪਾਦਰੀ ਨੇ ਸੰਖੇਪ ਜਿਹਾ ਉਤਰ ਦਿਤਾ।



Digitized by Panjab Digital Library | www.panjabdigilib.org

"ਮੇਰੀ ਜਾਚੇ ਉਹ ਥਾਂ ਇਸ ਨਾਲੋਂ ਵੀ ਵਧੇਰੇ ਖ਼ਤਰੇ ਵਾਲੀ ਹ।"

"ਤੇਰਾ ਖ਼ਿਆਲ ਗ਼ਲਤ ਹੈ" ਪਾਦਰੀ ਨੇ ਰੋਹਬ ਨਾਲ ਕਿਹਾ।

"ਹੋ ਸਕਦਾ ਹੈ ਗ਼ਲਤ ਹੋਵਾਂ" ਗੌਰੀ ਬੋਲਿਆ ਅਤੇ ਘਬਰਾ ਕੇ ਏਧਰ ਓਧਰ ਟਹਿਲਣ ਲਗ ਪਿਆ।

"ਫੇਰ ਕੀ ਸਲਾਹ ਹੈ" ਪਾਦਰੀ ਨੇ ਉਸ ਦੇ ਕੋਲ ਜਾ ਕੇ ਪੁਛਿਆ।

"ਇਸ ਦਾ ਉਤਰ ਸੋਚ ਕੇ ਦੇਵਾਂਗਾ।"

"ਫੇਰ ਉਹੀ ਅੜੀ" ਪਾਦਰੀ ਜ਼ਰਾ ਖਿਝ ਕੇ ਬੋਲਿਆ।

"ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਮੇਰਾ ਉਤਰ ਤਸੱਲੀ-ਬਖ਼ਸ਼ ਹੋਵੇਗਾ।"

"ਕੀ ਸਚ ਮੁਚ ?"

"ਹਾਂ"

"ਤਾਂ ਹੱਥ ਮਿਲਾਓ"

ਗੌਰੀ ਨੇ ਆਪਣਾ ਹੱਥ ਉਸ ਵਲ ਵਧਾ ਦਿਤਾ। ਪਾਦਰੀ ਉਸ ਨਾਲ ਹੱਥ ਮਿਲਾਉਂਦਾ ਹੋਇਆ ਬੋਲਿਆ।

"ਕਲ ਕਿਸ ਵੇਲੇ ਮਿਲੋਗੇ ?"

"ਸ਼ਾਮ ਨੂੰ"

ਗੌਰੀ ਨੇ ਸੰਖੇਪ ਜਿਹਾ ਉਤਰ ਦਿਤਾ ਅਤੇ ਹੱਥ ਛੁਡਾ ਕੇ ਭਜਾ ਜਿਸ ਤਰ੍ਹਾਂ ਬੜੀ ਮੁਸ਼ਕਲ ਨਾਲ ਛੁਟਕਾਰਾ ਮਿਲਿਆ ਹੋਵੇ।

ਪਾਦਰੀ ਉਸਦੇ ਚਲੇ ਜਾਣ ਪਿਛੋਂ ਏਧਰ ਉਧਰ ਟਹਿਲਣ ਲਗ ਪਿਆ ਅਤੇ ਹੱਥ ਤੇ ਹੱਥ ਮਾਰਦਾ ਹੋਇਆ ਆਪਣੇ ਆਪ ਹੀ ਜੋਸ਼ ਵਿਚ ਕਹਿਣ ਲਗਾ, "ਜੇ ਕਿਧਰੇ ਇਹ ਮੇਰੀ ਗਲ ਮੰਨ ਗਿਆ ਤਾਂ ਉਸ ਟੱਪਰੀਵਾਸ ਅਸਮਰ ਨੂੰ ਤਾਂ ਮੈਂ ਚੰਗੀ ਤਰ੍ਹਾਂ ਮਜ਼ਾ ਚਖਾਵਾਂਗਾ।"



Digitized by Panjab Digital Library | www.panjabdigilib.org

## ੨੩

ਮਾਰਚ ਦੀ ਇਕ ਸਵੇਰ ਨੂੰ, ਸ਼ਾਇਦ ਉਸ ਦਿਨ ਸਨਿਚਰਵਾਰ ਸੀ, ਸਾਡਾ ਬਹਾਦਰ ਕਪਤਾਨ ਫੀਬਸ ਆਪਣੇ ਕਮਰੇ ਵਿਚ ਕਪੜੇ ਬਦਲਾਣ ਵਿਚ ਲਗਾ ਹੋਇਆਂ ਸੀ। ਉਸਨੇ ਆਪਣਾ ਬਟੂਆ ਚੁਕਿਆ। ਉਹ ਖ਼ਾਲੀ ਸੀ। "ਉਹ ! ਖ਼ਾਲੀ ਬਟੂਆ, ਇਸ ਵਿਚ ਤਾਂ ਇਕ ਪਾਈ ਵੀ ਨਹੀਂ।" ਉਹ ਬੇਦਿਲਾ ਜਿਹਾ ਹੋ ਗਿਆ ਅਤੇ ਆਪਣੇ ਬੂਟ ਦਾ ਤਸਮਾ ਬੰਨ੍ਹਦਾ ਹੋਇਆ, ਪਤਾ ਨਹੀਂ ਕੀ ਖ਼ਿਆਲ ਕਰਕੇ ਉਠਿਆ ਤੇ ਟੋਪੀ ਇਕ ਪਾਸੇ ਸੁਟ ਦਿਤੀ ਅਤੇ ਕੋਟ ਦੂਜੇ ਪਾਸੇ। ਉਹ ਗੁਸੇ ਵ੍ਵਿਚ ਭਰਿਆ ਹੋਇਆ ਚੁਪ ਚਾਪ ਕਮਰੇ ਵਿਚ ਟਹਿਲਣ ਲਗ ਪਿਆ। ਕੁਝ ਚਿਰ ਏਸੇ ਘਬਰੇਵੇਂ ਵਿਚ ਰਿਹਾ ਅਤੇ ਫੇਰ ਕੁਝ ਖ਼ਿਆਲ ਕਰਕੇ ਟੋਪੀ ਵਲ ਵਧਿਆ ਅਤੇ ਕੋਟ ਚੁਕ ਕੇ ਘੱਟਾ ਝਾੜਦਾ ਹੋਇਆ ਕਮਰੇ ਤੋਂ ਬਾਹਰ ਨਿਕਲ ਗਿਆ। ਕੁਝ ਚਿਰ ਤੁਰਨ ਪਿਛੋਂ ਉਹ ਨੋਟਰਡੈਮ ਦੇ ਲਾਗਿਓਂ ਦੀ ਲੰਘਿਆ।

ਨੋਟਰਡੈਮ, ਪਵਿਤਰ ਮਰੀਅਮ ਦਾ ਗਿਰਜਾ ਅੱਜ ਦਿਨ ਤਕ ਪੈਰਿਸ ਵਿਚ ਹੈ। ਭਾਵੇਂ ਇਸ ਇਮਾਰਤ ਨੂੰ ਬਣਿਆਂ ਕਈ ਸਦੀਆਂ ਬੀਤ ਗਈਆਂ ਹਨ ਅਤੇ ਵਕਤ ਅਤੇ ਜ਼ਮਾਨੇ ਨੇ ਇਸ ਦਾ ਹੁਲੀਆ ਬਦਲਾਣ ਵਿਚ ਕੋਈ ਕਸਰ ਬਾਕੀ ਨਹੀਂ ਛਡੀ ਤਾਂ ਵੀ ਇਹ ਇਤਿਹਾਸਕ ਗਿਰਜਾ ਬਿਲਕੁਲ ਨਵਾਂ ਜਾਪਦਾ ਹੈ। ਉਸ ਨੂੰ ਦੇਖ ਕੇ ਇਹੀ ਖ਼ਿਆਲ ਪੈਂਦਾ ਹੈ ਕਿ ਇਹ ਹੁਣੇ ਹੀ ਬਣਾਇਆ ਗਿਆ ਹੈ। ਇਸ ਗਿਰਜੇ ਦੇ ਵਡੇ ਦਰਵਾਜ਼ੇ ਤੇ ਇਕ ਪਥਰ ਲਗਾ ਹੋਇਆ ਹੈ ਜਿਸ ਉਤੇ ਲਿਖਿਆ ਹੈ :

"ਸਮਾਂ ਅੰਨ੍ਹਾਂ ਹੈ ਤੇ ਮਨੁਖ ਮੂਰਖ"



Digitized by Panjab Digital Library | www.panjabdigilib.org

ਇਹ ਅਖਰ ਏਨੇ ਅਰਥ ਭਰਪੂਰ ਹਨ ਕਿ ਕੋਈ ਵੀ ਸਿਆਣਾ ਬੰਦ ਇਸ ਤੇ ਮਗ਼ਜ਼ ਖਪਾਈ ਕਰਨ ਤੋਂ ਬਿਨਾਂ ਅੰਦਰ ਦਾਖ਼ਲ ਨਹੀਂ ਹੋ ਸਕਦਾ। ਉਹ ਇਸ ਦੇ ਦਰਵਾਜ਼ੇ ਤੇ ਪਹਿਰਾਂ-ਬੱਧੀ ਬੈਠਾ ਰਹੇਗਾ ਅਤੇ ਇਸ ਲਿਖਤ ਦੀ ਸ਼ਲਾਘਾ ਕਰਦਾ ਰਹੇਗਾ :

"ਸਮਾਂ ਅੰਨ੍ਹਾਂ ਹੈ ਤੇ ਇਨਸਾਨ ਮੂਰਖ"

ਇਹ ਵਾਕ ਸਚ ਮੁਚ ਹੀ ਵੇਖਣ ਵਾਲੀ ਅੱਖ ਤੇ ਸੁਨਣ ਵਾਲੇ ਕੰਨ ਲਈ ਇਕ ਇਤਿਹਾਸ ਲਈ ਬੈਠਾ ਹੈ। ਪਰ ਹਰੇਕ ਆਦਮੀ ਇਸ ਤੋਂ ਸੁਆਦ ਨਹੀਂ ਲੈ ਸਕਦਾ। ਇਸ ਨੂੰ ਵੇਖਣ ਲਈ ਦੂਰ ਦੂਰ ਦੇਸਾਂ ਤੋਂ ਸੈਲਾਨੀ ਆਉਂਦੇ ਹਨ। ਇਸ ਨੂੰ ਤੱਕ ਕੇ ਸੋਚੀਂ ਪੈ ਜਾਂਦੇ ਹਨ ਅਤੇ ਕਹਿੰਦੇ ਹਨ, "ਇਹ ਹੁਨਰ ਦੀ ਹਦ ਹੈ ਅਤੇ ਹੁਣ ਜੇ ਇਹ ਕਹਿ ਦਈਏ ਕਿ ਬੀਤ ਚੁਕੇ ਸਮੇਂ ਦੇ ਕਾਰੀਗਰ, ਪਿਛਲੀਆਂ ਦੋ ਸਦੀਆਂ ਵਿਚ ਹੁਨਰ ਨੂੰ ਮੁਕਾ ਗਏ ਹਨ ਤਾਂ ਅਯੋਗ ਨਹੀਂ ਹੋਵੇਗਾ।

ਦਰਵਾਜ਼ੇ ਦੇ ਨਾਲ ਹੀ ਬਾਹਰ-ਵਾਰ ਪੌੜੀਆਂ ਹਨ, ਜਿਹੜੀਆਂ ਕਾਲੇ ਪਥਰ ਦੀਆਂ ਬਣੀਆਂ ਹੋਈਆਂ ਹਨ। ਇਹ ਪੌੜੀਆਂ ਸਿਖਰ-ਮੁਨਾਰੇ ਤੇ ਜਾ ਮੁਕਦੀਆਂ ਹਨ। ਇਹ ਮੁਨਾਰਾ ਸੰਗ-ਮਰਮਰ ਦਾ ਬਣਿਆਂ ਹੋਇਆ ਹੈ ਅਤੇ ਨੋਟਰਡੈਮ ਦੇ ਸੁਹੱਪਣ ਵਿਚ ਖ਼ਾਸ ਵਾਧਾ ਕਰਦਾ ਹੈ। ਇਸ ਮੁਨਾਰੇ ਦੇ ਸਿਰੇ ਤੇ ਇਕ ਬੁਰਜ ਸੀ ਜਿਸਦੇ ਦੋਹੀਂ ਪਾਸੀਂ ਵਡੀਆਂ ੨ ਬਾਰੀਆਂ ਸਨ ਜਿਨ੍ਹਾਂ ਦੇ ਵਿਚਕਾਰ ਇਕ ਵਡਾ ਸਾਰਾ ਘੜਿਆਲ ਲਟਕ ਰਿਹਾ ਸੀ। ਜਦ ਪੂਜਾ ਦਾ ਸਮਾਂ ਹੁੰਦਾ ਸੀ ਤਾਂ ਇਹ ਘੜਿਆਲ ਖੜਕਦਾ ਸੀ ਤੇ ਆਪਣੀ ਗੂੰਜ ਪੈਰਿਸ ਦੀ ਹਰ ਨੁਕਰ ਵਿਚ ਪੁਚਾ ਦਿੰਦਾ ਸੀ। ਲੋਕੀ ਇਸਦੀ ਆਵਾਜ਼ ਨੂੰ ਚੰਗੀ ਤਰ੍ਹਾਂ ਸੁਣ ਸਕਦੇ ਸਨ ਭਾਵੇਂ ਉਹ ਪੈਰਿਸ ਦੇ ਕਿਸੇ ਹਿਸੇ ਵਿਚ ਕੰਮ ਕਰ ਰਹੇ ਹੋਣ। ਜੇ ਇਸ ਮੁਨਾਰੇ ਦੇ ਉਪਰ ਚੜ੍ਹ ਕੇ ਵੇਖਿਆ ਜਾਏ ਤਾਂ ਜ਼ਮੀਨ ਤੇ ਤੁਰਦੇ ਬੰਦੇ ਕੀੜੀਆਂ ਕਾਢੇ ਦਿਖਾਈ ਦੇਣਗੇ। ਮੁਨਾਰੇ ਦੇ ਉਪਰ ਇਕ ਬੁਰਜ ਹੈ



Digitized by Panjab Digital Library | www.panjabdigilib.org

ਜਿਹੜਾ ਸਫ਼ੈਦ ਹੋਣ ਕਰਕੇ ਰਾਤ ਦੇ ਹਨੇਰੇ ਵਿਚ ਆਕਾਬ ਦਾ ਆਂਡਾ ਮਲੂਮ ਹੁੰਦਾ ਹੈ।

ਇਸ ਬੁਰਜ ਵਿਚ ਛੋਟੇ ਛੋਟੇ ਝਰੋਖੇ ਹਨ ਜਿਹੜੇ ਇਸ ਕਰ ਕੇ ਬਣਾਏ ਗਏ ਹਨ ਤਾਂ ਜੋ ਚਾਨਣ ਅੰਦਰ ਜਾ ਸਕੇ ਅਤੇ ਪਾਠ ਪੂਜਾ ਕਰਨ ਵਾਲਿਆਂ ਨੂੰ ਦਿਨ ਵੇਲੇ ਅੰਦਰ ਲੋ ਹੋ ਸਕੇ।

ਇਹ ਇਮਾਰਤ ਜ਼ਮੀਨ ਤੋਂ ਕੋਈ ਚਾਰ ਮੰਜ਼ਲਾਂ ਉਚੀ ਹੈ। ਇਸਦੀਆਂ ਕੰਧਾਂ ਤੇ ਕਾਰੀਗਰਾਂ ਨੇ ਆਪਣੇ ਹੁਨਰ ਦੀ ਪੂਰੀ ਟਿਲ ਲਾ ਛਡੀ ਸੀ ਤਾਂ ਜੋ ਆਉਣ ਵਾਲੀਆਂ ਨਸਲਾਂ ਇਸ ਨੂੰ ਵੇਖਣ ਤੇ ਉਨ੍ਹਾਂ ਦੇ ਹੁਨਰ ਦੀ ਦਾਦ ਦੇਣ। ਇਸ ਤਰ੍ਹਾਂ ਨਾਲ ਉਹ ਅਜਿਹੀ ਮਸ਼ਹੂਰੀ ਦੇ ਮਾਲਕ ਬਣ ਜਾਣ ਜਿਹੜੀ ਰਹਿੰਦੀ ਦੁਨੀਆਂ ਤੀਕ ਕਾਇਮ ਰਹੇ। ਸਮੇਂ ਤੇ ਲੋਕਾਂ ਨੇ ਇਸ ਦੀ ਕਦਰ ਨਹੀਂ ਕੀਤੀ। ਇਸ ਲਈ ਇਸ ਦੀ ਸ਼ਕਲ ਕਾਫ਼ੀ ਵਿਗਾੜ ਗਈ ਹੈ।

ਉਪਰ ਲਿਖੀਆਂ ਸਤਰਾਂ ਵਿਚ ਅਸੀਂ ਨੋਟਰਡੈਮ ਬਾਰੇ ਕੁਝ ਲਿਖਿਆ ਹੈ। ਹੁਣ ਅਸੀਂ ਮੁੜ ਆਪਣੀ ਕਹਾਣੀ ਵਲ ਆਉਂਦੇ ਹਾਂ। ਜਦ ਫੀਬਸ ਨੋਟਰਡੈਮ ਦੇ ਕੋਲ ਦੀ ਲੰਘਿਆ ਤਾਂ ਇਕ ਆਦਮੀ ਦਰਵਾਜ਼ੇ ਤੋਂ ਬਾਹਰ ਆ ਰਿਹਾ ਸੀ। ਫੀਬਸ ਉਸ ਵਲ ਵਧਿਆ ਤੇ ਕਹਿਣ ਲਗਾ, "ਪਾਦਰੀ ਫਰਲੋ ਕਿਥੇ ਹੋਵੇਗਾ?"

"ਮੇਰੇ ਖ਼ਿਆਲ ਵਿਚ ਉਹ ਗੁਪਤ ਥਾਂ ਉਪਰ ਮੁਨਾਰੇ ਵਾਲੇ ਕਮਰੇ ਵਿਚ ਹੋਵੇਗਾ ਪਰ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜੇ ਤੁਸੀਂ ਪੋਪ ਜਾਂ ਬਾਦਸ਼ਾਹ ਵਲੋਂ ਕੋਈ ਸੁਨੇਹਾ ਲੈ ਕੇ ਨਹੀਂ ਆਏ ਤਾਂ ਉਸ ਨੂੰ ਤੰਗ ਨਾ ਕਰਨਾ। ਉਹ ਇਸ ਵੇਲੇ ਬਹੁਤ ਰੁਝਾ ਹੋਇਆ ਹੈ।"

ਫੀਬਸ ਹਸ ਪਿਆ ਤੇ ਕਹਿਣ ਲਗਾ, "ਉਹ ਮੇਰਾ ਮਿਤਰ ਹੈ।" ਏਨਾ ਕਹਿ ਕੇ ਉਹ ਹਨੇਰੇ ਦਰਵਾਜ਼ੇ ਵਿਚੋਂ ਦੀ ਲੰਘਦਾ ਹੋਇਆ ਪੌੜੀਆਂ ਚੜ੍ਹਨ ਲਗਾ। "ਮੈਂ ਵੇਖਾਂਗਾ ਉਹ ਕੀ ਕਹਿੰਦਾ ਹੈ।" ਫੀਬਸ ਨੇ ਪੌੜੀਆਂ ਚੜ੍ਹ-ਦਿਆਂ ਹੋਇਆਂ ਕਿਹਾ। ਜਦ ਉਹ ਅੱਧੀਆਂ ਪੌੜੀਆਂ ਚੜ੍ਹ ਗਿਆ ਤਾਂ



Digitized by Panjab Digital Library | www.panjabdigilib.org

ਅਗੇ ਇਕ ਗੈਲਰੀ ਆਈ। ਉਹ ਰਤਾ ਕੁ ਦੰਮ ਲੈਣ ਉਥੇ ਬੈਠ ਗਿਆ।

ਕੁਝ ਚਿਰ ਬੈਠ ਕੇ ਉਥੋਂ ਉਠਿਆ ਤੇ ਫੇਰ ਪੌੜੀਆਂ ਚੜ੍ਹਨ ਲਗਾ। ਜਦ ਉਹ ਕਮਰੇ ਕੋਲ ਗਿਆ ਤਾਂ ਅਗੋਂ ਬੂਹਾ ਬੰਦ ਸੀ। ਉਸ ਨੇ ਦਰਵਾਜ਼ੇ ਨੂੰ ਹੌਲੀ ਜਹੀ ਧਕਾ ਮਾਰਿਆ। ਉਹ ਖੁਲ੍ਹ ਗਿਆ ਅਤੇ ਫੀਬਸ ਅੰਦਰ ਚਲਾ ਗਿਆ। ਅੰਦਰ ਮੇਜ਼ ਕੋਲ ਇਕ ਆਦਮੀ ਬੈਠਾ ਹੋਇਆ ਸੀ ਅਤੇ ਦਰਵਾਜ਼ੇ ਵਲ ਉਸ ਦੀ ਪਿਠ ਸੀ। ਪਿਛਲੇ ਪਾਸਿਓਂ ਕੇਵਲ ਉਸ ਦੇ ਮੋਢੇ ਤੇ ਸਿਰ ਹੀ ਵਿਖਾਈ ਦੇਂਦਾ ਸੀ। ਫੀਬਸ ਨੂੰ ਉਸਦਾ ਮੁਨਿਆ ਹੋਇਆ ਸਿਰ ਵੇਖ ਕੇ ਪਛਾਣਨ ਵਿਚ ਕੋਈ ਦੇਰ ਨਾ ਲਗੀ। ਇਹ ਪਾਦਰੀ ਫਰਲੋ ਸੀ ਜਿਹੜਾ ਕਿਸੇ ਨਿਜੀ ਵਿਚਾਰ ਵਿਚ ਡੁਬਾ ਹੋਇਆ ਸੀ। ਫੀਬਸ ਪੋਲੇ ਪੋਲੇ ਪੈਰੀਂ ਉਸ ਦੇ ਪਿਛੇ ਜਾ ਖੜੋਤਾ, ਪਰ ਫਰਲੋ ਨੂੰ ਉਸ ਦੇ ਆਉਣ ਦਾ ਕੋਈ ਪਤਾ ਨਾ ਲਗਾ, ਕਿਉਂਕਿ ਉਸ ਨੇ ਦਰਵਾਜ਼ੇ ਨੂੰ ਬੜੀ ਹੌਲੀ ਖੋਹਲਿਆ ਤੇ ਬੰਦ ਕੀਤਾ ਸੀ। ਫੀਬਸ ਕਮਰੇ ਦੀ ਹਰੇਕ ਸ਼ੈ ਨੂੰ ਬੜੇ ਗਹੁ ਨਾਲ ਤਕਣ ਲਗਾ।

ਕਮਰੇ ਵਿਚ ਇਕ ਵਡੀ ਸਾਰੀ ਅੰਗੀਠੀ ਮੇਜ਼ ਦੇ ਖਬੇ ਪਾਸੇ ਬਾਰੀ ਦੇ ਹੇਠਾਂ ਪਈ ਸੀ। ਅੰਗੀਠੀ ਦੇ ਲਾਗੇ ਹੀ ਪਥਰ ਦੀਆਂ ਬੋਤਲਾਂ, ਗਲਾਸ ਤੇ ਹੋਰ ਕਈ ਭਾਂਡੇ ਏਧਰ ਓਧਰ ਖਿੰਡਰੇ ਪਏ ਸਨ। ਅੰਗੀਠੀ ਵਿਚ ਅੱਗ ਨਹੀਂ ਸੀ ਅਤੇ ਜਾਪਦਾ ਸੀ ਕਿ ਕਾਫ਼ੀ ਚਿਰ ਤੋਂ ਇਸ ਵਿਚ ਅੱਗ ਬਾਲੀ ਵੀ ਨਹੀਂ ਗਈ। ਕੰਧ ਨਾਲ ਲਟਕ ਰਹੇ ਇਕ ਬੜੇ ਸਾਰੇ ਸ਼ੀਸ਼ੇ ਤੇ ਕਈਆਂ ਵਿਦਵਾਨਾਂ ਦੇ ਸ਼ਾਨਦਾਰ ਕਥਨ ਲਿਖੇ ਹੋਏ ਸਨ। ਫਰਲੋ ਇਕ ਸਤਰ ਪੜ੍ਹਨ ਲਗਾ ਜਿਸ ਤੋਂ ਸਾਇੰਸ ਬਾਰੇ ਬੜੀ ਵਾਕਫ਼ੀ ਮਿਲਦੀ ਸੀ। ਉਹ ਇਕ ਵਾਰਗੀ ਤਰਬ੍ਹਕ ਉਠਿਆ ਤੇ ਇਸ ਲਿਖਤ ਨੂੰ ਵਧੇਰੇ ਜ਼ੋਰ ਜ਼ੋਰ ਦੀ ਪੜ੍ਹਨ ਲਗ ਪਿਆ।

''ਹਾਂ, ਇਸ ਤਰ੍ਹਾਂ ਮਿੰਟੋ ਨੇ ਕਿਹਾ ਅਤੇ ਜੋਲਿਸਟਰ ਨੇ ਸਿਖਾਇਆ। ਸੂਰਜ ਅੱਗ ਚੋਂ ਪੈਦਾ ਹੋਇਆ ਅਤੇ ਚੰਨ ਸੂਰਜ ਤੋਂ। ਅੱਗ ਸੰਸਾਰ ਦੀ ਜਿੰਦ ਜਾਨ ਹੈ। ਇਸ ਦੇ ਬੁਨਿਆਦੀ ਚੰਗਿਆੜੇ ਨਿਕਲਦੇ ਰਹਿੰਦੇ ਹਨ



Digitized by Panjab Digital Library | www.panjabdigilib.org

ਜਿਨ੍ਹਾਂ ਨੂੰ ਅਸੀਂ ਜੁਆਲਾ ਮੁਖੀ ਦੀ ਸ਼ਕਲ ਵਿਚ ਵੇਖਦੇ ਹਾਂ ਅਤੇ ਜਦ ਇਹ ਅੱਗ ਦੀਆਂ ਲਹਿਰਾਂ ਆਕਾਸ਼ ਤੇ ਇਕ ਦੂਜੀ ਉਤੋਂ ਦੀ ਲੰਘਦੀਆਂ ਹਨ ਤਾਂ ਲੋ ਪੈਦਾ ਹੁੰਦੀ ਹੈ ਅਤੇ ਜਦ ਧਰਤੀ ਤੇ ਇਕ ਦੂਜੇ ਨਾਲ ਮਿਲਦੀਆਂ ਹਨ ਤਾਂ ਸੋਨਾ ਪੈਦਾ ਹੁੰਦਾ ਹੈ। ਅੱਗ ਜਦ ਠੋਸ ਹੋ ਜਾਏ ਤਾਂ ਇਹੀ ਚੀਜ਼ਾਂ ਬਣ ਜਾਂਦੀਆਂ ਹਨ। ਜਿਸ ਤਰ੍ਹਾਂ ਭਾਫ ਦੇ ਠੰਢੇ ਹੋ ਜਾਣ ਨਾਲ ਬਰਫ ਦਾ ਟੁਕੜਾ ਬਣ ਜਾਂਦਾ ਹੈ। ਇਹ ਕੁਦਰਤ ਦਾ ਸਭ ਤੋਂ ਵਡਾ ਅਸੂਲ ਹੈ। ਅਵੀਰਸ ਨੇ ਸੂਰਜ ਦੀਆਂ ਕਿਰਨਾਂ ਨੂੰ ਕੈਦ ਕਰਨਾ ਚਾਹਿਆ ਪਰ ਨਾ ਕਰ ਸਕਿਆ। ਕੁਰਾਨੀਆਂ ਤੇ ਕੋਰਡਵਾ ਦੇ ਗਿਰਜੇ ਨਵੇਂ ਸਿਰਿਓਂ ਬਣਾਏ ਜਾ ਸਕਦੇ ਹਨ ਪਰ ਸੂਰਜ ਦੀਆਂ ਕਿਰਨਾਂ ਨੂੰ ਫੜਨਾ ਮਨੁਖੀ ਤਾਕਤ ਤੋਂ ਬਾਹਰ ਹੈ। ਇਸ ਦਾ ਤਜਰਬਾ ਕਰਨਾ ਹੋਵੇ ਤਾਂ ਘਟੋ ਘਟ ਤਿੰਨ ਸੋ ਸਦੀਆਂ ਲਗਣ ਗੀਆਂ।"

"ਸ਼ੈਤਾਨ" ਫੀਬਸ ਨੇ ਆਪਣੇ ਆਪ ਵਿਚ ਕਿਹਾ, "ਮੈਂ ਏਨਾਂ ਚਿਰ ਨਹੀਂ ਉਡੀਕ ਸਕਦਾ।"

"ਪਰ" ਲਿਖਤ ਨੂੰ ਪੜ੍ਹਦਾ ਪੜ੍ਹਦਾ ਪਾਦਰੀ ਬੋਲਦਾ ਗਿਆ, "ਮੇਰੇ ਖ਼ਿਆਲ ਵਿਚ ਇਹ ਕੰਮ ਬਹੁਤ ਹੀ ਔਖਾ ਹੈ। ਘਟੋ ਘਟ ਮਨੁਖੀ ਤਾਕਤ ਤੋਂ ਪਰੇ। ਕੁਦਰਤ ਨਾਲ ਕੌਣ ਟੱਕਰ ਲਏ, ਅਤੇ ਬਸ, ਪਰ ਇਹ ਮੈਗਟਰ ਕੀ ਕਹਿੰਦਾ ਹੈ ? ਦੁਨੀਆਂ ਵਿਚ ਇਸਤ੍ਰੀ ਤੋਂ ਬਿਨਾਂ ਇਸ ਦੇ ਹੋਰ ਵੀ ਕਈ ਨਾਂ ਹਨ, ਸ਼ੈਤਾਨ, ਇਸਤ੍ਰੀ ਦੇ ਮੂੰਹ ਵਿਚ ਮੱਖਣ ਨਹੀਂ ਢਲਦਾ। ਜੇ ਦੁਨੀਆਂ ਵਿਚ ਇਸਤ੍ਰੀ ਨਾਂ ਹੁੰਦੀ ਤਾਂ ਤੁਸੀਂ ਧਰਤੀ ਤੇ ਪੂਜ-ਅਸਥਾਨ ਵੀ ਨਾ ਵੇਖਦੇ ਅਤੇ ਇਸਤ੍ਰੀ, ਤੇਰਾ ਨਾਂ ਹੀ ਧੋਖੇਬਾਜ਼ੀ ਹੈ।"

ਏਨਾਂ ਪੜ੍ਹਨ ਪਿਛੋਂ ਫਰਲੋ ਨੇ ਕਿਤਾਬ ਬੰਦ ਕਰ ਦਿਤੀ ਅਤੇ ਆਕੜ ਭੰਨਦੇ ਹੋਏ ਨੇ ਦੋਵੇਂ ਹਥ ਆਪਣੀ ਟਿੰਡ ਤੇ ਫੇਰੇ। ਫੇਰ ਮੇਜ਼ ਤੋਂ ਇਕ ਕਿਲ ਤੇ ਥੋੜੀ ਚੁਕਦਾ ਹੋਇਆ ਬੋਲਿਆ, "ਕਾਫ਼ੀ ਚਿਰ ਤਕ" ਉਹ ਹਸਦਾ ਹੋਇਆ ਕਹਿਣ ਲਗਾ, "ਮੈਂ ਆਪਣੇ ਤਜਰਬਿਆਂ ਵਿਚ ਕਾਮਯਾਬ ਨਹੀਂ ਹੋ ਸਕਿਆ ਪਰ ਇਕ ਖ਼ਿਆਲ ਮੇਰੇ ਦਿਮਾਗ਼ ਅੰਦਰ ਅੱਗ ਦੇ ਮੁਆਤੇ ਵਾਂਗ ਬਲ ਰਿਹਾ



Digitized by Panjab Digital Library | www.panjabdigilib.org

ਹੈ। ਮੈਂ ਬੜੀ ਮਗ਼ਜ਼ਖਪਾਈ ਕੀਤੀ, ਬੜਾ ਜ਼ੋਰ ਲਾਇਆ ਪਰ ਕੈਦੀ-ਕੋਰਸ ਦਾ ਉਹ ਭੇਦ ਪਤਾ ਨਹੀਂ ਕਰ ਸਕਿਆ। ਮੈਨੂੰ ਹੈਰਾਨੀ ਹੈ ਕਿ ਉਸਦਾ ਦੀਵਾ ਬਿਨਾਂ ਬਤੀਓਂ ਕਿਸ ਤਰ੍ਹ ਬਲਦਾ ਸੀ।"

"ਮਸਾਲੇ ਨਾਲ" ਫ਼ੀਬਸ ਨੇ ਹੌਲੇ ਜਹੇ ਆਪਣੇ ਦੰਦਾਂ ਨੂੰ ਪੀਂਹਦਿਆਂ ਹੋਇਆਂ ਕਿਹਾ।

"ਖ਼ੈਰ, ਇਹ ਕੰਮ ਤਾਂ ਬੜਾ ਕੱਠਨ ਹੈ" ਫਰਲੋ ਕਹਿੰਦਾ ਗਿਆ, "ਅਤੇ ਇਹ ਥੌੜਾ ਅਤੇ ਕਿਲ – ਇਸ ਬਾਰੇ ਇਹ ਮਸ਼ਹੂਰ ਹੈ ਕਿ ਅਜ਼ਰਕ ਨੇ, ਜਿਹੜਾ ਇਕ ਬਹੁਤ ਭਾਰਾ ਜਾਦੂਗਰ ਸੀ, ਇਸ ਕਿਲ ਨੂੰ ਮੰਤਰ ਪੜ੍ਹ ਕੇ ਇਸ ਥੋੜੀ ਨਾਲ ਆਪਣੀ ਮੇਜ਼ ਵਿਚ ਗਡਿਆ ਅਤੇ ਮੇਜ਼ ਉਡਣ ਖਟੋਲਾ ਬਣ ਗਿਆ। ਉਹ ਉਸਤੇ ਚੜ੍ਹਕੇ ਸਾਰੀ ਦੁਨੀਆਂ ਦੀ ਸੈਰ ਕਰਦਾ ਫਿਰਿਆ। ਫ਼ਰਾਂਸ ਦੇ ਸ਼ਹਿਨਸ਼ਾਹ ਨੇ ਉਸ ਨੂੰ ਮਿਲਣ ਦੀ ਇਛਾ ਪ੍ਰਗਟ ਕੀਤੀ ਸੀ। ਉਹੀ ਕਿਲ ਤੇ ਓਹੀ ਥੌੜਾ ਅੱਜ ਮੇਰੇ ਹੱਥ ਵਿਚ ਫੜਿਆ ਹੋਇਆ ਹੈ ਪਰ ਮੈਨੂੰ ਉਹ ਮੰਤਰ ਚੇਤੇ ਨਹੀਂ।"

"ਇਹ ਕੀ ਫ਼ਜ਼ੂਲ ਗਲਾਂ ਕਰ ਰਿਹਾ ਹੈ" ਫੀਬਸ ਖੜੋਤਾ ਖੜੋਤਾ ਤੰਗ ਆ ਕੇ ਆਪਣੇ ਆਪ ਕਹਿਣ ਲਗਾ।

"ਅਛਾ, ਆਓ ਤਜਰਬਾ ਕਰਕੇ ਵੇਖੀਏ।" ਫਰਲੋ ਨੇ ਗੁਸੇ ਵਿਚ ਕਿਹਾ। ਇਸ ਦੇ ਪਿਛੋਂ ਫਰਲੋ ਨੇ ਕਿਲ ਨੂੰ ਲੈਕੇ ਥੌੜੀ ਨਾਲ ਮੇਜ਼ ਵਿਚ ਗੱਡ ਦਿਤਾ ਅਤੇ ਕੁਝ ਪੜ੍ਹਿਆ ਪਰ ਮੇਜ਼ ਵਿਚ ਕੋਈ ਤਬਦੀਲੀ ਨਾ ਹੋਈ। ਉਹ ਨਿਰਾਸ ਹੋ ਗਿਆ ਅਤੇ ਥੌੜੀ ਨੂੰ ਗੁਸੇ ਵਿਚ ਮੇਜ਼ ਤੇ ਭੁਆਂ ਮਾਰਿਆ। ਇਸ ਦੇ ਪਿਛੋਂ ਉਹ ਕੁਝ ਚਿਰ ਤਕ ਇਕ ਵਡੀ ਸਾਰੀ ਕਿਤਾਬ ਤੇ ਸਿਰ ਟਿਕਾਈ ਚੁਪ ਚਾਪ ਪਿਆ ਰਿਹਾ ਪਰ ਫੇਰ ਝਟ ਪਟ ਕੁਰਸੀ ਤੋਂ ਉਠਿਆ। ਫੀਬਸ ਉਸ ਦੀ ਕੁਰਸੀ ਦੇ ਪਿਛੇ ਲੁਕ ਗਿਆ।

ਫਰਲੋ ਨੇ ਮੇਜ਼ ਤੋਂ ਪ੍ਰਕਾਰ ਚੁਕੀ ਅਤੇ ਕੰਧ ਤੇ ਮੋਟੇ ਮੋਟੇ ਯੂਨਾਨੀ ਅਖਰਾਂ ਵਿਚ ਲਿਖਣ ਲਗ ਪਿਆ, "ਅਨਾਬਕ"।



Digitized by Panjab Digital Library | www.panjabdigilib.org

ਇਹ ਪਾਦਰੀ ਬੜਾ ਬੇ-ਵਕੂਫ਼ ਹੈ।" ਫੀਬਸ ਨੇ ਆਪਣੇ ਆਪ ਵਿਚ ਕਿਹਾ। "ਕਿਹਾ ਹੀ ਚੰਗਾ ਹੁੰਦਾ ਜੇ ਇਹ ਅਖਰ ਆਪਣੀ ਬੋਲੀ ਵਿਚ ਲਿਖਿਆ ਹੁੰਦਾ ਕਿਉਂਕਿ ਹਰੇਕ ਆਦਮੀ ਯੂਨਾਨੀ ਨਹੀਂ ਜਾਣਦਾ।"

ਕੁਝ ਚਿਰ ਪਿਛੋਂ ਫਰਲੋ ਕੰਧ ਦੇ ਕੋਲ ਹੀ ਉਸ ਬੀਮਾਰ ਵਾਂਗ ਮਥੇ ਤੇ ਹਥ ਰਖ ਕੇ ਬਹਿ ਗਿਆ ਜਿਸ ਦੇ ਦਿਮਾਗ਼ ਵਿਚ ਸਖ਼ਤ ਦਰਦ ਹੋਣ ਨਾਲ ਉਸ ਦੀਆਂ ਪੁੜ-ਪੁੜੀਆਂ ਦਰਦ ਕਰ ਰਹੀਆਂ ਹੋਣ।

ਫੀਬਸ ਖੜੋਤਾ ਖੜੋਤਾ ਅੱਕ ਗਿਆ। ਉਸ ਨੇ ਫਰਲੋ ਦੇ ਸਾਹਮਣੇ ਆ ਜਾਣਾ ਚਾਹਿਆ ਪਰ ਫੇਰ ਕੁਝ ਸੋਚ ਕੇ ਰੁਕ ਗਿਆ ਅਤੇ ਦਰਵਾਜ਼ੇ ਵਲ ਨੂੰ ਵਧਿਆ। ਦਰਵਾਜ਼ੇ ਕੋਲ ਪੁਜ ਕੇ ਉਸ ਨੇ ਫਰਲੋ ਵਲ ਵੇਖਿਆ। ਉਹ ਅੰਗੀਠੀ ਕੋਲ ਨੀਵੀਂ ਪਾਈ ਬੈਠਾ ਕੁਝ ਸੋਚ ਰਿਹਾ ਸੀ। ਫੀਬਸ ਨੇ ਹੌਲੇ ਜਿਹੇ ਦਰਵਾਜ਼ਾ ਖੋਲ੍ਹਿਆ ਅਤੇ ਕਮਰੇ ਵਿਚੋਂ ਬਾਹਰ ਨਿਕਲ ਗਿਆ।

ਕੁਝ ਚਿਰ ਪਿਛੋਂ ਫੀਬਸ ਨੇ ਦਰਵਾਜ਼ਾ ਖੜਕਾਇਆ। ਫਰਲੋ ਇਸ ਤਰ੍ਹਾਂ ਤ੍ਰਬਕ ਉਠਿਆ ਜਿਵੇਂ ਕੋਈ ਸੁਪਨਾ ਵੇਖਣ ਵਾਲਾ ਕਿਸੇ ਆਵਾਜ਼ ਨਾਲ ਇਕ-ਦਮ ਘਬਰਾ ਕੇ ਉਠ ਬਹਿੰਦਾ ਹੈ।

"ਆ ਜਾਓ ਅੰਦਰ" ਫਰਲੋ ਨੇ ਕਿਹਾ।

ਫੀਬਸ ਬੜੀ ਗੰਭੀਰਤਾ ਨਾਲ ਅੰਦਰ ਦਾਖ਼ਲ ਹੋਇਆ।

"ਉਹ, ਫੀਬਸ" ਫਰਲੋ ਨੇ ਕਿਹਾ।

"ਹਾਂ ਤੁਹਾਡਾ ਦਾਸ ਫ਼ੀਬਸ" ਫ਼ੀਬਸ ਬੋਲਿਆ। ਫਰਲੋ ਅਗੇ ਵਧਿਆ। ਦੋਵੇਂ ਜਣੇ ਜਫੀ ਪਾ ਕੇ ਇਕ ਦੂਜੇ ਨੂੰ ਮਿਲੇ।

"ਸੁਣਾਓ ਕਿਵੇਂ ਆਏ ?" ਫਰਲੋ ਨੇ ਪੁਛਿਆ।

"ਮੈਂ ਤੁਹਾਥੋਂ ਇਹ ਪੁਛਣਾ......।"

"ਕੀ" ਫਰਲੋ ਨੇ ਉਸ ਦੀ ਗਲ ਨੂੰ ਵਿਚੋਂ ਹੀ ਟੋਕਦਿਆਂ ਹੋਇਆਂ ਪੁਛਿਆ।

"ਮੈਂ ਤੁਹਾਥੋਂ ਇਖ਼ਲਾਕ ਦਾ ਸਬਕ ਲੈਣ ਆਇਆ ਹਾਂ।" ਫੀਬਸ ਨੇ ਆਪਣੀ ਟੋਪੀ ਨੂੰ ਸਿਰ ਤੋਂ ਲਾਂਹਦਿਆਂ ਹੋਇਆਂ ਕਿਹਾ।



Digitized by Panjab Digital Library | www.panjabdigilib.org

"ਹਾਂ, ਹਾਂ, ਤੁਹਾਨੂੰ ਮਿਲਕੇ ਮੈਨੂੰ ਬੜੀ ਖ਼ੁਸ਼ੀ ਹੋਈ ਹੈ।' ਫਰਲੋ ਨੇ ਕਿਹਾ।

"ਅਤੇ ਮੈਨੂੰ ਵੀ, ਤੁਹਾਨੂੰ ਮਿਲ ਕੇ" ਫੀਬਸ ਨੇ ਉਤਰ ਦਿਤਾ। ਇਸ ਦੇ ਪਿਛੋਂ ਦੋਵੇਂ ਮੇਜ਼ ਦੇ ਲਾਗੇ ਜਾ ਬੈਠੇ ਅਤੇ ਗਲਾਂ ਕਰਨ ਲਗ ਪਏ।

"ਫੀਬਸ", ਫਰਲੋ ਨੇ ਕਿਹਾ "ਮੈਂ ਤੁਹਾਡੇ ਬਾਰੇ ਹਰ ਰੋਜ਼ ਕੋਈ ਨਾ ਕੋਈ ਨਵੀਂ ਗਲ ਸੁਣਦਾ ਹਾਂ। ਉਹ ਟੱਪਰੀਵਾਸ ਕੁੜੀ ਵਾਲੀ ਕੀ ਗਲ ਏ? ਅਤੇ ਸੁਣਿਆਂ ਏ ਤੁਹਾਨੂੰ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ ਗਿਆ ਸੀ। ਕੀ ਇਹ ਸੱਚ ਹੈ? ਅਤੇ ਉਹ ਰੁਮਾਨ ਕੈਂਪ ਵਾਲੀ ਕੀ ਗਲ ਸੀ?"

ਫੀਬਸ ਕਹਿਣ ਲਗਾ, "ਰੁਮਾਨ ਕੈਂਪ ਵਿਚ ਜਦ ਮੈਂ ਆਪਣੇ ਇਕ ਮਿਤਰ ਨੂੰ ਲਭਦਾ ਏਧਰ ਓਧਰ ਘਾਬਰਿਆ ਫਿਰਦਾ ਸਾਂ ਤਾਂ ਇਕ ਘੋੜ-ਸਵਾਰ ਅਫ਼ਸਰ ਤੇਜ਼ ਘੋੜਾ ਦੁੜਾਈ ਆਇਆ। ਮੇਰੇ ਲਾਗੇ ਕਾਫ਼ੀ ਚਿਕੜ ਸੀ ਇਸ ਲਈ ਮੈਂ ਉਸ ਨੂੰ ਘੋੜਾ ਰੋਕਣ ਦਾ ਇਸ਼ਾਰਾ ਕੀਤਾ ਪਰ ਉਹ ਨਾ ਰੁਕਿਆ ਅਤੇ ਮੇਰੇ ਲਾਗਿਓਂ ਦੀ ਚਿਕੜ ਉਡਾਉਂਦਾ ਹੋਇਆ ਲੰਘਿਆ। ਮੈਂ ਅਗਾਂਹ ਹੋ ਕੇ ਉਸ ਨੂੰ ਫੜ ਲਿਆ ਤੇ ਖ਼ੂਬ ਮਾਂਜਾ ਫੇਰਿਆ।"

"ਬਸ, ਇਹੀ ਸੀ ਉਹ ਗਲ? ਅਤੇ ਉਸ ਟੱਪਰੀਵਾਸ ਕੁੜੀ ਦੀ ਕੀ ਗੱਲ ਸੀ?"

ਉਸ ਜਾਦੂਗਰਨੀ ਡੈਣ ਦਾ ਨਾਂ ਨਾ ਲਓ ਮੇਰੇ ਪਾਸ" ਫੀਬਸ ਨੇ ਰਤਾ ਮਥੇ ਤੇ ਤੀਊੜੀ ਪਾ ਕੇ ਕਿਹਾ।

"ਕਿਉਂ?" ਫਰਲੋ ਨੇ ਪੁਛਿਆ, "ਕੀ ਗਲ ਏ?"

"ਮੈਨੂੰ ਇਹ ਪਤਾ ਨਹੀਂ ਸੀ ਕਿ ਏਨੇ ਸੋਹਣੇ ਤੇ ਨਾਜ਼ਕ ਹੱਥ ਛੁਰਾ ਵੀ ਚੁਕ ਸਕਦੇ ਹਨ।"

"ਕੀ ਤਨੂੰ ਯਕੀਨ ਹੈ ਕਿ ਉਸੇ ਨੇ ਹੀ ਤਨੂੰ ਜ਼ਖ਼ਜੀ ਕੀਤਾ ਸੀ?"

"ਹਾਂ ਜੀ, ਉਸੇ ਨੇ" ਫੀਬਸ ਨੇ ਕਿਹਾ, "ਮੇਰੇ ਤੇ ਉਸ ਦੇ ਬਿਨਾਂ ਹੋਰ ਕਮਰੇ ਵਿਚ ਤੀਜਾ ਹੈ ਵੀ ਕੌਣ ਸੀ।"

"ਅਛਾ, ਅਛਾ" ਪਾਦਰੀ ਸਿਰ ਹਿਲਾਉਂਦਾ ਹੋਇਆ ਕਹੀ ਗਿਆ,



Digitized by Panjab Digital Library | www.panjabdigilib.org

"ਦੇਖ ਨਾ, ਸਾਡੀ ਸਭਿਅਤਾ ਵਿਚ ਕਿਹੋ ਜਿਹੇ ਅੱਖਰ ਲਿਆਂਦੇ ਜਾ ਰਹੇ ਹਨ। ਲਾਤੀਨੀ ਬੋਲੀ ਤਾਂ ਸਮਝੀ ਜਾ ਸਕਦੀ ਹੈ। ਸਾਇਰਕ ਨੂੰ ਕੋਈ ਜਾਣਦਾ ਹੀ ਨਹੀਂ ਅਤੇ ਯੂਨਾਨੀ ਲਿਖਣੀ ਤਾਂ ਬਹੁਤ ਹੀ ਔਖੀ ਹੈ।"

"ਕੀ ਮੈਂ ਉਸ ਅੱਖਰ ਦੇ ਅਰਥ ਦਸਾਂ ?" ਫੀਬਸ ਨੇ ਰਤਾ ਕੁ ਅੱਖਾਂ ਨੂੰ ਉਭਾਰਦਿਆਂ ਹੋਇਆਂ ਕਿਹਾ।

"ਕੀ ?" ਫਰਲੋ ਨੇ ਪੁਛਿਆ, ਜਿਵੇਂ ਉਸ ਦੀ ਗਲ ਨੂੰ ਸੁਣਿਆ ਹੀ ਨਹੀਂ ਹੁੰਦਾ।

"ਮੈਂ ਤਹਾਨੂੰ ਉਸ ਕੰਧ ਤੇ ਉਕਰੇ ਹੋਏ ਅੱਖਰ ਦੇ ਅਰਥ ਦਸਾਂ ?" ਫੀਬਸ ਨੇ ਆਪਣੀ ਗਲ ਨੂੰ ਦੁਹਰਾਉਂਦਿਆਂ ਹੋਇਆਂ ਕਿਹਾ।

"ਕਿਹੜਾ ਅੱਖਰ ?"

"ਅਨਾਥਕ"

ਫਰਲੋ ਨੇ ਸ਼ਰਮ ਨਾਲ ਸਿਰ ਨੀਵਾਂ ਕਰ ਲਿਆ। ਉਸ ਦੀਆਂ ਗਲ੍ਹਾਂ ਤੇ ਇਸ ਤਰ੍ਹਾਂ ਲਾਲੀ ਟੱਪਕੀ ਜਿਸ ਤਰ੍ਹਾਂ ਅੱਗ ਉਗਾਲੂ ਪਹਾੜ ਦੇ ਫਟਣ ਨਾਲ ਵਾਯੂ-ਮੰਡਲ ਵਿਚ ਲਾਲੀ ਦੇ ਬਦਲ ਉਠਦੇ ਹਨ। ਫੀਬਸ ਉਸ ਦੇ ਚਿਹਰੇ ਦੇ ਉਤਰਾ ਚੜ੍ਹਾ ਨੂੰ ਬੜੇ ਗਹੁ ਨਾਲ ਤਕਦਾ ਰਿਹਾ।

"ਹਾਂ, ਕੀ ਅਰਥ ਹਨ ਉਸ ਅਖਰ ਦੇ ?" ਫਰਲੋ ਨੇ ਪੁਛਿਆ।

"ਕਿਸਮਤ"

ਫਰਲੋ ਨੇ ਫੇਰ ਜ਼ਰਾ ਕੁ ਸ਼ਰਮ ਨਾਲ ਧੌਣ ਨਿਵਾਂ ਲਈ। ਫੀਬਸ ਕਹਿਣ ਲਗਾ, "ਕੀ ਮੈਂ ਠੀਕ ਦਸਿਆ ਹੈ ਕਿ ਨਹੀਂ ?"

ਫਰਲੋ ਚੁਪ ਰਿਹਾ।

"ਤੁਸੀਂ ਚੁਪ ਕਿਉਂ ਹੋ ਗਏ ? ਮੈਂ ਯੂਨਾਨੀ ਬੋਲੀ ਚੰਗੀ ਤਰ੍ਹਾਂ ਜਾਣਦਾ ਤਾਂ ਨਹੀਂ ਫੇਰ ਵੀ ਭਾਵ ਪੂਰਾ ਸਮਝ ਸਕਦਾ ਹਾਂ।"

ਫਰਲੋ ਉਸੇ ਤਰ੍ਹਾਂ ਚੁਪ ਰਿਹਾ।

ਤੁਸੀਂ ਬੋਲਦੇ ਨਹੀਂ ?"ਫੀਬਸ ਨੇ ਫੇਰ ਪੁਛਿਆ।

ਪਾਦਰੀ ਫਰਲੋ ਦੇ ਮਥੇ ਤੇ ਤ੍ਰੇਲੀ ਆਈ ਹੋਈ ਸੀ। ਉਸ ਦੀਆਂ ਅਖਾਂ



Digitized by Panjab Digital Library | www.panjabdigilib.org

ਵਿਚ ਹੰਝੂ ਸਨ। ਫੀਬਸ ਨੇ ਉਸ ਪਾਸੋਂ ਇਸ ਦਾ ਕਾਰਨ ਪੁਛਣਾ ਚਾਹਿਆ ਪਰ ਆਪਣਾ ਪਾਦਰੀ ਤੇ ਰੋਹਬ ਜੰਮਿਆ ਹੋਣ ਕਰਕੇ ਚੁਪ ਰਿਹਾ। ਅਖ਼ੀਰ ਫ਼ਰਲੋ ਆਪ ਹੀ ਬੋਲਿਆ :

"ਅਛਾ ਤੇ ਤੁਸੀਂ ਅੱਜ ਕਿਵੇਂ ਆਏ ?"

"ਮੈਨੂੰ ਕੁਝ ਰੁਪਿਆਂ ਦੀ ਲੋੜ ਹੈ।" ਫੀਬਸ ਨੇ ਹੌਸਲਾ ਕਰ ਕੇ ਕਿਹਾ।

"ਤੁਹਾਨੂੰ ਪਤਾ ਹੈ ਕਿ ਮੇਰਾ ਆਪਣਾ ਖ਼ਰਚ ਬਹੁਤ ਜ਼ਿਆਦਾ ਹੈ। ਇਸ ਲਈ ਮੇਰੇ ਪਾਸ ਗੁੰਜਾਇਸ਼ ਨਹੀਂ ਕਿ ਤੁਹਾਡੀ ਸਹਾਇਤਾ ਕਰ ਸਕਾਂ।"

"ਖ਼ੈਰ, ਕੁਝ ਸਹੀ। ਮੈਨੂੰ ਇਸ ਵੇਲੇ ਬੜੀ ਸਖ਼ਤ ਲੋੜ ਹੈ।"

"ਹਾਂ ਭਈ ਮੈਂ ਤੁਹਾਨੂੰ ਦੇਣ ਤੋਂ ਤਾਂ ਨਾ ਨਹੀਂ ਕਰਦਾ ਪਰ ਇਸ ਮਹੀਨੇ ਤਾਂ ਸਾਰੇ ਦੇ ਸਾਰੇ ਪੈਸੇ ਆਪਣੀ ਲੋੜ ਵਿਚ ਹੀ ਵਰਤੇ ਗਏ ਹਨ। ਇਸ ਲਈ ਆਸ ਹੈ ਕਿ ਹੁਣ ਤਾਂ ਤੁਸੀਂ ਮੈਨੂੰ ਖਿਮਾ ਹੀ ਬਖ਼ਸ਼ੋਗੇ। ਫੇਰ ਜੇ ਮੇਰੇ ਪਾਸ ਹੋਏ ਤਾਂ ਮੈਂ ਤੁਹਾਡੀ ਸਹਾਇਤਾ ਕਰਾਂਗਾ।"

"ਮੈਂ ਐਵੇਂ ਲਾਰਿਆਂ ਨਾਲ ਟੱਲਣ ਵਾਲਾ ਆਦਮੀ ਨਹੀਂ।" ਫੀਬਸ ਨੇ ਕੁਝ ਦ੍ਰਿੜ੍ਹਤਾ ਨਾਲ ਕਿਹਾ।

"ਮੇਰੀ ਮਜਬੂਰੀ ਵੀ ਤਾਂ ਵੇਖੋ" ਫਰਲੋ ਨੇ ਉਤਰ ਦਿਤਾ।

"ਮੈਂ ਤੁਹਾਡਾ ਮਿਤਰ ਹਾਂ।"

"ਮੈਨੂੰ ਇਸ ਗਲ ਦਾ ਮਾਣ ਹੈ।"

"ਫੇਰ ਮੇਰੀ ਸਹਾਇਤਾ ਕਰੋ"

"ਪਰ ਮੈਂ ......"

"ਇਸ ਬਹਾਨੇ ਬਾਜ਼ੀ ਨੂੰ ਛਡੋ"

"ਫੇਰ ਓਹੀ ਰੱਟ"

"ਮੈਂ ਕਹਿੰਦਾਂ ਹਾਂ ਮਿਤ੍ਰਤਾਈ ਬਹੁਤ ਕਠਨ ਚੀਜ਼ ਹੈ।"

"ਮੈਨੂੰ ਮਜਬੂਰ ਨਾ ਕਰੋ"

"ਮੈਂ ਜ਼ਰੂਰ ਕਰਾਂਗਾ"

"ਤਾਂ ਫਿਰ ਆਪ ਹੀ ਮੇਰੇ ਕਮਰੇ ਦੀ ਤਲਾਸ਼ੀ ਲੈ ਲਓ।



Digitized by Panjab Digital Library | www.panjabdigilib.org

"ਮੈਂ ਤਿਆਰ ਹਾਂ" ਏਨਾ ਕਹਿਕੇ ਫੀਬਸ ਕਮਰੇ ਦੀਆਂ ਚੀਜ਼ਾਂ ਨੂੰ ਏਧਰ ਓਧਰ ਉਲਟਾਉਣ ਲਗ ਪਿਆ। ਫਰਲੋ ਫੇਰ ਬੋਲਿਆ, "ਪਰ ਰੁਪਿਆਂ ਦੀ ਏਡੀ ਲੋੜ ਕੀ ਹੈ ?"

"ਪਿਆਰੇ ਮਿਤਰ" ਫ਼ੀਬਸ ਨੇ ਆਪਣੀ ਗਲ ਨੂੰ ਜਾਰੀ ਰਖਦਿਆਂ ਹੋਇਆਂ ਕਿਹਾ, "ਮੈਂ ਤੁਹਾਡੇ ਪਾਸ ਕਿਸੇ ਬੁਰੀ ਨੀਤ ਨਾਲ ਨਹੀਂ ਆਇਆ ਮੈਂ ਇਨ੍ਹਾਂ ਪੈਸਿਆਂ ਦੀ ਸ਼ਰਾਬ ਨਹੀਂ ਪੀਵਾਂਗਾ ਅਤੇ ਨਾ ਹੀ ਕਿਸੇ ਹੋਟਲ ਦਾ ਦਰਵਾਜ਼ਾ ਖੜਕਾਵਾਂਗਾ। ਅੱਜ ਕਲ ਇਸਤ੍ਰੀ ਦੀ ਜ਼ਾਤ ਨਾਲ ਤਾਂ ਮੈਨੂੰ ਦਿਲੋਂ ਨਫਰਤ ਹੈ। ਐਤਕੀ ਅਜ਼ਮਾ ਲਓ। ਇਕ ਬੜੇ ਹੀ ਪਵਿਤਰ ਕੰਮ ਲਈ ਤੁਹਾਥੋਂ ਮੰਗ ਰਿਹਾ ਹਾਂ।"

"ਪਰ ਕਿਹੜਾ ਹੈ ਉਹ ਪਵਿਤ੍ਰ ਕੰਮ ?" ਫਰਲੋ ਨੇ ਪੁਛਿਆ, "ਮੈਨੂੰ ਵੀ ਤਾਂ ਪਤਾ ਲਗੇ।"

"ਮੇਰੇ ਤਿੰਨ ਮਿਤਰ ਆਪਣੇ ਬਚਿਆਂ ਲਈ ਬਿਸਤਰੇ ਮੁਲ ਲੈਣਾ ਚਾਹੁੰਦੇ ਹਨ। ਇਸ ਨੂੰ ਤੁਸੀਂ ਭਿਛਿਆ ਹੀ ਸਮਝੋ। ਮੇਰੇ ਖ਼ਿਆਲ ਵਿਚ ਕੁਲ ਤੀਹ ਕੁ ਰੁਪੈ ਖ਼ਰਚ ਆਏਗਾ। ਲਿਆਓ ਛੇਤੀ ਕਰੋ।"

"ਤੁਹਾਡੇ ਮਿਤਰਾਂ ਦੇ ਨਾਂ ਕੀ ਹਨ ?" ਫਰਲੋ ਨੇ ਪੁਛਿਆ।

"ਇਕ ਦਾ ਨਾਂ ਬਟਮਨ, ਦੂਜੇ ਦਾ ਗੂਬਨ ਅਤੇ ਤੀਜੇ ਦਾ ਬੋ – ਹਾਂ, ਕੀ ਨਾਂ ਹੈ ਤੀਜੇ ਦਾ..."

"ਵਾਹ, ਖ਼ੂਬ" ਫਰਲੋ ਨੇ ਕਿਹਾ, "ਹੁਣ ਕੋਈ ਝੂਠਾ ਨਾਂ ਸੋਚ ਰਹੇ ਹੋ ?'

"ਨਹੀਂ, ਨਹੀਂ।"

"ਨਹੀਂ ਕਿਉਂ ਨਹੀਂ।"

"ਮੈਂ ਕਹਿੰਦਾਂ ਹਾਂ ਸੁਣੋ !"

"ਹਾਂ ਸੁਣਾਓ, ਕੀ ਹੈ ਉਸ ਦਾਂ ਨਾਂ" ਫਰਲੋ ਨੇ ਫੇਰ ਪੁਛਿਆ।

"ਉਸ ਦਾ ਨਾਂ – ਬੋਬਨ, ਬੋਬਨ, ਬੋਬਨ।"

"ਬੋਬਨ ਸੁਆਹ, ਬੋਬਨ ਮਿਟੀ – ਪਰ ਕੀ ਹੋਇਆ ਬੋਬਨ, ਫ਼ੀਬਸ, ਸਾਡੇ ਨਾਲ ਧੋਖਾ ਨਹੀਂ ਚਲੇਗਾ। ਤੁਹਾਡਾ ਉਸਤਾਦ ਤੇ ਉਸ ਨਾਲ ਇਸ



Digitized by Panjab Digital Library | www.panjabdigilib.org

ਤਰ੍ਹਾਂ ਧੋਖਾ। ਧਿਰਕਾਰ ਹੈ ਤੁਹਾਡੇ ਤੇ।"

"ਪਰ ਤੁਸੀ ਗੁਸੇ ਕਿਉਂ ਹੁੰਦੇ ਹੋ?" ਫੀਬਸ ਨੇ ਕਿਹਾ।

"ਕੀ ਇਹ ਗੁਸੇ ਹੋਣ ਵਾਲੀ ਗਲ ਨਹੀਂ?" ਫਰਲੋ ਨੇ ਜ਼ਰਾ ਗੁਸੇ ਨਾਲ ਪੁਛਿਆ। ਫੀਬਸ ਚੁਪ ਹੋ ਗਿਆ।

ਅਜੇ ਇਹ ਦੋਵੇਂ ਮਿਤਰ ਆਪਸ ਵਿਚ ਗਲਾਂ ਹੀ ਕਰ ਰਹੇ ਸਨ ਕਿ ਪੌੜੀਆਂ ਵਿਚ ਕਿਸੇ ਦੇ ਪੈਰਾਂ ਦਾ ਖੜਾਕ ਸੁਣਾਈ ਦਿਤਾ।

"ਚੁਪ" ਫਰਲੋ ਨੇ ਕਿਹਾ।

"ਕੌਣ ਆ ਰਿਹਾ ਹੈ?" ਫੀਬਸ ਨੇ ਪੁਛਿਆ।

ਏਨੇ ਨੂੰ ਇਕ ਬੁਢੀ ਕਮਰੇ ਵਿਚ ਦਾਖ਼ਲ ਹੋਈ।

"ਕੀ ਮੈਂ ਅੰਦਰ ਆ ਸਕਦੀ ਹਾਂ?" ਬੁਢੀ ਨੇ ਦਰਵਾਜ਼ੇ ਕੋਲ ਖੜੋਕੇ ਪੁਛਿਆ।

"ਆਓ, ਆਓ" ਫਰਲੋ ਨੇ ਕਿਹਾ।

ਬੁਢੀ ਮੇਜ਼ ਦੇ ਲਾਗੇ ਆਕੇ ਖੜੋ ਗਈ। ਪਾਦਰੀ ਨੇ ਉਸ ਨੂੰ ਬੈਠਣ ਦਾ ਇਸ਼ਾਰਾ ਕੀਤਾ। ਉਹ ਮੇਜ਼ ਦੇ ਲਾਗੇ ਹੀ ਕੁਰਸੀ ਤੇ ਬੈਠ ਗਈ।

"ਹਾਂ ਜੀ, ਹੁਕਮ ਕਰੋ, ਕਿਵੇਂ ਆਏ?"

"ਮੈਂ ਤੁਹਾਡੇ ਪਾਸ ਇਕ ਸ਼ਕਾਇਤ ਲੈ ਕੇ ਆਈ ਹਾਂ।"

"ਕਿਸ ਦੀ ਸ਼ਕਾਇਤ" ਫਰਲੋ ਨੇ ਪੁਛਿਆ।

"ਤੁਹਾਡੇ ਚੇਲੇ ਦੀ" ਬੁਢੀ ਨੇ ਉਤਰ ਦਿਤਾ।

"ਕਿਹੜਾ ਚੇਲਾ"

"ਉਹੀ ਕੁਬਾ ਦੇਓ"

"ਕੈਦੋ?"

"ਹਾਂ, ਹਾਂ, ਓਹੀ।"

"ਕਿਉਂ, ਕੀ ਕੀਤਾ ਉਸ ਨੇ?" ਪਾਦਰੀ ਨੇ ਬੜੀ ਹੈਰਾਨੀ ਨਾਲ ਪੁਛਿਆ।

"ਉਸ ਨੇ ਮੇਰੇ ਮੁੰਡੇ ਤੋਂ ਬਕਰੀ ਖੋਹ ਲਈ ਤੇ ਨੋਟਰਡੈਮ ਦੇ ਮੁਨਾਰੇ ਤੇ ਜਾ ਚੜ੍ਹਿਆ।"



Digitized by Panjab Digital Library | www.panjabdigilib.org

"ਕੀ ਤੁਹਾਡੀ ਬਕਰੀ ?"

"ਜੀ ਹਾਂ, ਮੇਰੀ, ਮੈਂ ਉਹ ਬਕਰੀ ਇਕ ਆਦਮੀ ਪਾਸੋਂ ਮੁੱਲ ਲਈ ਸੀ।"

"ਕਿਹੜੀ ਥਾਂ ਤੇ ਉਸ ਨੇ ਤੁਹਾਡੇ ਮੁੰਡੇ ਪਾਸੋਂ ਬਕਰੀ ਖੋਹੀ ਸੀ।"

"ਨੋਟਰਡੈਮ ਦੇ ਲਾਗੇ ਹੀ"

"ਨੋਟਰਡੈਮ ਦੇ ਲਾਗੇ ਹੀ ?" ਫਰਲੋ ਨੇ ਪੁਛਿਆ, "ਕੀ ਤੁਸੀਂ ਏਥੇ ਕਿਤੇ ਹੀ ਰਹਿੰਦੇ ਹੋ ?"

"ਨਹੀਂ ਮੈਂ ਤਾਂ ਗਿਰਊ ਪਾਰਕ ਵਿਚ ਰਹਿੰਦੀ ਹਾਂ। ਮੇਰਾ ਮੁੰਡਾ ਆਪਣੇ ਪਿਤਾ ਦੀ ਦੁਕਾਨ ਤੋਂ ਆਉਂਦਾ ਹੋਇਆ ਨੋਟਰਡੈਮ ਦੇ ਬੂਹੇ ਅਗਿਓਂ ਦੀ ਲੰਘਿਆ। ਕੁਬਾ ਉਥੇ ਖੜੋਤਾ ਸੀ ਅਤੇ ਉਸ ਨੇ ਮੁੰਡੇ ਪਾਸੋਂ ਬਕਰੀ ਖੋਹ ਲਈ।"

"ਇਸ ਵੇਲੇ ਕਿਥੇ ਹੈ ਉਹ ?"

"ਉਸ ਮੁਨਾਰੇ ਦੇ ਸਿਖਰ ਚੜ੍ਹਿਆ ਹੋਇਆ ਹੈ।"

"ਕੀ ਹੁਣ ਵੀ ਉਹ ਬਕਰੀ ਉਸ ਦੇ ਹੱਥ ਵਿਚ ਹੈ ?"

"ਜੀ ਹਾਂ" ਬੁਢੀ ਨੇ ਕਿਹਾ, "ਉਹ ਉਸ ਨੂੰ ਬਗ਼ਲ ਵਿਚ ਲਈ ਘੜਿਆਲ ਦੀ ਸੰਗਲੀ ਨੂੰ ਫੜ ਕੇ ਸੇਰੂਬੰਦ ਕੱਢ ਰਿਹਾ ਹੈ।"

"ਮੈਂ ਹੈਰਾਨ ਹਾਂ ਕਿ ਉਹ ਬੰਦਾ ਹੈ ਜਾਂ ਕੁਝ ਹੋਰ।"

"ਜਿੰਨ ਹੈ ਜਨਾਬ, ਜਿੰਨ" ਬੁਢੀ ਨੇ ਕਿਹਾ।

"ਹਾਂ ਹੈ ਜਿੰਨ ਹੀ" ਪਾਦਰੀ ਉਸਦੀ ਪ੍ਰੋੜ੍ਹਤਾ ਕਰਦਾ ਹੋਇਆ ਬੋਲਿਆ।

"ਤੁਸੀਂ ਇਸ ਦਾ ਕੋਈ ਉਪਰਾਲਾ ਕਰੋ ਨਹੀਂ ਤਾਂ ਇਹ ਕਿਸੇ ਨਾ ਕਿਸੇ ਦਿਨ ਜ਼ਰੂਰ ਕੋਈ ਆਫ਼ਤ ਲਿਆਵੇਗੀ।"

"ਹਾਂ ਕੁਝ ਕਰਨਾ ਹੀ ਪਵੇਗਾ।"

"ਅਤੇ ਮੇਰੀ ਬਕਰੀ ਜਨਾਬ।"

"ਤੁਸੀਂ ਫ਼ਿਕਰ ਨਾ ਕਰੋ" ਪਾਦਰੀ ਨੇ ਕਿਹਾ, "ਜਦੋਂ ਉਹ ਮੁਨਾਰੇ ਤੋਂ ਉਤਰੇਗਾ ਤਾਂ ਉਸ ਪਾਸੋਂ ਬਕਰੀ ਖੋਹ ਲਈ ਜਾਏਗੀ।"



Digitized by Panjab Digital Library | www.panjabdigilib.org

"ਬੜੀ ਕਿਰਪਾ ਆਪ ਦੀ" ਬੁਢੀ ਨੇ ਧੰਨਵਾਦ ਕਰਦਿਆਂ ਹੋਇਆਂ ਕਿਹਾ।

"ਕੀ ਮੈਂ ਹੁਣ ਜਾ ਸਕਦੀ ਹਾਂ?"

"ਹਾਂ, ਖ਼ੁਸ਼ੀ ਨਾਲ।" ਫਰਲੋ ਨੇ ਕਿਹਾ।

ਬੁਢੀ ਕੁਰਸੀ ਤੋਂ ਉਠੀ ਅਤੇ ਬਾਹਰ ਨਿਕਲ ਗਈ। ਉਸ ਦੇ ਜਾਣ ਪਿਛੋਂ ਫ਼ੀਬਸ ਮੁਸਕਰਾਉਂਦਾ ਹੋਇਆ ਕਹਿਣ ਲਗਾ, "ਇਹ ਕੈਦੋ ਕੌਣ ਹੈ?"

"ਨੋਟਰਡੈਮ ਦਾ ਕੁਬਾ ਦੇਓ" ਫਰਲੋ ਇਤਨਾ ਕਹਿਕੇ ਬਾਹਰ ਜਾਣ ਲਈ ਦਰਵਾਜ਼ੇ ਵਲ ਨੂੰ ਵਧਿਆ।

"ਅਤੇ ਉਹ ਕਪੜੇ?" ਫੀਬਸ ਨੇ ਉਤਾਵਲਾ ਹੋ ਕੇ ਪੁਛਿਆ।

"ਮੈਂ ਤੁਹਾਨੂੰ ਜਵਾਬ ਤਾਂ ਦੇ ਬੈਠਾ ਹਾਂ।"

"ਪਰ ਉਹ ਜਵਾਬ ਤਸੱਲੀ ਬਖ਼ਸ਼ ਨਹੀਂ।"

"ਚੰਗਾ ਤਾਂ ਆਓ।"

ਪਾਦਰੀ ਫਰਲੋ ਦੇ ਏਨਾ ਕਹਿਣ ਨਾਲ ਫੀਬਸ ਦਾ ਚਿਹਰਾ ਖ਼ੁਸ਼ੀ ਨਾਲ ਚਮਕ ਉਠਿਆ ਅਤੇ ਉਹ ਸੀਟੀ ਵਜਾਉਂਦਾ ਹੋਇਆ ਉਸਦੇ ਨਾਲ ਬਾਹਰ ਆਇਆ। ਫਰਲੋ ਨੇ ਕਮਰੇ ਨੂੰ ਜਿੰਦਰਾ ਲਾਇਆ ਅਤੇ ਪੌੜੀਆਂ ਵਲ ਨੂੰ ਵਧਿਆ। ਪੌੜੀਆਂ ਵਿਚ ਹਨੇਰਾ ਸੀ। ਇਸ ਲਈ ਦੋਵੇਂ ਮਿਤ੍ਰ ਬੜੀ ਮੁਸ਼ਕਲ ਨਾਲ ਡਿਗਦੇ ਢਹਿੰਦੇ ਹੇਠਾਂ ਪੁਜੇ।

ਇਹ ਦੋਵੇਂ ਮਿਤਰ ਗਲਾਂ ਕਰਦੇ ਹੋਏ ਸੜਕ ਤੇ ਤੁਰੇ ਜਾ ਰਹੇ ਸਨ ਕਿ ਨੋਟਰਡੈਮ ਦੀ ਇਕ ਨੁਕਰੇ ਬੈਠੀ ਅਸਮਰ ਦੀ ਨਜ਼ਰ ਉਨ੍ਹਾਂ ਤੇ ਪਈ। ਉਹ ਉਤਾਵਲੀ ਹੋ ਗਈ। ਉਸਨੇ ਫੀਬਸ ਨੂੰ ਆਵਾਜ਼ ਮਾਰਨੀ ਚਾਹੀ ਪਰ ਫੇਰ ਉਸ ਨੂੰ ਪਾਦਰੀ ਦਾ ਖ਼ਿਆਲ ਆ ਗਿਆ। ਉਹ ਚੁਪ ਰਹੀ ਪਰ ਉਸਦੀਆਂ ਅੱਖਾਂ ਵਿਚ ਹੰਝੂ ਛਮ ਛਮ ਕਰਨ ਲਗ ਪਏ। ਉਸ ਦਾ ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ। ਉਸ ਦੇ ਮਥੇ ਤੇ ਤਰੇਲੀ ਆ ਗਈ। ਉਹ ਪਹਿਲੇ ਨਾਲੋਂ ਵੀ ਵਧੇਰੇ ਬੇ-ਚੈਨ ਹੋ ਗਈ। ਉਹ ਚਾਹੁੰਦੀ ਸੀ ਕਿ ਭੱਜ ਕੇ ਜਾ ਕੇ ਫ਼ੀਬਸ



Digitized by Panjab Digital Library | www.panjabdigilib.org

ਦੇ ਪੈਰਾਂ ਨੂੰ ਚੰਬੜ ਜਾਏ, ਪਰ ਜਾ ਕਿਵੇਂ ਸਕਦੀ ਸੀ। ਨੋਟਰਡੈਮ ਦੇ ਬੂਹੇ ਚੋਂ ਬਾਹਰ ਪੈਰ ਕਢਣਾ ਉਸ ਲਈ ਬਹੁਤ ਖ਼ਤਰਨਾਕ ਸੀ। ਉਸ ਨੂੰ ਇਹ ਪਤਾ ਸੀ ਕਿ ਉਹ ਜੀਉਂਦੀ ਹੈ ਤਾਂ ਕੇਵਲ ਨੋਟਰਡੈਮ ਦੀ ਚਾਰ-ਦੀਵਾਰੀ ਦੇ ਅੰਦਰ ਹੋਣ ਕਰਕੇ। ਉਸ ਨੇ ਕੰਵਾਰੀ ਮਰੀਅਮ ਦੀ ਸ਼ਟਨ ਲਈ ਹੋਈ ਸੀ ਨਹੀਂ ਤਾਂ ਖ਼ੂਨੀ ਹੋਵੇ ਅਤੇ ਫੇਰ ਜੀਉਂਦੀ ਰਹੇ। ਉਸ ਨੇ ਇਕ ਕਪਤਾਨ ਤੇ ਖ਼ੂਨੀ ਵਾਰ ਕੀਤਾ ਸੀ। ਆਹ – ਪਰ ਕਿਸਨੂੰ ਪਤਾ ਸੀ ਕਿ ਉਹ ਫੀਬਸ ਉਤੋਂ ਜਾਨ ਦਿੰਦੀ ਹੈ। ਉਹ ਫੀਬਸ ਦੀਆਂ ਨਜ਼ਰਾਂ ਦਾ ਸ਼ਿਕਾਰ ਹੋ ਚੁਕੀ ਸੀ। ਲੋਕਾਂ ਨੂੰ ਏਨਾਂ ਹੀ ਪਤਾ ਸੀ ਕਿ ਉਸ ਨੇ ਫੀਬਸ ਉਤੇ ਛੁਰੇ ਨਾਲ ਵਾਰ ਕੀਤਾ ਸੀ ਪਰ ਕੌਣ ਜਾਣਦਾ ਸੀ ਕਿ ਉਸ ਵੇਲੇ ਜਿਸ ਆਦਮੀ ਨੂੰ ਉਹ ਆਪਣਾ ਮਿਤਰ ਸਮਝੀ ਉਸ ਦੇ ਨਾਲ ਜਾ ਰਿਹਾ ਸੀ, ਅਸਲ ਦੋਸ਼ੀ ਉਹੀ ਸੀ। ਉਸੇ ਨੇ ਹੀ ਉਸ ਤੇ ਵਾਰ ਕੀਤਾ ਸੀ। ਇਹ ਉਹੀ ਸਿਆਹ ਪੋਸ਼ ਸੀ ਜਿਹੜਾ ਉਸ ਦਿਨ ਛੁਰਾ ਲਈ ਫੀਬਸ ਦੇ ਸਿਰ ਤੇ ਨਜ਼ਰੀਂ ਪਿਆ ਸੀ। "ਆਹ ! ਮੇਰੀ ਬਦ-ਕਿਸਮਤੀ, ਇਹ ਆਦਮੀ ਵੀ ਮੇਰੇ ਪਿਛੇ ਫਿਰਦਾ ਹੈ ਅਤੇ ਇਹ ਸਭ ਕੁਝ ਮੈਨੂੰ ਆਪਣਾ ਬਨਾਉਣ ਲਈ ਕੀਤਾ ਗਿਆ ਸੀ। ਹਾਏ, ਕੌਣ ਹੈ ਜਿਹੜਾ ਫੀਬਸ ਨੂੰ ਅਸਲੀਅਤ ਤੋਂ ਜਾਣੂ ਕਰੇ। ਉਸ ਨੂੰ ਮੇਰੀ ਬੇ-ਸਬਰੀ ਦੀ ਵਿਥਿਆ ਸੁਣਾਏ। ਮੈਂ ਉਸ ਨੂੰ ਤਨੋ ਮਨੋ ਹੋ ਕੇ ਪਿਆਰ ਕਰਦੀ ਹਾਂ ਪਰ ਉਹ ਮੇਰੀ ਕੋਈ ਪਰਵਾਹ ਨਹੀਂ ਕਰਦਾ। ਅਛਾ ਫੀਬਸ, ਅੱਜ ਮੈਂ ਫੇਰ ਪ੍ਰਣ ਕਰਦੀ ਹਾਂ – ਅਸਮਰ ਤੇਰੀ ਹੈ ਅਤੇ ਸਦਾ ਤੇਰੀ ਹੀ ਰਹੇਗੀ। ਤੂੰ ਜਾਣ ਭਾਵੇਂ ਨਾ ਜਾਣ ਪਰ ਉਹ ਤੇਰੇ ਉਤੋਂ ਜਾਨ ਦੇਂਦੀ ਹੈ।"

ਅਸਮਰ ਇਨ੍ਹਾਂ ਹੀ ਖ਼ਿਆਲਾਂ ਵਿਚ ਗੁਆਚੀ ਹਨੇਰੇ ਵਿਚ ਉਠ ਰਹੇ ਫੀਬਸ ਦੇ ਕਦਮਾ ਨੂੰ ਵੇਖ ਰਹੀ ਸੀ ਅਤੇ ਉਦੋਂ ਤਕ ਵੇਖਦੀ ਰਹੀ ਜਦ ਤਕ ਕਿ ਉਹ ਉਸਦੀਆਂ ਅੱਖਾਂ ਤੋਂ ਉਹਲੇ ਨਾ ਹੋ ਗਏ।



Digitized by Panjab Digital Library | www.panjabdigilib.org

## ੨੪

ਉਸ ਰਾਤ ਕੈਦੋ ਬਿਲਕੁਲ ਨਹੀਂ ਸੁਤਾ ਗਿਰਜੇ ਦਾ ਅਖ਼ੀਰੀ ਗੇੜਾ ਲਾਉਣ ਪਿਛੋਂ ਜਦ ਉਹ ਵਡਾ ਦਰਵਾਜ਼ਾ ਬੰਦ ਕਰ ਰਿਹਾ ਸੀ ਤਾਂ ਫਰਲੋ ਉਸਦੇ ਕੋਲੋਂ ਲੰਘਿਆ। ਉਹ ਹੁਣ ਕੈਦੋ ਨੂੰ ਨਫ਼ਰਤ ਦੀ ਨਜ਼ਰ ਨਾਲ ਤਕਦਾ ਸੀ। ਉਜਨੂੰ ਮਾਰਦਾਵੀ ਸੀ। ਗੰਦੀਆਂ ਗਾਲ੍ਹਾਂ ਵੀ ਕਢਦਾ ਸੀ ਪਰ ਕੈਦੋ ਅਜੇ ਵੀ ਉਸਦੀ ਇਜ਼ਤ ਕਰਦਾ ਸੀ ਅਤੇ ਉਸਨੂੰ ਵੇਖਦਿਆਂ ਹੀ ਧੌਣ ਨੀਵੀਂ ਪਾ ਲੈਂਦਾ ਸੀ।

ਰਾਤ ਬਹੁਤ ਹੀ ਹਨੇਰੀ ਸੀ। ਪੈਰਿਸ ਵਿਚ ਕਿਧਰੇ ਵੀ ਲੋ ਨਜ਼ਰੀਂ ਨਹੀਂ ਸੀ ਪੈਂਦੀ। ਕੈਦੋ, ਜਿਹੜਾ ਰਾਤ ਨੂੰ ਅਸਮਰ ਦੀ ਰਾਖੀ ਕਰਦਾ ਹੁੰਦਾ ਸੀ ਤਾਂ ਜੋ ਉਸ ਨੂੰ ਕੋਈ ਚੁਕ ਕੇ ਨਾ ਲੈ ਜਾਏ, ਚੌਕਨਾ ਹੋ ਕੇ ਗਿਰਜੇ ਦੇ ਉਪਰਲੇ ਹਿਸੇ ਵਿਚ ਬੈਠਾ ਪਹਿਰਾ ਦੇ ਰਿਹਾ ਸੀ ਤਾਂ ਜੋ ਕੋਈ ਆਦਮੀ ਅਸਮਰ ਨੂੰ ਚੁਕ ਲਿਜਾਣ ਦੇ ਖ਼ਿਆਲ ਨਾਲ ਨਾ ਆਏ ਅਤੇ ਜੇ ਆਏ ਵੀ ਤਾਂ ਜੀਉਂਦਾ ਬਚ ਕੇ ਨਾ ਜਾਏ। ਕੈਦੋ ਹਨੇਰੇ ਵਿਚ. ਲੁਕੇ ਹੋਏ ਪੈਰਿਸ ਦੀਆਂ ਗਲੀਆਂ ਵਿਚ ਨਜ਼ਰ ਦੁੜਾਨ ਦਾ ਯਤਨ ਕਰ ਰਿਹਾ ਸੀ ਤਾਂ ਜੋ ਹਰੇਕ ਚੀਜ਼ ਨੂੰ ਚੰਗੀ ਤਰ੍ਹਾਂ ਵੇਖ ਸਕੇ।

ਉਸ ਨੇ ਅਨ-ਗਿਣਤ ਪਰਛਾਵਿਆਂ ਨੂੰ ਦੂਰ ਇਕ ਗਲੀ ਵਿਚ ਵੇਖਿਆ ਜਿਹੜੇ ਗਲੀ ਵਿਚੋਂ ਨਿਕਲ ਕੇ ਏਧਰ ਓਧਰ ਖਿੰਡਰਦੇ ਜਾ ਰਹੇ ਸਨ। ਕੈਦੋ ਇਹ ਝਾਕੀ ਵੇਖ ਕੇ ਘਬਰਾ ਜਿਹਾ ਗਿਆ ਅਤੇ ਡੂੰਘੇ ਵਹਿਣਾਂ ਵਿਚ ਡੁਬ ਗਿਆ। ਭੀੜ ਪਲੋ ਪਲੀ ਵਧਦੀ ਜਾ ਰਹੀ ਸੀ। ਅਚਾਨਕ ਹਨੇਰੇ ਵਿਚ ਇਕ ਲੋ ਵਿਚੋਂ ਦੀ ਕੈਦੋ ਨੇ ਅਨ-ਗਿਣਤ ਆਦਮੀਆਂ ਤੇ ਤੀਵੀਆਂ ਨੂੰ ਪਾਟੇ ਪੁਰਾਣੇ ਕਪੜੇ ਪਾਈ ਵੇਖਿਆ ਜਿਨ੍ਹਾਂ ਦੇ ਹਥਾਂ ਵਿਚ, 'ਦਾਤਰੀਆਂ, ਗੁਦਾਲ, ਬੇਲਚੇ ਤੇ ਬੜੇ ਬੜੇ ਸੂਏ ਫੜੇ ਹੋਏ ਸਨ। ਇਹ ਇਕਠ ਨੋਟਰਡੈਮ ਦੇ



Digitized by Panjab Digital Library | www.panjabdigilib.org

ਦਰਵਾਜ਼ੇ ਵਲ ਨੂੰ ਵਧਦਾ ਆ ਰਿਹਾ ਸੀ। ਕੈਦੋ ਨੇ ਆਪਣੀ ਲਾਲਟੈਨ ਚੁਕੀ ਤੇ ਹੇਠਲੀ ਛਤ ਤੇ ਆ ਗਿਆ ਤਾਂ ਜੋ ਉਨ੍ਹਾਂ ਦੇ ਚਿਹਰਿਆਂ ਨੂੰ ਚੰਗੀ ਤਰ੍ਹਾਂ ਵੇਖ ਸਕੇ।

ਇਹ ਭੀੜ ਕੁਝ ਚਿਰ ਪਿਛੋਂ ਨੋਟਰਡੈਮ ਦੇ ਵਡੇ ਦਰਵਾਜ਼ੇ ਕੋਲ ਪੁਜੀ ਅਤੇ ਤੁਰਾਨੀਆਂ ਦੀ ਇਕ ਵਡੀ ਟੋਲੀ ਚਕੋਰ ਘੇਰਾ ਬਣਾ ਕੇ ਕੰਧਾਂ ਦੇ ਨਾਲ ਖੜੋ ਗਈ। ਕੁਝ ਚਿਰ ਪਿਛੋਂ ਇਕ ਆਦਮੀ ਹੱਥ ਵਿਚ ਮਸਾਲ ਫੜੀ ਭੀੜ ਵਿਚੋਂ ਬਾਹਰ ਆਇਆ ਅਤੇ ਉਚੀ ਥਾਂ ਖੜੋ ਕੇ ਕਹਿਣ ਲਗਾ :

"ਅਣਖੀਲੇ ਤੁਰਾਨੀਓਂ, ਸਾਡੀ ਭੈਣ ਨੂੰ ਇਸ ਗਿਰਜੇ ਵਿਚ ਕੈਦ ਕਰ ਦਿਤਾ ਗਿਆ ਹੈ ਅਤੇ ਕਲ ਪਾਰਲੀਮੈਂਟ ਦੇ ਹੁਕਮ ਨਾਲ ਉਸ ਨੂੰ ਫਾਂਸੀ ਤੇ ਲਟਕਾ ਦਿਤਾ ਜਾਣਾ ਹੈ। ਜੇ ਹੁਣ ਉਹ ਫਾਂਸੀ ਲਗ ਜਾਏ ਤਾਂ ਧ੍ਰਿਗ ਹੈ ਸਾਡੇ ਜੀਵਨ ਅਤੇ ਸਾਡੀ ਹਿੰਮਤ ਤੇ। ਅੱਜ ਏਥੇ ਕੱਟ ਮਰੋ ਜਾਂ ਨੋਟਰਡੈਮ ਦੀ ਇਟ ਨਾਲ ਇਟ ਖੜਕਾ ਦਿਓ।"

ਬਦ-ਕਿਸਮਤੀ ਨਾਲ ਕੈਦੋ ਵਿਚਾਰਾ ਬੋਲਾ ਸੀ ਏਸ ਲਈ ਇਹ ਲੈਕਚਰ ਨਾ ਸੁਣ ਸਕਿਆ। ਤੁਰਾਨੀਆਂ ਦੇ ਬਾਦਸ਼ਾਹ ਨੇ ਭੀੜ ਤੇ ਨਜ਼ਰ ਮਾਰੀ। ਉਸ ਦੀਆਂ ਅੱਖਾਂ ਉਨ੍ਹਾਂ ਦੇ ਦੰਦਾਂ ਵਾਂਗ ਚਮਕ ਰਹੀਆਂ ਸਨ।

"ਅਗੇ ਵਧੋ ਜੁਆਨੋ" ਉਸਨੇ ਕਿਹਾ, "ਆਪਣਾ ਕੰਮ ਸ਼ੁਰੂ ਕਰ ਦਿਓ"

ਗਿਆਰਾਂ ਜਵਾਨ ਥੋੜੇ ਚੁਕੀ ਨੋਟਰਡੈਮ ਦੇ ਦਰਵਾਜ਼ੇ ਵਲ ਵਧੇ।

"ਪਕਾ ਦਰਵਾਜ਼ਾ ਹੈ" ਇਕ ਨੇ ਕਿਹਾ।

"ਪਰ ਹੈ ਪੁਰਾਣਾ" ਦੂਜਾ ਬੋਲਿਆ।

"ਹੌਸਲੇ ਤੇ ਦਲੇਰੀ ਤੋਂ ਕੰਮ ਲਓ, ਮੇਰੇ ਬਹਾਦਰ ਸਾਥੀਓ" ਤੀਜੇ ਨੇ ਲਾਗਿਓਂ ਹੀ ਕਿਹਾ।

ਸਾਰਾ ਵਾਯੂ ਮੰਡਲ ਨਾਹਰਿਆਂ ਨਾਲ ਗੂੰਜ ਰਿਹਾ ਸੀ। ਤੁਰਾਨੀਆਂ ਦੇ ਸਰਦਾਰ ਨੇ ਪਿਛੇ ਨਜ਼ਰ ਮਾਰੀ। ਚਾਰ ਚੁਫੇਰੇ ਅਨ-ਗਿਣਤ ਮਿਸਾਲਾਂ ਬਲ ਰਹੀਆਂ ਸਨ।

ਇਨ੍ਹਾਂ ਹਥਿਆਰਾਂ ਦੇ ਖੜਾਕ ਨਾਲ ਨੋਟਰਡੈਮ ਦੇ ਲਾਗਲੇ ਵਸਨੀਕ



Digitized by Panjab Digital Library | www.panjabdigilib.org

ਜਾਗ ਪਏ। ਕਈ ਬਾਰੀਆਂ ਖੁਲ੍ਹੀਆਂ ਅਤੇ ਕਈ ਚਿਹਰੇ ਹਥਾਂ ਵਿਚ ਮਿਸਾਲਾਂ ਫੜੀ ਨਜ਼ਰੀਂ ਪਏ। ਝੱਟ ਪਟ ਹੀ ਉਹ ਸਭ ਬਾਰੀਆਂ ਬੰਦ ਹੋ ਗਈਆਂ ਅਤੇ ਲੋਕੀਂ ਘਰਾਂ ਵਿਚ ਲੁਕ ਗਏ ਕਿਉਂਕਿ ਉਹ ਸਮਝਦੇ ਸਨ ਕਿ ਬਰਗੇਡੀਅਨ ਨੇ ਧਾਵਾ ਬੋਲ ਦਿਤਾ ਹੈ।

ਤੂਰਾਨੀਆਂ ਦੇ ਇਸ ਇਕਠ ਨੇ ਦਰਵਾਜ਼ੇ ਅਗੇ ਪਈ ਹੋਈ ਇਕ ਬਹੁਤ ਲੰਮੀ ਬੋਝਲ ਲਕੜੀ ਨੂੰ ਚੁਕ ਕੇ ਇਕ ਪਾਸੇ ਰੱਖ ਦਿਤਾ। ਸਾਰਿਆਂ ਦੇ ਹੋਸਲੇ ਵੱਧ ਗਏ ਅਤੇ ਬੇਸ਼ੁਮਾਰ ਆਦਮੀ ਭਜਦੇ ਹੋਏ ਦਰਵਾਜ਼ੇ ਵਲ ਨੂੰ ਵਧੇ। ਐਨ ਉਸ ਵੇਲੇ ਉਨ੍ਹਾਂ ਤੇ ਉਪਰੋਂ ਪਥਰ ਵਰ੍ਹਨੇ ਸ਼ੁਰੂ ਹੋਏ। ਕੈਦੋ ਕੋਠੇ ਤੋਂ ਵਡੇ ਵਡੇ ਪਥਰ ਚੁਕ ਕੇ ਹੇਠਾਂ ਸੁਟ ਰਿਹਾ ਸੀ। ਕਈ ਤੂਰਾਨੀ ਫਟੜ ਹੋ ਗਏ, ਕਈ ਮੌਤ ਦੇ ਮੂੰਹ ਵਿਚ ਚਲੇ ਗਏ ਪਰ ਫੇਰ ਵੀ ਉਹ ਬੂਹੇ ਨਾਲ ਜੁਟੇ ਹੀ ਰਹੇ। ਬੜੀ ਮੁਸ਼ਕਲ ਦਾ ਸਾਹਮਣਾ ਸੀ। ਤੂਰਾਨੀ ਬੂਹੇ ਅਗਲੀ ਲਕੜੀ ਚੁਕਣ ਵਿਚ ਕਾਮਯਾਬ ਹੋ ਗਏ ਸਨ ਪਰ ਦਰਵਾਜ਼ਾ ਨਹੀਂ ਸੀ ਖੁਲ੍ਹਦਾ।

ਕੁਝ ਕੁ ਬੰਦਿਆਂ ਨੇ ਨਾਲੀ ਰਾਹੀਂ ਉਪਰ ਚੜ੍ਹਨ ਦਾ ਯਤਨ ਕੀਤਾ। ਕੈਦੋ ਭਜ ਕੇ ਇਕ ਜ਼ਹਿਰੀਲੇ ਤੇਜ਼ਾਬ ਦੇ ਦੋ ਮਟਕੇ ਚੁਕ ਲਿਆਇਆ ਅਤੇ ਉਨ੍ਹਾਂ ਨੂੰ ਖੋਲ ਕੇ ਆਪਣੀ ਲਾਲਟੈਨ ਨਾਲੋਂ ਅੱਗ ਲਾ ਦਿਤੀ ਅਤੇ ਮਟਕੇ ਤੂਰਾਨੀਆਂ ਤੇ ਉਲਟਾ ਦਿਤੇ। ਉਹ ਏਥੇ ਵੀ ਕਾਮਯਾਬ ਨਾ ਹੋ ਸਕੇ। ਇਸਦੇ ਪਿਛੋਂ ਇਕ ਪੌੜੀ ਲਿਆਂਦੀ ਗਈ ਅਤੇ ਉਸ ਨੂੰ ਨੋਟਰਡੈਮ ਦੀ ਕੰਧ ਦੇ ਨਾਲ ਖੜਾ ਕਰ ਦਿਤਾ। ਤੂਰਾਨੀ ਉਸ ਵਲ ਵਧੇ ਅਤੇ ਉਪਰ ਚੜ੍ਹਨ ਲਗੇ। ਅਚਾਨਕ ਕੈਦੋ ਦੀ ਨਜ਼ਰ ਉਨ੍ਹਾਂ ਤੇ ਪਈ। ਉਹ ਹੁਸ਼ਿਆਰੀ ਨਾਲ ਅਗੇ ਵਧਿਆ ਅਤੇ ਪੌੜੀ ਦੇ ਉਪਰਲੇ ਸਿਰੇ ਨੂੰ ਫੜ ਕੇ ਹੇਠਾਂ ਉਲਟਾ ਮਾਰਿਆ। ਤੂਰਾਨੀਆਂ ਨਾਲ ਭਰੀ ਹੋਈ ਪੌੜੀ ਧਰਤੀ ਤੇ ਆ ਪਈ। ਇਕ ਦੋ ਹੇਠਾਂ ਹੀ ਦੱਬੇ ਗਏ। ਗੁਸੇ ਵਿਚ ਕਈ ਜੋਸ਼ ਦੇ ਨਾਹਰੇ ਉਠੇ। ਪੌੜੀ ਨੂੰ ਚੁਕ ਕੇ ਫੇਰ ਕੰਧ ਨਾਲ ਲਾ ਦਿਤਾ ਗਿਆ ਅਤੇ ਕਈਆਂ ਨੇ ਅਗੇ ਵਧ ਕੇ ਪੌੜੀ ਨੂੰ ਜ਼ੋਰ ਨਾਲ ਫੜ ਲਿਆ।



Digitized by Panjab Digital Library | www.panjabdigilib.org

ਕੁਝ ਚਿਰ ਪਿਛੋਂ ਇਕ ਆਦਮੀ ਕੰਧ ਤੇ ਚੜ੍ਹਨ ਵਿਚ ਕਾਮਯਾਬ ਹੋ ਗਿਆ। ਕੈਦੋ ਨੇ ਉਸ ਨੂੰ ਇਸ ਤਰ੍ਹਾਂ ਹੱਥ ਵਿਚ ਫੜ ਲਿਆ ਜਿਸ ਤਰ੍ਹਾਂ ਬੱਚਾ ਗੁਡੀ ਨੂੰ ਫੜ ਲੈਂਦਾ ਹੈ, ਅਤੇ ਉਸ ਨੂੰ ਹੇਠਾਂ ਸੁਟ ਦਿਤਾ। ਤੂਰਾਨੀਆਂ ਦੀ ਇਹ ਟੋਲੀ ਉਹ ਜੋਸ਼ ਨਾਲ ਪੌੜੀ ਵਲ ਨੂੰ ਵਧ ਰਹੀ ਸੀ। ਏਨੇ ਚਿਰ ਨੂੰ ਘੋੜ-ਸਵਾਰ ਸਿਪਾਹੀਆਂ ਦੀ ਇਕ ਤਕੜੀ ਟੋਲੀ ਆ ਪੁਜੀ। ਕਪਤਾਨ ਫ਼ੀਬਸ ਉਨ੍ਹਾਂ ਦਾ ਜਥੇਦਾਰ ਸੀ। ਸਿਪਾਹੀਆਂ ਦੇ ਆਉਂਦਿਆਂ ਹੀ ਤੂਰਾਨੀਆਂ ਨੇ ਜ਼ੋਰ ਜ਼ੋਰ ਦੇ ਨਾਹਰੇ ਮਾਰੇ। ਦੋਹਾਂ ਪਾਸਿਆਂ ਤੋਂ ਖ਼ੂਬ ਤਲਵਾਰਾਂ ਖੜਕੀਆਂ। ਤੂਰਾਨੀ ਪੂਰੇ ਜ਼ੋਰ ਨਾਲ ਇਕ ਪਾਸੇ ਤਾਂ ਨੋਟਰਡੈਮ ਦੇ ਅੰਦਰ ਜਾਣ ਲਈ ਕੈਦੋ ਦਾ ਮੁਕਾਬਲਾ ਕਰ ਰਹੇ ਸਨ, ਜਿਸਨੇ ਅਗੇ ਹੀ ਉਨ੍ਹਾਂ ਦੀਆ ਗੁਡੀਆਂ ਭੁਆਈਆਂ ਹੋਈਆਂ ਸਨ। ਦੂਜੇ ਪਾਸੇ ਉਹ ਸਰਕਾਰੀ ਘੋੜ-ਸਵਾਰ ਸਿਪਾ-ਹੀਆਂ ਦਾ ਮੁਕਾਬਲਾ ਕਰ ਰਹੇ ਸਨ ਜਿਹੜੇ ਆਪਣੇ ਘੋੜਿਆਂ ਦੇ ਸੁੰਮਾਂ ਹੇਠ ਉਨਾਂ ਨੂੰ ਲਤਾੜਦੇ ਜਾ ਰਹੇ ਸਨ। ਅਖ਼ੀਰ ਤੂਰਾਨੀਆਂ ਨੇ ਹੌਸਲੇ ਛਡ ਦਿਤੇ ਅਤੇ ਜਿਧਰ ਨੂੰ ਮੂੰਹ ਆਇਆ ਭੱਜ ਨੱਠੇ। ਸਿਪਾਹੀਆਂ ਨੇ ਕਾਫ਼ੀ ਦੂਰ ਤਕ ਉਨ੍ਹਾਂ ਦਾ ਪਿਛਾ ਕੀਤਾ।

ਕੈਦੋ ਆਕਾਸ਼ ਵਲ ਨੂੰ ਹੱਥ ਚੁਕੀ ਰਖਿਆ ਲਈ ਪ੍ਰਾਰਥਨਾ ਕਰ ਰਿਹਾ ਸੀ ਕਿਉਂਕਿ ਇਸ ਵੇਲੇ ਉਸਦੇ ਦਿਮਾਗ਼ ਵਿਚ ਅਸਮਰ ਦੀ ਮੌਤ ਦਾ ਖ਼ਿਆਲ ਘੁੰਮ ਰਿਹਾ ਸੀ। ਤੁਰਾਨੀਆਂ ਦੇ ਚਲੇ ਜਾਣ ਪਿਛੋਂ ਉਹ ਭਜਾ ਭਜਾ ਸਿਧਾ ਅਸਮਰ ਦੇ ਕਮਰੇ ਨੂੰ ਗਿਆ ਪਰ ਕਮਰਾ ਖ਼ਾਲੀ ਸੀ। ਉਹ ਬਥੇਰਾ ਹੇਠਾਂ ਉਤਾਂਹ ਭਜਾ ਪਰ ਅਸਮਰ ਦਾ ਕੋਈ ਪਤਾ ਨਾ ਲਗਾ।



Digitized by Panjab Digital Library | www.panjabdigilib.org

# ੨੫

ਜਿਸ ਵੇਲੇ ਉਸ ਟੋਲੇ ਨੇ ਨੋਟਰਡੈਮ ਤੇ ਧਾਵਾ ਬੋਲਿਆ ਅਸਮਰ ਉਸ ਵੇਲੇ ਸੁਤੀ ਪਈ ਸੀ ਪਰ ਰੌਲੇ ਨਾਲ ਉਹ ਜਾਗ ਪਈ। ਉਸ ਨੇ ਬਤੀ ਜਗਾਈ ਅਤੇ ਇਹ ਪਤਾ ਕਰਨ ਲਈ ਕਿ ਇਹ ਰੌਲਾ ਕਿਹਾ ਹੈ, ਉਹ ਕਮਰੇ ਵਿਚੋਂ ਬਾਹਰ ਨਿਕਲ ਗਈ।

ਜਿਉਂ ਹੀ ਉਹ ਕਮਰੇ ਵਿਚੋਂ ਬਾਹਰ ਨਿਕਲੀ ਉਸ ਨੂੰ ਨੋਟਰਡੈਮ ਦੇ ਆਲੇ ਦੁਆਲੇ ਅਨ-ਗਿਣਤ ਮਿਸਾਲਾਂ ਬਲਦੀਆਂ ਨਜ਼ਰੀ ਪਈਆਂ। ਉਸਦਾ ਦਿਲ ਧੜਕਣ ਲਗ ਪਿਆ ਅਤੇ ਘਬਰਾ ਕੇ ਛੇਤੀ ਨਾਲ ਆਪਣੇ ਕਮਰੇ ਵਲ ਨੂੰ ਭੱਜੀ। ਬੜੀ ਮੁਸ਼ਕਲ ਨਾਲ ਡਿਗਦੀ ਢਹਿੰਦੀ ਕਮਰੇ ਵਿਚ ਪੁਜੀ ਅਤੇ ਜਾਂਦਿਆਂ ਹੀ ਬਿਸਤਰੇ ਤੇ ਡਿਗ ਪਈ।

ਅਚਾਨਕ ਦੂਰੋਂ ਪੈਰਾਂ ਦਾ ਖੜਾਕ ਸੁਣਾਈ ਦਿਤਾ। ਅਸਮਰ ਦਾ ਦਿਲ ਠਕ ਠਕ ਵਜਣ ਲਗ ਪਿਆ। ਪੈਰਾਂ ਦਾ ਖੜਾਕ ਹੋਰ ਨੇੜੇ ਹੁੰਦਾ ਗਿਆ। ਦਰਵਾਜ਼ਾ ਖੁਲ੍ਹਿਆ ਅਤੇ ਇਕ ਸਿਆਹ-ਪੋਸ਼ ਕਮਰੇ ਵਿਚ ਦਾਖ਼ਲ ਹੋਇਆ। ਅਸਮਰ ਨੇ ਡਰ ਨਾਲ ਸਹਿਮ ਕੇ ਚੀਕ ਮਾਰੀ। ਸਾਰਾ ਵਾਯੂ-ਮੰਡਲ ਗੂੰਜ ਉਠਿਆ, ਸਿਆਹ-ਪੋਸ਼ ਉਸ ਦੇ ਕੋਲ ਜਾ ਕੇ ਕਹਿਣ ਲਗਾ: "ਡਰ ਨਾ ਮੈਂ ਤੇਰੀ ਸਹਾਇਤਾ ਲਈ ਆਇਆ ਹਾਂ।"

"ਤੁਸੀਂ ਕੌਣ ਹੋ?" ਅਸਮਰ ਨੇ ਕੰਬਦੀ ਹੋਈ ਆਵਾਜ਼ ਵਿਚ ਪੁਛਿਆ।

"ਮੈਂ ਕਪਤਾਨ ਫੀਬਸ ਦਾ ਆਦਮੀ ਹਾਂ। ਉਹ ਇਕ ਗੁਪਤ ਥਾਂ ਤੇ ਤੁਹਾਡੀ ਉਡੀਕ ਕਰ ਰਿਹਾ ਹੈ।"

ਅਸਮਰ ਦਾ ਡਰ ਕੁਝ ਘੱਟ ਹੋਇਆ ਅਤੇ ਕਹਿਣ ਲਗੀ, "ਆਹ, ਫੀਬਸ। ਕਿਥੇ ਹੈ ਮੇਰਾ ਫੀਬਸ?"

ਕਾਫ਼ੀ ਚੀਕ ਚਿਹਾੜਾ, ਰੌਲਾ ਰਪਾ ਤੇ ਹੋਰ ਅਨੇਕਾਂ ਭਜਦੇ ਹੋਏ ਪੈਰਾਂ ਦਾ



Digitized by Panjab Digital Library | www.panjabdigilib.org

ਖੜਾਕ ਏਧਰ ਓਧਰ ਸੁਣਾਈ ਦਿਤਾ।

"ਛੇਤੀ ਕਰੋ। ਬਹੁਤ ਜਲਦੀ ਮੇਰੇ ਨਾਲ ਚਲੋ। ਐਵੇਂ ਗਲਾਂ ਵਿਚ ਸਮਾਂ ਖਰਾਬ ਨਾ ਕਰੋ।' ਸਿਆਹ-ਪੋਸ਼ ਨੇ ਕਿਹਾ।

ਇਸ ਦੇ ਪਿਛੋਂ ਅਸਮਰ ਤੇ ਸਿਆਹ-ਪੋਸ਼ ਦਰਵਾਜ਼ੇ ਤੋਂ ਬਾਹਰ ਨਿਕਲੇ। ਅਚਾਨਕ ਭਜਦੇ ਹੋਏ ਘੋੜਿਆਂ ਦੀਆਂ ਟਾਪਾਂ ਦੀ ਆਵਾਜ਼ ਸੁਣਾਈ ਦਿਤੀ। ਅਸਮਰ ਫੇਰ ਡਰ ਨਾਲ ਦਰਵਾਜ਼ੇ ਵਲ ਨੂੰ ਭੱਜੀ ਪਰ ਸਿਆਹ-ਪੋਸ਼ ਨੇ ਉਸ ਨੂੰ ਹੌਸਲਾ ਦਿਤਾ, "ਡਰ ਨਾਂ, ਮੈਂ ਤੇਰੇ ਨਾਲ ਹਾਂ।"

ਅਸਮਰ ਨੂੰ ਕੁਝ ਹੌਸਲਾ ਹੋਇਆ ਅਤੇ ਸਿਆਹਪੋਸ਼ ਦੇ ਨਾਲ ਹੌਲੇ ਹੌਲੇ ਨਾਲ ਕਮਰੇ ਦੀਆਂ ਪੌੜੀਆਂ ਉਤਰਨ ਲਗੀ। ਸਿਆਹਪੋਸ਼ ਬੜੀ ਹੁਸ਼ਿਆਰੀ ਚੌਹੀਂ ਪਾਸੀਂ ਤਕਦਾ ਜਾ ਰਿਹਾ ਸੀ। ਉਸ ਦੇ ਚਿਹਰੇ ਤੇ ਨਕਾਬ ਪਈ ਹੋਈ ਸੀ ਪਰ ਅੱਖਾਂ ਖੁਲ੍ਹੀਆਂ ਸਨ।

ਇਸ ਦੇ ਪਿਛੋਂ ਉਹ ਗਿਰਜੇ ਦੇ ਅੰਦਰਲੇ ਹਿਸੇ ਵਿਚੋਂ ਦੀ ਲੰਘਦੇ ਹੋਏ ਨੋਟਰਡੈਮ ਦੇ ਗੁਪਤ ਦਰਵਾਜ਼ੇ ਵਲ ਨੂੰ ਵਧੇ ਜਿਹੜਾ ਉਸ ਦਰਿਆ ਦੇ ਕੰਢੇ ਤੇ ਖੁਲ੍ਹਦਾ ਸੀ ਜਿਹੜਾ ਸ਼ਹਿਰ ਦੇ ਨਾਲ ਨਾਲ ਵਗਦਾ ਸੀ। ਸਿਆਹ-ਪੋਸ਼ ਨੇ ਦਰਵਾਜ਼ਾ ਖੋਹਲਿਆ ਅਤੇ ਦੋਵੇ ਉਸ ਦੇ ਅੰਦਰ ਲੰਘ ਗਏ। ਕੁਝ ਚਿਰ ਪਿਛੋਂ ਉਹ ਦਰਿਆ ਦੇ ਕੰਢੇ ਤੇ ਖੜੋਤੇ ਸਨ। ਅਸਮਰ ਨੇ ਪਿਛੇ ਮੁੜ ਕੇ ਵੇਖਿਆ। ਸਾਰਾ ਪੈਰਿਸ ਬਲਦੀਆਂ ਹੋਈਆਂ ਮਿਸਾਲਾਂ ਵਿਚ ਘਿਰਿਆ ਦਿਸਦਾ ਸੀ।

"ਹੁਣ ਤੁਸੀਂ ਬਿਲਕੁਲ ਮਹਿਫ਼ੂਜ਼ ਹੋ।" ਸਿਆਹ-ਪੋਸ਼ ਨੇ ਕਿਹਾ ਅਤੇ ਅਸਮਰ ਨੂੰ ਬੇੜੀ ਵਿਚ ਬਿਠਾ ਕੇ ਚਪੂ ਲਾਉਣ ਲਗਾ। ਬੇੜੀ ਪਹਿਲੋਂ ਹੀ ਕੰਢੇ ਤੇ ਖੜੋਤੀ ਸੀ। ਸਿਆਹ-ਪੋਸ਼ ਨੇ ਪੂਰੇ ਜ਼ੋਰ ਨਾਲ ਬੇੜੀ ਨੂੰ ਚਪੂ ਲਾਉਣਾ ਸ਼ੁਰੂ ਕੀਤਾ। ਬੇੜੀ ਬੜੀ ਤੇਜ਼ੀ ਨਾਲ ਜਾ ਰਹੀ ਸੀ। ਅਸਮਰ ਨੇ ਪਿਛੇ ਨਜ਼ਰ ਮਾਰੀ। ਨੋਟਰਡੈਮ ਦਾ ਵਾਯੂ-ਮੰਡਲ ਉਸੇ ਤਰ੍ਹਾਂ ਨਾਹਰਿਆਂ ਨਾਲ ਗੂੰਜ ਰਿਹਾ ਸੀ।

ਜਦ ਉਹ ਕੰਢੇ ਤੇ ਪੁਜੇ ਤਾਂ ਸਿਆਹ-ਪੋਸ਼ ਨੇ ਅਸਮਰ ਨੂੰ ਬੇੜੀ ਵਿਚੋਂ



Digitized by Panjab Digital Library | www.panjabdigilib.org

ਉਤਾਰਿਆ ਅਤੇ ਉਸਦੀ ਬਾਂਹ ਫੜ ਕੇ ਗਿਰਉ ਮਹਿਲ ਵਿਚ ਲੈ ਗਿਆ ਜਿਥੇ ਸੂਲੀ ਗੱਡੀ ਹੋਈ ਸੀ। ਸੂਲੀ ਨੂੰ ਵੇਖਦਿਆਂ ਸਾਰ ਅਸਮਰ ਦੇ ਪੈਰਾਂ ਥਲਿਓਂ ਧਰਤੀ ਨਿਕਲ ਗਈ। ਉਸ ਦਾ ਦਿਅ ਕੰਬਣ ਲਗਾ ਪਿਆ। ਉਸ ਦੇ ਮਥੇ ਤੇ ਤ੍ਰੇਲੀ ਆ ਗਈ। ਸਿਆਹਪੋਸ਼ ਨੇ ਸੂਲੀ ਦੇ ਲਾਗੇ ਜਾ ਕੇ ਆਪਣੇ ਚਿਹਰੇ ਤੋਂ ਨਕਾਬ ਲਾਹ ਦਿਤਾ ਅਤੇ ਅਸਮਰ ਵਲ ਘੂਰ ਘੂਰ ਕੇ ਵੇਖਣ ਲਗ ਪਿਆ।

"ਉਈ ਪਾਦਰੀ – ਆਹ ਫੀਬਸ" ਆਪਣੇ ਹਥਾਂ ਨਾਲ ਅੱਖਾਂ ਨੂੰ ਢਕਦੀ ਹੋਈ ਕਹਿਣ ਲਗੀ।

"ਜੇ ਹੁਣ ਤੂੰ ਫ਼ੀਬਸ ਦਾ ਨਾਂ ਮੇਰੇ ਸਾਹਮਣੇ ਲਿਆ ਤਾਂ ਤੇਰੇ ਲਈ ਚੰਗਾ ਨਹੀਂ ਹੋਵੇਗਾ।" ਪਾਦਰੀ ਨੇ ਉਸ ਨੂੰ ਜ਼ਰਾ ਝੰਜੋੜ ਕੇ ਕਿਹਾ।

"ਤੇਰਾ ਮਤਲਬ" ਅਸਮਰ ਨੇ ਹੌਸਲਾ ਕਰਕੇ ਪੁਛਿਆ।

"ਇਹੀ ਕਿ ਮੈਂ ਤੇਰੇ ਨਾਲ ਵਿਆਹ ਕਰਾਂਗਾ।"

ਅਸਮਰ ਤੇ ਮਾਨੋ ਬਿਜਲੀ ਆ ਡਿਗੀ। ਸ਼ਾਦੀ – ਕੀ ਉਹ ਫੀਬਸ ਦੇ ਜੀਉਂਦਿਆਂ ਜੀ, ਕਿਸੇ ਹੋਰ ਨਾਲ ਵਿਆਹ ਕਰਾਏ – ਉਹ ਚੁਪ ਰਹੀ।

"ਮੈਂ ਤੈਨੂੰ ਸਚੋ ਸੱਚ ਦਸ ਦਿਆਂ ਕਿ ਪਾਰਲੀਮੈਂਟ ਨੇ ਏਸ ਗਲ ਦੀ ਮਨਜ਼ੂਰੀ ਦੇ ਦਿਤੀ ਹੈ ਕਿ ਭਾਵੇਂ ਤੂੰ ਗਿਰਜੇ ਦੇ ਅੰਦਰ ਕਿਉਂ ਨਾ ਹੋਵੇ ਤੈਨੂੰ ਅਜ ਸ਼ਾਮ ਤੋਂ ਪਹਿਲੇ ਪਹਿਲੇ ਸੂਲੀ ਤੇ ਚੜ੍ਹਾ ਦਿਤਾ ਜਾਏ। ਔਹ ਸਾਹਮਣੇ ਵੇਖ ਲੈ, ਸਿਪਾਹੀ ਤੈਨੂੰ ਹੀ ਲਭਦੇ ਏਧਰ ਉਧਰ ਭਜੇ ਫਿਰਦੇ ਹਨ ਅਤੇ ਇਹ ਰੌਲਾ ਸਾਰਾ ਉਸੇ ਦਾ ਹੈ।" ਪਾਦਰੀ ਨੇ ਸਾਹਮਣੇ ਵਲ ਉਂਗਲ ਕਰ ਕੇ ਇਸ਼ਾਰਾ ਕੀਤਾ ਜਿਥੇ ਕੇ ਸੱਚ ਮੁਚ ਟੱਪਰੀ ਵਾਸ ਕੁੜੀ ਦੀ ਤਲਾਸ਼ ਹੋ ਰਹੀ ਸੀ। ਸਿਪਾਹੀਆਂ ਨੇ ਹਥਾਂ ਵਿਚ ਬੈਟਰੀਆਂ ਫੜੀਆਂ ਹੋਈਆਂ ਸਨ ਅਤੇ ਉੱਚੀ ਉੱਚੀ ਨਾਅਰੇ ਲਾ ਰਹੇ ਸਨ, "ਟੱਪਰੀਵਾਸ ਕੁੜੀ, ਫੜ ਲਓ ਟੱਪਰੀ ਵਾਸ ਕੁੜੀ ਨੂੰ ਮਾਰ ਦਿਓ।"

"ਤੂੰ ਸਾਫ਼, ਦੇਖ ਰਹੀ ਏਂ" ਪਾਦਰੀ ਨੇ ਫੇਰ ਕਹਿਣਾ ਸ਼ੁਰੂ ਕੀਤਾ, "ਉਹ ਤੈਨੂੰ ਸੂਲੀ ਤੇ ਚੜ੍ਹਾਉਣਾ ਚਾਹੁੰਦੇ ਹਨ ਅਤੇ ਮੈਂ ਤੈਨੂੰ ਪਿਆਰ ਕਰਦਾ



Digitized by Panjab Digital Library | www.panjabdigilib.org

ਹਾਂ। ਆਪਣੇ ਬੁਲ੍ਹ ਨਾ ਖੋਲ੍ਹੀਂ ਜੇ ਉਹਨਾਂ ਵਿਚੋਂ ਇਹ ਕਹਿਣਾ ਚਾਹੁੰਦੀ ਏ ਕਿ ਤੂੰ ਮੈਨੂੰ ਨਫ਼ਰਤ ਕਰਦੀ ਏਂ। ਮੈਂ ਇਹ ਪਕਾ ਫੈਸਲਾ ਕਰ ਲਿਆ ਹੈ ਕਿ ਮੁੜ ਇਹ ਕੁਝ ਤੇਰੇ ਮੂੰਹੋਂ ਨਹੀਂ ਸੁਣਾਂਗਾ। ਮੈਂ ਤੈਨੂੰ ਬਚਾ ਸਕਦਾ ਹਾਂ। ਮੈਂ ਏਸ ਬਾਰੇ ਸਾਰੇ ਪ੍ਰਬੰਧ ਕਰ ਲਏ ਹਨ। ਕੇਵਲ ਤੇਰੀ ਹਾਂ ਦੀ ਲੋੜ ਹੈ। ਜਿਵੇਂ ਤੂੰ ਕਹੇਂ ਮੈਂ ਕਰਨ ਨੂੰ ਤਿਆਰ ਹਾਂ।"

ਉਹ ਛੇਤੀ ਛੇਤੀ ਪੈਰ ਪੁਟਦਾ ਹੋਇਆ ਉਸਨੂੰ ਬਾਹੋਂ ਫੜ ਕੇ ਸੂਲੀ ਦੇ ਕੋਲ ਲੈ ਗਿਆ ਅਤੇ ਸੂਲੀ ਵਲ ਨੂੰ ਇਸ਼ਾਰਾ ਕਰਦਾ ਹੋਇਆ ਕਹਿਣ ਲਗਾ, "ਫੇਰ ਕੀ ਸਲਾਹ ਹੈ? ਕੀ ਚਾਹੁੰਦੀ ਏਂ? ਮੈਨੂੰ ਕਿ ਇਸ ਨੂੰ?"

ਟੱਪਰੀਵਾਸ ਕੁੜੀ ਨੇ ਆਪਣਾ ਆਪ ਪਾਦਰੀ ਪਾਸੋਂ ਛੁਡਾ ਲਿਆ ਅਤੇ ਟਿਕਟਿਕੀ ਦੇ ਮੁਢ ਜਾ ਡਿਗੀ ਅਤੇ ਆਪਣਾ ਮੂੰਹ ਉਤਾਂਹ ਚੁਕਦਿਆਂ ਹੋਇਆਂ ਪਾਦਰੀ ਵਲ ਤਕਿਆ। ਪਾਦਰੀ ਚੁਪ ਚਾਪ ਖੜੋਤਾ ਰਿਹਾ।

ਅਖੀਰ ਟੱਪਰੀਵਾਸ ਕੁੜੀ ਨੇ ਕਿਹਾ, "ਤੇਰੇ ਨਾਲੋਂ ਮੈਨੂੰ ਇਹ ਟਿਕ-ਟਿਕੀ ਘਟ ਦੁਖਦਾਇਕ ਜਾਪਦੀ ਹੈ।"

ਪਾਦਰੀ ਨੇ ਬੜੇ ਅਫਸੋਸ ਨਾਲ ਹੇਠਾਂ ਧਰਤੀ ਤੇ ਅੱਖਾਂ ਗਡ ਦਿਤੀਆਂ ਅਤੇ ਹੌਕਾ ਮਾਰਦਾ ਹੋਇਆ ਕਹਿਣ ਲਗਾ, "ਜੇ ਇਹ ਪੱਥਰ ਵੀ ਬੋਲ ਸਕਦੇ ਤਾਂ ਜ਼ਰੂਰ ਕਹਿੰਦੇ ਕਿ ਮੇਰੇ ਨਾਲੋਂ ਅਭਾਗਾ ਬੰਦਾ ਏਸ ਸੰਸਾਰ ਵਿਚ ਕੋਈ ਨਹੀਂ।"

ਅਸਮਰ ਟਿਕਟਿਕੀ ਅਗੇ ਝੁਕੀ ਪਈ ਰਹੀ ਅਤੇ ਪਾਦਰੀ ਬੋਲਦਾ ਗਿਆ ਪਰ ਉਸਨੇ ਕੋਈ ਉਤਰ ਨਾ ਦਿਤਾ।

"ਮੈਂ ਤੈਨੂੰ ਪਿਆਰ ਕਰਦਾ ਹਾਂ, ਅਤੇ ਜੇ ਕੋਈ ਆਦਮੀ ਕਿਸੇ ਇਸਤ੍ਰੀ ਨੂੰ ਪਿਆਰ ਕਰਦਾ ਹੈ ਤਾਂ ਇਹ ਉਸਦਾ ਕਸੂਰ ਨਹੀਂ। ਮੈਂ ਤੇਰੇ ਪੈਰਾਂ ਤੇ ਡਿਗਣ ਨੂੰ ਤਿਆਰ ਹਾਂ। ਮੈਂ ਤੇਰੇ ਪੈਰਾਂ ਨੂੰ ਚੁੰਮਣ ਲਈ ਤਿਆਰ ਹਾਂ



Digitized by Panjab Digital Library | www.panjabdigilib.org

ਪਰ ਤੇਰੇ ਵਿਚ ਰਤਾ ਵੀ ਦੈਆ ਨਹੀਂ।" ਇਹ ਕਹਿੰਦਾ ਹੋਇਆ ਪਾਦਰੀ ਆਪਣੇ ਦੋਹਾਂ ਹਥਾਂ ਨਾਲ ਮੂੰਹ ਨੂੰ ਢਕਦਾ ਹੋਇਆ ਬਚਿਆ ਵਾਂਗ ਉੱਚੀ ਉੱਚੀ ਰੋਣ ਲਗ ਪਿਆ।

ਪਾਦਰੀ ਫੇਰ ਕਹਿਣ ਲਗਾ, "ਮੈਂ ਤੇਰੇ ਵਾਸਤੇ ਸਭ ਕੁਝ ਕਰਨ ਨੂੰ ਤਿਆਰ ਹਾਂ ਕੇਵਲ ਤੇਰੀ ਹਾਂ ਦੀ ਲੋੜ ਹੈ। ਸੋਚ ਲੈ ਅਜੇ ਵੇਲਾ ਹੈ ਈ।"

ਟੱਪਰੀਵਾਸ ਕੁੜੀ ਨੇ ਦੰਦੀਆਂ ਪੀਂਹਦਿਆਂ ਹੋਇਆਂ ਕਿਹਾ, "ਦਫਾ ਹੋ ਜਾ ਏਥੋਂ ਬੁਢਿਆ ਸ਼ੈਤਾਨਾ, ਮੈਂ ਤੇਰਾ ਮੂੰਹ ਵੇਖਣਾ ਨਹੀਂ ਚਾਹੁੰਦੀ।"

ਪਾਦਰੀ ਇਹ ਸੁਣਦਿਆਂ ਸਾਰ ਲੋਹਾ ਲਾਖਾ ਹੋ ਗਿਆ। ਉਹ ਗੁਸੇ ਵਿਚ ਕਚੀਚੀ ਵਟਦਾ ਹੋਇਆ ਕਹਿਣ ਲਗਾ, "ਚੰਗਾ ਫਿਰ ਮਰਨ ਲਈ ਤਿਆਰ ਹੋ ਜਾ।" ਉਹ ਉਸ ਨੂੰ ਆਪਣੇ ਪਿਛੇ ਪਿਛੇ ਹਥ ਨਾਲ ਖਿਚਦਾ ਹੋਇਆ ਦੂਰ ਰੋਲੈਂਡ ਪਾਸ ਲੈ ਆਇਆ ਅਤੇ ਆਖਰੀ ਵੇਰ ਉਸ ਨੂੰ ਪੁਛਣ ਲਗਾ "ਕੀ ਤੂੰ ਮੇਰੀ ਬਨਣ ਲਈ ਤਿਆਰ ਹੈਂ ?

ਟੱਪਰੀਵਾਸ ਕੁੜੀ ਨੇ ਨਿਧੜਕ ਉਤਰ ਦਿਤਾ, "ਬਿਲਕੁਲ ਨਹੀਂ।"

ਇਹ ਸੁਣਦਿਆਂ ਹੀ ਪਾਦਰੀ ਨੇ ਉੱਚੀ ਆਵਾਜ਼ ਵਿਚ ਕਿਹਾ, "ਗੂਦਲ, ਗੂਦਲ, ਇਹ ਹੈ ਟੱਪਰੀਵਾਸ ਇਸਤਰੀ। ਇਸ ਪਾਸੋਂ ਆਪਣਾ ਬਦਲਾ ਲੈ ਲੈ।" ਇਹ ਕਹਿੰਦਿਆਂ ਹੋਇਆਂ ਉਸ ਨੇ ਅਸਮਰ ਦਾ ਹੱਥ ਇਕ ਕੰਧ ਵਿਚ ਲਗੀ ਹੋਈ ਤਾਕੀ ਵਿਚੋਂ ਦੀ ਇਕ ਬੁਢੀ ਇਸਤਰੀ ਨੂੰ ਫੜਾ ਦਿਤਾ।

"ਘੁਟ ਕੇ ਫੜ ਲੈ" ਪਾਦਰੀ ਨੇ ਕਿਹਾ, "ਇਸ ਨੂੰ ਜਾਣ ਨਾ ਦਈਂ, ਇਹ ਟੱਪਰੀਵਾਸ ਇਸਤਰੀ ਹੈ ਜਿਹੜੀ ਬੱਚ ਕੇ ਭਗੌੜੀ ਹੋਈ ਫਿਰਦੀ ਹੈ, ਇਸ ਨੂੰ ਜਾਣ ਨਾ ਦਈਂ। ਮੈਂ ਹੁਣੇ ਸਾਰਜੈਂਟ ਨੂੰ ਸਦ ਕੇ ਲਿਆਉਂਦਾ ਹਾਂ।" ਇਹ ਕਹਿੰਦਾ ਹੋਇਆ ਪਾਦਰੀ ਨੋਟਰਡੈਮ ਵਲ ਨੂੰ ਭੱਜਾ



Digitized by Panjab Digital Library | www.panjabdigilib.org

ਜਿਧਰੋਂ ਕਿ ਘੋੜਿਆਂ ਦੀਆਂ ਟਾਪਾਂ ਦੀ ਆਵਾਜ਼ ਆ ਰਹੀ ਸੀ।

ਟੱਪਰੀਵਾਸ ਕੁੜੀ ਜੀਵਣ ਦੀਆਂ ਸਭ ਆਸਾਂ ਛਡ ਕੇ ਬੇਦਿਲ ਜਹੀ ਹੋ ਕੇ ਕੰਧ ਨਾਲ ਢੋ ਲਾ ਕੇ ਖੜੋ ਗਈ। ਉਸ ਦੇ ਜੀਵਣ ਦੀਆਂ ਬੀਤ ਚੁਕੀਆਂ ਘਟਨਾਵਾਂ ਇਕ ਇਕ ਕਰ ਕੇ ਉਸ ਦੀਆਂ ਅੱਖਾਂ ਸਾਹਮਣੇ ਆਉਣ ਲਗ ਪਈਆਂ।

ਅਚਾਨਕ ਉਸ ਨੇ ਇਕ ਖੌਫਨਾਕ ਜਿਹਾ ਹਾਸਾ ਸੁਣਿਆ। ਬੁਢੀ ਉਸ ਨੂੰ ਕਹਿ ਰਹੀ ਸੀ, "ਤੂੰ ਫਾਂਸੀ ਤੇ ਚੜ੍ਹਾਈ ਜਾ ਰਹੀ ਏਂ। ਹਾ ਹਾ ਹਾ! "ਹੁਣ ਮੇਰਾ ਬਦਲਾ ਲਹਿ ਜਾਏਗਾ।"

"ਮੈਂ ਤੇਰਾ ਕੀ ਵਿਗਾੜਿਆ ਹੈ?" ਅਸਮਰ ਨੇ ਹੈਰਾਨ ਹੋ ਕੇ ਪੁਛਿਆ।

ਬੁਢੀ ਨੇ ਫੇਰ ਖੌਫਨਾਕ ਹਾਸਾ ਹਸਦਿਆਂ ਹੋਇਆਂ ਕਿਹਾ, "ਤੂੰ ਮੇਰਾ ਕੀ ਵਿਗਾੜਿਆ? ਲੈ ਸੁਣ! ਮੇਰੀ ਇਕ ਬਚੀ ਸੀ। ਛੋਟੀ ਹੁੰਦੀ ਜਦ ਉਹ ਇਕ ਦਿਨ ਸੁਤੀ ਪਈ ਸੀ ਤਾਂ ਟੱਪਰੀਵਾਸਾਂ ਦੀ ਇਕ ਟੋਲੀ ਉਸ ਨੂੰ ਸੁਤੀ ਪਈ ਨੂੰ ਚਕ ਲਿਆਈ। ਮੈਂ ਉਸ ਵੇਲੇ ਘਰ ਨਹੀਂ ਸੀ। ਉਹ ਟੱਪਰੀ-ਵਾਸ ਇਸਤਰੀਆਂ ਤੇਰੇ ਵਰਗੀਆਂ ਹੀ ਸਨ। ਤੁਸੀਂ ਮੇਰੀ ਬਚੀ ਮੈਥੋਂ ਖੋਹ ਲਈ। ਹੁਣ ਮੈਂ ਆਪਣਾ ਬਦਲਾ ਲਵਾਂਗੀ ਅਤੇ ਆਪਣੀਆਂ ਅਖਾਂ ਸਾਹਮਣੇ ਤੈਨੂੰ ਫਾਂਸੀ ਲਗਦਿਆਂ ਵੇਖਾਂਗੀ। ਤੁਸੀਂ ਮੇਰੀ ਬਚੀ ਨਾਲ ਖਬਰੇ ਕੀ ਵਰਤਾਓ ਕੀਤਾ। ਸੋਲਾਂ ਸਾਲ ਹੋ ਗਏ ਏਸ ਗਲ ਨੂੰ। ਮੈਂ ਉਦੋਂ ਦੀ ਉਸ ਦੀ ਭਾਲ ਵਿਚ ਥਾਂ ਥਾਂ ਦੀ ਖੇਹ ਛਾਣਦੀ ਫਿਰਦੀ ਹਾਂ। ਹਾ, ਹਾ ਹਾ, ਅੱਜ ਮੇਰਾ ਬਦਲਾ ਲਹਿ ਜਾਏਗਾ।"

ਟੱਪਰੀਵਾਸ ਕੁੜੀ ਹੈਰਾਨ ਹੋਈ ਖੜੋਤੀ ਰਹੀ। ਬੁਢੀ ਦੀ ਨਜ਼ਰ ਅਚਾਨਕ ਉਸ ਦੇ ਗਲ ਨਾਲ ਲਟਕ ਰਹੇ ਜ਼ਮੁਰਦ ਤੇ ਪਈ। ਬੁਢੀ ਇਕ ਵਾਰਗੀ ਕੰਬ ਉਠੀ। ਉਸ ਨੇ ਬਾਰੀ ਵਿਚੋਂ ਹਥ ਕਢ ਕੇ ਜ਼ਮੁਰਦ ਨੂੰ ਪਛਾਣਦਿਆਂ ਹੋਇਆਂ ਇਕ ਚੀਕ ਮਾਰੀ, "ਉਹ ਮੇਰੀ ਬੱਚੀ!"



Digitized by Panjab Digital Library | www.panjabdigilib.org

ਅਸਮਰ ਵੀ ਆਪਣੀ ਮਾਂ ਨੂੰ ਵੇਖ ਕੇ ਖੁਸ਼ੀ ਨਾਲ ਚਮਕ ਉਠੀ ਅਤੇ ਕਹਿਣ ਲਗੀ, "ਮਾਂ, ਕੀ ਤੂੰ ਮੈਨੂੰ ਪਛਾਣ ਲਿਆ।"

ਬੁਢੀ ਆਪਣੀ ਬਚੀ ਨੂੰ ਛਾਤੀ ਨਾਲ ਲਾ ਕੇ ਸੀਨੇ ਠੰਢ ਪਾਉਣੀ ਚਾਹੁੰਦੀ ਸੀ ਪਰ ਉਹਨਾਂ ਦੋਹਾਂ ਦੇ ਵਿਚਕਾਰ ਸੀਖਾਂ ਸਨ। ਬੁਢੀ ਨੇ ਸਾਰੇ ਜ਼ੋਰ ਨਾਲ ਬਾਰੀ ਨੂੰ ਧਕਾ ਮਾਰਿਆ ਪਰ ਉਹ ਕਿਥੇ ਟੁਟਣ ਲਗੀ ਸੀ। ਉਹ ਭੱਜੀ ਭੱਜੀ ਆਪਣੇ ਕਮਰੇ ਵਿਚੋਂ ਇਕ ਪਥਰ ਚੁਕ ਲਿਆਈ ਜਿਸ ਪਾਸੋਂ ਉਹ ਸਰਾਹਣੇ ਦਾ ਕੰਮ ਲੈਂਦੀ ਹੁੰਦੀ ਸੀ ਅਤੇ ਉਸ ਨਾਲ ਸੀਖਾਂ ਤੋੜਣ ਲਗੀ। ਉਸ ਵਿਚ ਪਤਾ ਨਹੀਂ ਏਨਾ ਬਲ ਕਿਥੋਂ ਆ ਗਿਆ। ਇਕ ਦੋ ਮਿੰਟਾਂ ਵਿਚ ਹੀ, ਉਹ ਦੋ ਤਿੰਨ ਸੀਖਾਂ ਭੰਨ ਕੇ ਅਸਮਰ ਦੇ ਲੰਘਣ ਜੋਗਾ ਰਾਹ ਬਨਾਉਣ ਵਿਚ ਕਾਮਯਾਬ ਹੋ ਗਈ ਅਤੇ ਅਸਮਰ ਨੂੰ ਛੇਤੀ ਛੇਤੀ ਅੰਦਰ ਲੰਘਾ ਲਿਆ। ਬੁਢੀ ਨੇ ਅਸਮਰ ਨੂੰ ਘੁਟ ਕੇ ਜਫੀ ਪਾ ਲਈ। ਖੁਸ਼ੀ ਨਾਲ ਦੋਹਾ ਦੀਆਂ ਅੱਖਾਂ ਵਿਚੋਂ ਫਰਨ ਫਰਨ ਹੰਝੂ ਵਗਣ ਲਗ ਪਏ।

ਏਨੇ ਚਿਰ ਨੂੰ ਘੋੜਿਆਂ ਦੀਆਂ ਟਾਪਾਂ ਦੀ ਆਵਾਜ਼ ਉਹਨਾਂ ਦੀ ਕੋਠੜੀ ਦੇ ਲਾਗੇ ਸੁਣਾਈ ਦਿਤੀ। ਦੋਵੇਂ ਮਾਵਾਂ ਧੀਆਂ ਤ੍ਰਬ੍ਹਕ ਉਠੀਆਂ।

"ਹਾਏ ਰਬਾ! ਉਹ ਆ ਪੁਜੇ ਹਨ। ਪਰ ਤੈਨੂੰ ਕਿਹੜੇ ਦੋਸ਼ ਬਦਲੇ ਫਾਂਸੀ ਦੇਣੀ ਚਾਹੁੰਦੇ ਹਨ?" ਬੁਢੀ ਨੇ ਕੰਬਦਿਆਂ ਹੋਇਆਂ ਪੁਛਿਆ।

"ਇਹ ਤਾਂ ਮੈਨੂੰ ਪਤਾ ਨਹੀਂ ਪਰ ਮਾਂ, ਮੈਨੂੰ ਇਹਨਾਂ ਪਾਸੋਂ ਬਚਾ।"

ਏਨੇ ਚਿਰ ਨੂੰ ਪਾਦਰੀ ਦੀ ਆਵਾਜ਼ ਸੁਣਾਈ ਦਿਤੀ ਜਿਹੜਾ ਸਿਪਾਹੀਆਂ ਨੂੰ ਰਾਹ ਦਸਦਾ ਹੋਇਆ ਬੁਢੀ ਦੀ ਕੋਠੜੀ ਵਲ ਲਿਆ ਰਿਹਾ ਸੀ। ਬੁਢੀ ਨੇ ਛੇਤੀ ਨਾਲ ਅਸਮਰ ਨੂੰ ਇਕ ਨੁਕਰੇ ਲੁਕੋ ਦਿਤਾ। ਅਤੇ ਕਹਿਣ ਲਗੀ, "ਚੁਪ ਕਰ ਕੇ ਦੜ ਵਟ ਛਡੀਂ। ਮੈਂ ਉਹਨਾਂ ਨੂੰ ਕਹਿ ਦਿਆਂਗੀ ਕਿ ਤੂੰ ਮੈਥੋਂ ਛੁਟ ਕੇ ਭਜ ਗਈ ਏਂ।"



Digitized by Panjab Digital Library | www.panjabdigilib.org

ਬਹੁਤ ਸਾਰੇ ਅਫਸਰ ਤੇ ਸਿਪਾਹੀ ਹਥਾਂ ਵਿਚ ਤਲਵਾਰਾਂ ਸੂਤੀ ਉਸ ਬਾਰੀ ਅਗੇ ਆ ਖੜੋਤੇ ਅਤੇ ਕਹਿਣ ਲਗੇ, "ਟਪਰੀਵਾਸ ਨਾਚੀ ਕਿਥੇ ਹੈ ? ਅਸਾਂ ਸੁਣਿਆ ਹੈ ਕਿ ਉਹ ਏਥੇ ਤੇਰੇ ਪਾਸ ਸੀ।"

ਬੁਢੀ ਭੋਲੀ ਜਹੀ ਬਣਕੇ ਕਹਿਣ ਲਗੀ, "ਕਿਹੜੀ ਨਾਚੀ ? ਮੈਂ ਤੁਹਾਡਾ ਮਤਲਬ ਨਹੀਂ ਸਮਝੀ।"

"ਠੀਕ ਠੀਕ ਦਸ ਕਿ ਉਹ ਕੁੜੀ ਕਿਥੇ ਹੈ ਜਿਸ ਨੂੰ ਪਾਦਰੀ ਫਰਲੋ ਤੇਰੇ ਪਾਸ ਛਡ ਕੇ ਗਿਆ ਸੀ।" ਇਕ ਸਾਰਜੈਂਟ ਅਗਾਂਹ ਵਧ ਕੇ ਪੁਛਣ ਲਗਾ।

"ਅਛਾ ਅਛਾ, ਉਸ ਬਾਰੇ। ਉਸ ਨੇ ਮੇਰੇ ਹੱਥ ਤੇ ਦੰਦੀ ਵੱਢੀ ਅਤੇ ਮੈਂ ਉਸ ਨੂੰ ਛਡ ਦਿਤਾ। ਉਹ ਇਸ ਪਾਸੇ ਨੂੰ ਭੱਜ ਗਈ।" ਬੁਢੀ ਨੇ ਧੀਰਜ ਨਾਲ ਕਿਹਾ ਤਾਂ ਜੋ ਉਨ੍ਹਾਂ ਨੂੰ ਕਿਸੇ ਪਰਕਾਰ ਦਾ ਸ਼ਕ ਨਾ ਪੈ ਸਕੇ।

ਅਫਸਰ ਨੇ ਨਿਰਾਸ ਜਿਹਾ ਹੋ ਕੇ ਪੁਛਿਆ, "ਬੁਢੀਏ ਝੂਠ ਬੋਲਣ ਦਾ ਕੋਈ ਫ਼ਾਇਦਾ ਨਹੀਂ। ਜੇ ਤੈਨੂੰ ਉਸ ਬਾਰੇ ਕੁਝ ਪਤਾ ਹੈ ਤਾਂ ਛੇਤੀ ਦੱਸ ਦੇ।"

ਬੁਢੀ ਕਹਿਣ ਲਗੀ, "ਭਲਾ ਮੈਨੂੰ ਝੂਠ ਬੋਲਣ ਦਾ ਕੀ ਲਾਭ ? ਮੈਂ ਤੁਹਾਨੂੰ ਬਿਲਕੁਲ ਠੀਕ ਠੀਕ ਦੱਸ ਚੁਕੀ ਹਾਂ।"

ਏਨੇ ਨੂੰ ਇਕ ਸਿਪਾਹੀ ਦੀ ਨਜ਼ਰ ਬਾਰੀ ਦੀਆਂ ਸੀਖਾਂ ਤੇ ਪਈ ਅਤੇ ਉਹ ਆਪਣੇ ਅਫ਼ਸਰ ਨੂੰ ਕਹਿਣ ਲਗਾ, "ਇਸ ਨੂੰ ਪੁਛੋ ਕਿ ਇਹ ਬਾਰੀ ਦੀਆਂ ਸੀਖਾਂ ਕਿਉਂ ਟੁਟੀਆਂ ਹੋਈਆਂ ਹਨ ?"

ਬੁਢੀ ਜਿਸ ਸਵਾਲ ਤੋਂ ਡਰਦੀ ਸੀ ਉਹੀ ਉਸਦੇ ਸਾਹਮਣੇ ਸੀ ਪਰ ਫੇਰ ਵੀ ਉਸ ਨੇ ਹੌਸਲਾ ਨਾ ਛਡਿਆ ਅਤੇ ਕਹਿਣ ਲਗੀ, "ਇਨ੍ਹਾਂ ਸੀਖਾਂ ਨੂੰ ਟੁਟਿਆਂ ਤਾਂ ਇਕ ਵਰ੍ਹਾ ਹੋ ਗਿਆ ਹੈ ਜਦ ਕਿ ਇਕ ਪਥਰਾਂ ਨਾਲ ਲਦੇ ਹੋਏ ਗਡੇ ਦੀ ਟੱਕਰ ਬਾਰੀ ਨਾਲ ਹੋਈ ਸੀ ਅਤੇ ਬਾਰੀ ਦੀਆਂ ਸੀਖਾਂ ਟੁਟ



Digitized by Panjab Digital Library | www.panjabdigilib.org

ਗਈਆਂ ਸਨ। ਮੈਨੂੰ ਹੀ ਪਤਾ ਹੈ ਜਿਹੜਾ ਹਾਲ ਮੈਂ ਗੱਡੇ ਵਾਲ ਦਾ ਕੀਤਾ ਸੀ।"

ਇਕ ਸਿਪਾਹੀ ਨੇ ਉਸਦੀ ਗਲ ਦੀ ਪ੍ਰੋੜ੍ਹਤਾ ਕਰਦਿਆਂ ਹੋਇਆਂ ਕਿਹਾ। "ਹਾਂ, ਹਾਂ, ਇਹ ਠੀਕ ਹੈ। ਮੈਂ ਵੀ ਓਦੋਂ ਇਥੇ ਹੀ ਸਾਂ।"

ਹਰੇਕ ਥਾਂ ਅਜਿਹੇ ਬੰਦੇ ਮਿਲ ਜਾਂਦੇ ਹਨ ਜਿਨ੍ਹਾਂ ਉਥੇ ਹੋਈ ਬੀਤੀ ਘਟਨਾ ਬਾਰੇ ਸਭ ਕੁਝ ਦੇਖਿਆ ਹੁੰਦਾ ਹੈ ਭਾਵੇਂ ਉਹ ਉਥੇ ਹੋਣ ਜਾਂ ਨਾ ਹੋਣ।

ਬੁਢੀ ਦੀ ਪ੍ਰੋੜ੍ਹਤਾ ਸੁਣ ਕੇ ਸਾਰਜੈਂਟ ਦਾ ਸ਼ਕ ਘੱਟ ਗਿਆ ਪਰ ਫੇਰ ਉਹ ਸਿਪਾਹੀ ਬੋਲਿਆ, "ਜੇ ਇਹ ਬਾਰੀ ਗਡੇ ਦੀ ਟੱਕਰ ਨਾਲ ਭੱਜੀ ਹੁੰਦੀ ਤਾਂ ਸੀਖਾਂ ਅੰਦਰ ਨੂੰ ਵਿੰਗੀਆਂ ਹੋਣੀਆਂ ਚਾਹੀਦੀਆ ਸਨ ਪਰ ਇਹ ਤਾਂ ਬਾਹਰ ਨੂੰ ਹੋਈਆਂ ਹੋਈਆਂ ਹਨ।"

ਬੁਢੀ ਹੌਸਲਾ ਕਰ ਕੇ ਕਹਿਣ ਲਗੀ, "ਮੈਂ ਰੱਬ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਹਿੰਦੀ ਹਾਂ ਕਿ ਇਹ ਬਾਰੀ ਗੱਡੇ ਨਾਲ ਹੀ ਟੁਟੀ ਸੀ ਪਰ ਇਸ ਗਲ ਦਾ ਉਸ ਕੁੜੀ ਨਾਲ ਕੀ ਵਾਸਤਾ ?"

"ਤੂੰ ਉਸ ਨੂੰ ਬਾਰੀ ਰਾਹੀਂ ਆਪਣੀ ਕੋਠੜੀ ਵਿਚ ਲੁਕੋ ਲਿਆ ਹੋਵੇਗਾ।" ਓਹੀ ਸਿਪਾਹੀ ਫੇਰ ਬੋਲਿਆ।

ਏਨੇ ਨੂੰ ਇਕ ਬੁਢਾ ਸਾਰਜੈਂਟ ਜਿਹੜਾ ਉਥੇ ਪਹਿਰੇ ਤੇ ਰਹਿੰਦਾਸੀ ਅਗਾਂਹ ਵਧਿਆ ਅਤੇ ਕਹਿਣ ਲਗਾ, "ਇਹ ਬੁਢੀ ਤਾਂ ਪਾਗ਼ਲ ਹੈ। ਜੇ ਇਸ ਨੇ ਟੱਪਰੀਵਾਸ ਕੁੜੀ ਨੂੰ ਛਡ ਦਿਤਾ ਹੈ ਤਾਂ ਇਹ ਇਸਦਾ ਕਸੂਰ ਨਹੀਂ ਕਿਉਂਕਿ ਇਹ ਟੱਪਰੀਵਾਸ ਇਸਤ੍ਰੀਆਂ ਨੂੰ ਬਹੁਤ ਨਫ਼ਰਤ ਕਰਦੀ ਹੈ। ਮੈਨੂੰ ਇਸ ਡਿਊਟੀ ਤੇ ਏਥੇ ਪੰਦਰਾਂ ਸਾਲ ਹੋ ਗਏ ਹਨ ਤੇ ਮੈਂ ਦੇਖਦਾ ਰਿਹਾ ਹਾਂ ਕਿਉਦੋਂ ਤੋਂ ਹੀ ਇਹ ਟੱਪਰੀਵਾਸ ਬੋਹੇਮੀਆਂ ਨੂੰ ਬਹੁਤ ਗਾਲ੍ਹਾਂ ਕੱਢਦੀ ਰਹੀ ਹੈ। ਮੈਂ ਜਾਣਦਾ ਹਾਂ ਇਹ ਉਸ ਬਕਰੀ ਵਾਲੀ ਟੱਪਰੀਵਾਸ ਕੁੜੀ ਨੂੰ ਬਾਕੀ ਸਾਰਿਆਂ



Digitized by Panjab Digital Library | www.panjabdigilib.org

ਨਾਲੋਂ ਵਧੇਰੇ ਗਾਲ੍ਹੀਆਂ ਕਢਦੀ ਰਹੀ ਹੈ।"

ਇਕ ਬੁਢੇ ਆਦਮੀ ਦੀ ਗਵਾਹੀ ਨੇ ਸਾਰਜੈਂਟ ਨੂੰ ਯਕੀਨ ਦਵਾ ਦਿਤਾ ਕਿ ਉਸ ਟੱਪਰੀਵਾਸ ਨਾਚੀ ਦੇ ਇਸ ਬੁਢੀ ਪਾਸੋਂ ਭੱਜ ਜਾਣ ਵਿਚ ਉਸ ਦਾ ਕੋਈ ਵੀ ਕਸੂਰ ਨਹੀਂ ਸੀ। ਉਹ ਨਿਰਾਸ ਜਿਹਾ ਹੋ ਕੇ ਆਪਣੇ ਘੋੜੇ ਵਲ ਨੂੰ ਵਧਿਆ ਅਤੇ ਆਪਣੇ ਸਾਥੀਆਂ ਨੂੰ ਕਹਿਣ ਲਗਾ, "ਆਓ ਅਸੀਂ ਉਸ ਨੂੰ ਲਭਣ ਦਾ ਯਤਨ ਕਰੀਏ।"

ਬੁਢੀ ਦਾ ਰੋਮ ਰੋਮ ਖ਼ੁਸ਼ ਸੀ ਕਿ ਉਸਦੀ ਬੱਚੀ ਦੀ ਜਾਨ ਬੱਚ ਗਈ ਹੈ। ਉਹ ਅਸਮਰ ਨੂੰ ਹੌਲੇ ਜਿਹੇ ਕਹਿਣ ਲਗੀ, "ਬੱਚੀ ਦੇਖੀਂ ਕਿਤੇ ਆਪਣੀ ਥਾਂ ਤੋਂ ਹਿਲੀ ਨਾਂ ਕਿਉਂਕਿ ਸਿਪਾਹੀ ਅਜੇ ਤਕ ਏਧਰ ਓਧਰ ਤੈਨੂੰ ਲੱਭਦੇ ਫਿਰਦੇ ਹਨ।" ਏਨਾਂ ਕਹਿਕੇ ਉਹ ਆਪਣੀ ਬੱਚੀ ਦੀ ਜਾਨ ਬਖ਼ਸ਼ੀ ਲਈ ਪ੍ਰਮਾਤਮਾ ਅਗੇ ਪ੍ਰਾਰਥਨਾ ਕਰਨ ਲਗੀ।

"ਅਛਾ ਮੈਂ ਹੁਣ ਵਾਪਸ ਜਾ ਰਿਹਾ ਹਾਂ।" ਕਪਤਾਨ ਫੀਬਸ ਘੋੜੇ ਤੇ ਚੜ੍ਹਿਆ ਸਾਰਜੈਂਟ ਨੂੰ ਕਹਿ ਰਿਹਾ ਸੀ। ਫ਼ੀਬਸ ਦੀ ਆਵਾਜ਼ ਅਸਮਰ ਦੇ ਕੰਨੀ ਪਈ। ਉਸ ਦੀ ਆਵਾਜ਼ ਸੁਣ ਕੇ ਅਸਮਰ ਦੇ ਦਿਲ ਵਿਚ ਜੋ ਉਬਾਲ ਉਠੇ, ਉਹ ਬਿਆਨ ਕਰਨੇ ਕੋਈ ਸੌਖਾ ਜਿਹਾ ਕੰਮ ਨਹੀਂ। ਹਾਂ, ਉਹ ਉਥੇ ਸੀ, ਅਸਮਰ ਨੇ ਕੰਨੀ ਸੁਣਿਆ, ਉਸ ਦਾ ਰਾਖਾ, ਉਸ ਦਾ ਸਤਾਰਾ, ਉਸਦਾ, ਸਹਾਇਕ, ਉਸਦਾ ਫ਼ੀਬਸ! ਇਸ ਤੋਂ ਪਹਿਲੇ ਕਿ ਉਸਦੀ ਮਾਂ ਉਸ ਨੂੰ ਅਗੇ ਜਾਣੋ ਵਰਜ ਸਕਦੀ, ਉਹ ਉਠੀ ਅਤੇ ਬਾਰੀ ਵਿਚੋਂ ਦੀ ਧੌਣ ਬਾਹਰ ਕਢਕੇ ਉੱਚੀ ਉੱਚੀ ਅਵਾਜਾਂ ਮਾਰਨ ਲਗ ਪਈ, "ਫ਼ੀਬਸ, ਫ਼ੀਬਸ – ਮੈਂ ਏਧਰ ਹਾਂ!"

ਫ਼ੀਬਸ ਉਸ ਦੀ ਆਵਾਜ਼ ਪੁਜਣ ਤੋਂ ਪਹਿਲੇ ਮੋੜ ਮੁੜ ਕੇ ਜਾ ਚੁਕਾ ਸੀ। ਉਸ ਦੀ ਮਾਂ ਨੇ ਉਸ ਨੂੰ ਧੌਣੋ ਫੜ ਕੇ ਬਥੇਰਾ ਪਿਛੇ ਖਿਚਣ ਦਾ ਯਤਨ ਕੀਤਾ ਪਰ ਹੁਣ ਵੇਲਾ ਬੀਤ ਚੁਕਾ ਸੀ। ਸਾਰਜੈਂਟ ਨੇ ਅਸਮਰ ਨੂੰ ਵੇਖ ਲਿਆ ਸੀ। ਉਹ ਅਗਾਂਹ ਵਧਿਆ ਅਤੇ ਕਹਿਣ ਲਗਾ, "ਜਿਸ ਨੂੰ



Digitized by Panjab Digital Library | www.panjabdigilib.org

ਅਸੀਂ ਲਭਦੇ ਸਾਂ ਉਹ ਮਿਲ ਗਈ।"

ਬੁਢੀ ਨੇ ਬਥੇਰੇ ਕੀਰਨੇ ਪਾਏ, ਬੜੀਆਂ ਮਿਨਤਾਂ ਕੀਤੀਆਂ ਕਿ ਮੇਰੀ ਬੱਚੀ ਨੂੰ ਬਚਾਓ। ਉਸ ਨੂੰ ਕੁਝ ਨਾ ਆਖੋ ਪਰ ਉਸਦੀ ਕੌਣ ਸੁਣਦਾ ਸੀ। ਇਹ ਤਾਂ ਸਰਕਾਰੀ ਹੁਕਮ ਸੀ। ਸਿਪਾਹੀ ਤੇ ਸਾਰਜੈਂਟ ਟੱਪਰੀਵਾਸ ਅਸਮਰ ਨੂੰ ਫੜ ਕੇ ਟਿਕਟਿਕੀ ਤੇ ਲੈ ਆਏ।

ਸੂਰਜ ਚੜ੍ਹਨ ਵਾਲਾ ਸੀ ਅਤੇ ਸਿਪਾਹੀਆਂ ਨੂੰ ਏਧਰ ਓਧਰ ਫਿਰਦਿਆਂ ਵੇਖ ਕੇ ਉਥੇ ਕੁਝ ਰਾਹੀ ਇਕਠੇ ਹੋ ਗਏ। ਦੂਰ ਨੋਟਰਡੈਮ ਦੇ ਉਪਰਲੇ ਮੁਨਾਰੇ ਤੇ ਦੋ ਆਦਮੀ ਖੜੋਤੇ ਏਧਰ ਵੇਖ ਰਹੇ ਸਨ।

ਜਲਾਦ ਨੇ ਟੱਪਰੀਵਾਸ ਕੁੜੀ ਦੀ ਨਾਜ਼ਕ ਜਹੀ ਧੌਣ ਦਵਾਲੇ ਰਸਾ ਪਾ ਦਿਤਾ। ਉਸ ਦੀ ਮਾਂ ਦੇ ਦਿਲ ਨੂੰ ਏਨੀ ਸੱਟ ਵੱਜੀ ਕਿ ਉਹ ਮੂੰਹੋਂ ਕੁਝ ਵੀ ਨਹੀਂ ਸੀ ਬੋਲ ਸਕਦੀ। ਜਲਾਦ ਜਦ ਪੌੜੀ ਤੇ ਚੜ੍ਹਕੇ ਰਸੀ ਨੂੰ ਖਿਚਣ ਲਗਾ ਤਾਂ ਬੁਢੀ ਭੁਖੀ ਸ਼ੇਰਨੀ ਵਾਂਗ ਜਲਾਦ ਨੂੰ ਜਾ ਪਈ ਅਤੇ ਉਸ ਨੂੰ ਦੰਦੀਆਂ ਨਾਲ ਲਹੂ ਲੁਹਾਨ ਕਰ ਦਿਤਾ। ਲਾਗੇ ਖੜੋਤੇ ਸਿਪਾਹੀਆਂ ਨੇ ਜਲਾਦ ਨੂੰ ਬੜੀ ਮੁਸ਼ਕਲ ਨਾਲ ਬੁਢੀ ਪਾਸ ਛੁਡਾਇਆ। ਜਦ ਉਨ੍ਹਾਂ ਉਸ ਨੂੰ ਉਰੇ ਕਰ ਕੇ ਛਡਿਆ ਤਾਂ ਉਹ ਧੜਮ ਕਰਦੀ ਜ਼ਮੀਨ ਤੇ ਆ ਪਈ। ਹਾਂ ਉਹ ਮਰ ਚੁਕੀ ਸੀ।

ਜਲਾਦ, ਜਿਸ ਨੇ ਅਸਮਰ ਨੂੰ ਫੜੀ ਰਖਿਆ ਸੀ, ਫੇਰ ਰੱਸੀ ਖਿਚਣ ਲਈ ਪੌੜੀ ਤੇ ਚੜ੍ਹਨ ਲਗਾ।



Digitized by Panjab Digital Library | www.panjabdigilib.org

# ੨੯

ਜਦ ਕੈਦੋ ਨੇ ਅਸਮਰ ਦਾ ਕਮਰਾ ਖ਼ਾਲੀ ਵੇਖਿਆ ਤਾਂ ਉਹ ਉਸ ਨੂੰ ਲਭਣ ਦੇ ਯਤਨ ਕਰਨ ਲਗਾ। ਉਹ ਕਦੇ ਹੇਠਾਂ ਜਾਂਦਾ ਸੀ ਅਤੇ ਕਦੇ ਉਪਰ ਜਾਂਦਾ ਸੀ। ਉਸ ਨੂੰ ਕੁਝ ਵੀ ਨਹੀਂ ਸੀ ਸੁਝਦਾ। ਉਸੇ ਵੇਲੇ ਸਰਕਾਰੀ ਅਫਸਰ ਵੀ ਉਸ ਦੀ ਮੌਤ ਦਾ ਸੁਨੇਹਾ ਲਈ ਉਸ ਨੂੰ ਨੋਟਰਡੈਮ ਵਿਚ ਲਭ ਰਹੇ ਸਨ। ਭੋਲਾ ਕੈਦੋ ਉਨ੍ਹਾਂ ਨੂੰ ਨਾਲ ਲਈ ਫਿਰਿਆ ਅਤੇ ਕਲਾ ਕਲਾ ਕਮਰਾ ਗਾਹ ਮਾਰਿਆ। ਉਹ ਤੂਰਾਨੀਆਂ ਨੂੰ ਹੀ ਅਸਮਰ ਦੇ ਵੈਰੀ ਸਮਝਦਾ ਸੀ। ਜੇ ਕਿਤੇ ਉਸ ਵੇਲੇ ਅਸਮਰ ਨੋਟਰਡੈਮ ਦੇ ਅੰਦਰ ਹੁੰਦੀ ਤਾਂ ਕੈਦੋ ਆਪ ਹੀ ਉਸ ਨੂੰ ਭੁਲੇਖੇ ਨਾਲ ਸਿਪਾਹੀਆਂ ਦੇ ਹਵਾਲੇ ਕਰ ਦੇਂਦਾ। ਸਿਪਾਹੀ ਉਸਨੂੰ ਗਿਰਜੇ ਵਿਚੋਂ ਭੱਜ ਗਈ ਸਮਝ ਕੇ ਉਸਦਾ ਪਿਛਾ ਕਰਨ ਲਗ ਪਏ।

ਜਦ ਕੈਦੋ ਨੂੰ ਬਿਲਕੁਲ ਯਕੀਨ ਹੋ ਗਿਆ ਕਿ ਜਿਸ ਨੂੰ ਉਸਨੇ ਏਨਾ ਚਿਰ ਬਚਾ ਬਚਾ ਕੇ ਰਖਿਆ ਸੀ ਉਹ ਉਸ ਪਾਸੋਂ ਖੋਹ ਲਈ ਗਈ ਹੈ ਤਾਂ ਉਹ ਅਫਸੋਸ ਵਿਚ ਮੁਨਾਰੇ ਦੀਆਂ ਪੌੜੀਆਂ ਚੜ੍ਹਨ ਲਗਾ। ਉਹੀ ਪੌੜੀਆਂ ਜਿਹੜੀਆਂ ਕਿ ਕਦੇ ਅਸਮਰ ਨੂੰ ਮੌਤ ਦੇ ਮੂੰਹੋਂ ਬਚਾ ਕੇ ਉਸ ਨੇ ਖ਼ੁਸ਼ੀ ਵਿਚ ਚੜ੍ਹੀਆਂ ਸਨ। ਅਤੇ ਅੱਜ ਉਸਨੂੰ ਗੁਆ ਕੇ ਅਫਸੋਸ ਵਿਚ ਚੜ੍ਹ ਰਿਹਾ ਹੈ। ਉਪਰ ਚੜ੍ਹਦਿਆਂ ਚੜ੍ਹਦਿਆਂ ਉਸ ਨੇ ਆਪਣਾ ਸਿਰ ਕੰਧਾਂ ਨਾਲ ਮਾਰ ਮਾਰ ਕੇ ਰੂੰਨ ਲਿਆ। ਅਖ਼ੀਰ ਉਪਰ ਪੁਜ ਕੇ ਉਹ ਥਕ ਗਿਆ ਅਤੇ ਜ਼ਮੀਨ ਤੇ ਲੇਟ ਗਿਆ।

ਲੇਟਿਆ ਲੇਟਿਆ ਉਹ ਸੋਚਣ ਲਗਾ ਕਿ ਅਸਮਰ ਏਥੋਂ ਕਿਦਾਂ ਜਾ ਸਕਦੀ ਸੀ। ਉਹ ਸੋਚਣ ਲਗਾ ਕਿ ਉਸ ਗੁਪਤ ਦਰਵਾਜ਼ੇ ਦੀ ਚਾਬੀ ਤਾਂ



Digitized by Panjab Digital Library | www.panjabdigilib.org

ਕੇਵਲ ਪਾਦਰੀ ਪਾਸ ਹੀ ਸੀ। ਜ਼ਰੂਰ ਉਸੇ ਨੇ ਹੀ ਇਹ ਸ਼ਰਾਰਤ ਕੀਤੀ ਹੈ। ਉਸ ਦੀਆਂ ਅੱਖਾਂ ਅਗੇ ਪਾਦਰੀ ਫਰਲੋ ਦੀ ਉਸ ਰਾਤ ਵਾਲੀ ਘਟਨਾ ਆ ਗਈ ਜਦ ਉਸ ਨੇ ਅਸਮਰ ਤੇ ਹਲਾ ਕੀਤਾ ਸੀ। ਉਸ ਨੂੰ ਪਕਾ ਯਕੀਨ ਹੋ ਗਿਆ ਕਿ ਇਹ ਕਾਰਾ ਪਾਦਰੀ ਫਰਲੋ ਤੋਂ ਬਿਨਾਂ ਹੋਰ ਕਿਸੇ ਨਹੀਂ ਕੀਤਾ।

ਏਨੇ ਨੂੰ ਕੈਦੋ ਦੀ ਨਜ਼ਰ ਆਪਣੇ ਉਸਤਾਦ ਪਾਦਰੀ ਫਰਲੋ ਤੇ ਪਈ ਜਿਹੜਾ ਸਿਖਰ ਮੁਨਾਰੇ ਤੇ ਚੜ੍ਹਿਆ ਜਾਂ ਰਿਹਾ ਸੀ ਅਤੇ ਉਸਦੀ ਨਜ਼ਰ ਇਕ ਸਾਰ ਉਤਰ ਵਲ ਕਿਸੇ ਚੀਜ਼ ਤੇ ਲਗੀ ਹੋਈ ਸੀ। ਕੁਬਾ ਕੈਦੋ ਵੀ ਉਸ ਦਾ ਪਿਛਾ ਕਰਨ ਲਗਾ। ਪਾਦਰੀ ਆਪਣੇ ਧਿਆਨ ਵਿਚ ਏਨਾ ਮਘਨ ਸੀ ਕਿ ਉਸ ਨੂੰ ਪਿਛੇ ਆ ਰਹੇ ਕੈਦੋ ਦਾ ਕੋਈ ਪਤਾ ਨਾ ਲਗਾ।

ਪਾਦਰੀ ਮੁਨਾਰੇ ਦੇ ਬਨੇਰੇ ਤੇ ਖੜੋ ਕੇ ਨੀਝ ਨਾਲ ਗਿਰਊ ਮਹਲ ਵਲ ਵੇਚ ਰਿਹਾ ਸੀ। ਕੈਦੋ ਨੇ ਇਹ ਵੇਖਣ ਲਈ, ਕਿ ਪਾਦਰੀ ਕੀ ਵੇਖ ਰਿਹਾ ਹੈ, ਉਸ ਦੀ ਨਜ਼ਰ ਦੇ ਪਿਛੇ ਆਪਣੀ ਨਜ਼ਰ ਦੁੜਾਨ ਦਾ ਯਤਨ ਕੀਤਾ। ਕੈਦੋ ਨੇ ਵੇਖਿਆ ਕਿ ਪਾਦਰੀ ਗਿਰਊ ਮਹਿਲ ਤੇ ਲਗੀ ਹੋਈ ਟਿਕਟਿਕੀ ਵਲ ਵੇਖ ਰਿਹਾ ਹੈ ਜਿਥੇ ਕਿ ਕੁਝ ਕੁ ਸਿਪਾਹੀ ਖੜੋਤੇ ਹਨ ਅਤੇ ਲਾਗੇ ਥੋੜੇ ਜਹੇ ਹੋਰ ਬੰਦੇ। ਇਕ ਆਦਮੀ ਟਿਕਟਿਕੀ ਤੇ ਪੌੜੀ ਲਾ ਕੇ ਚੜ੍ਹਿਆ। ਉਸ ਦੇ ਮੋਢਿਆਂ ਤੇ ਕੋਈ ਸਫੈਦ ਜਹੀ ਚੀਜ਼ ਸੀ। ਕੈਦੋ ਨੇ ਪਛਾਣ ਲਿਆ। ਇਹ ਅਸਮਰ ਸੀ। ਉਸ ਦੇ ਦੇਖਦਿਆਂ ਦੇਖਦਿਆਂ ਜਲਾਦ ਨੇ ਰਸੀ ਖਿਚੀ ਅਤੇ ਅਸਮਰ ਦੀ ਲੋਥ ਟਿਕਟਿਕੀ ਨਾਲ ਲਟਕਣ ਲਗੀ। ਪਾਦਰੀ ਪੂਰੇ ਧਿਆਨ ਨਾਲ ਇਹ ਕੁਝ ਦੇਖ ਰਿਹਾ ਸੀ। ਪਰ ਉਸ ਨੂੰ ਪਿਛੇ ਖੜੋਤੇ ਕੈਦੋ ਬਾਰੇ ਕੋਈ ਪਤਾ ਨਹੀਂ ਸੀ। ਜਦ ਟੱਪਰੀਵਾਸ ਕੁੜੀ ਦੀ ਲੋਥ ਟਿਕਟਿਕੀ ਨਾਲ ਲਟਕਣ ਲਗੀ ਤਾਂ ਪਾਦਰੀ ਹੌਕਾ ਮਾਰ ਕੇ ਬੋਲਿਆ, "ਜੇ ਤੂੰ ਮੇਰੀ ਨਹੀਂ ਬਣੀ ਤਾਂ ਕਿਸੇ ਹੋਰ ਦੀ ਵੀ ਨਹੀਂ ਬਣ ਸਕਦੀ। ਤੇਰੇ ਲਈ ਇਹੀ ਸਜ਼ਾ ਯੋਗ ਸੀ।"



Digitized by Panjab Digital Library | www.panjabdigilib.org

ਕੈਦੋ ਨੇ ਇਹ ਸਭ ਕੁਝ ਵੇਖਿਆ ਅਤੇ ਅਖ਼ੀਰ ਦੰਦੀਆਂ ਪੀਂਹਦੇ ਹੋਏ ਨੇ ਪਾਦਰੀ ਫਰਲੋ ਨੂੰ ਪਿਛੋਂ ਜ਼ੋਰ ਦੀ ਧਕਾ ਮਾਰਿਆ ਅਤੇ ਦੋ ਸੌ ਗਜ਼ ਉਚੇ ਮੁਨਾਰੇ ਤੋਂ ਹੇਠਾਂ ਜ਼ਮੀਨ ਤੇ ਸੁਟ ਦਿਤਾ। ਉਸ ਦੀਆਂ ਅੱਖਾਂ, ਜਿਨ੍ਹਾਂ ਵਿਚੋਂ ਛਮ ਛਮ ਹੰਝੂ ਕਿਰ ਰਹੇ ਸਨ ਇਕਸਾਰ ਗਿਰਉ ਮਹਿਲ ਦੀ ਟਿਕਟਿਕੀ ਤੇ ਲਗੀਆਂ ਹੋਈਆਂ ਸਨ। ਪਾਦਰੀ ਜ਼ਮੀਨ ਤੇ ਡਿਗਦਾ ਹੀ ਮਰ ਗਿਆ। ਕੈਦੋ ਸੂਲੀ ਵਲ ਹਥ ਕਰਕੇ ਹੌਂਕਾ ਮਾਰਦਾ ਹੋਇਆ ਕਹਿਣ ਲਗਾ, "ਔਹ ਹੈ ਹਭ ਕੁਝ, ਜਿਸ ਨੂੰ ਕਿ ਮੈਂ ਕਦੇ ਪਿਆਰ ਕੀਤਾ ਹੈ।"

ਸ਼ਾਮ ਨੂੰ ਜਦ ਸ਼ਹਿਰ ਦੇ ਪਾਦਰੀ, ਫਰਲੋ ਦੀ ਲਾਸ਼ ਨੂੰ ਦਬਣ ਲਈ ਲਿਜਾਣ ਲਗੇ ਤਾਂ ਕੁਬਾ ਕੈਦੋ ਉਥੇ ਨਹੀਂ ਸੀ। ਉਸ ਬਾਰੇ ਕਈ ਅਫ਼ਵਾਹਾਂ ਉਡੀਆਂ, ਕੋਈ ਕੁਝ ਕਹਿੰਦਾ ਸੀ ਅਤੇ ਕੋਈ ਕੁਝ।

ਗੌਰੀ ਦੀ ਮਸ਼ਹੂਰੀ ਹੁਣ ਪਹਿਲੇ ਨਾਲੋਂ ਜ਼ਿਆਦਾ ਹੋ ਗਈ ਸੀ। ਲੋਕੀਂ ਉਸਦੀ ਕਦਰ ਕਰਨ ਲਗ ਪਏ ਸਨ ਅਤੇ ਹੁਣ ਉਹ ਪਹਿਲੇ ਵਾਂਗ ਭੁਖਾਂ ਦਾ ਮਾਰਿਆ ਅਵਾਰਾ-ਗਰਦੀ ਨਹੀਂ ਸੀ ਕਰਿਆ ਕਰਦਾ। ਉਹ ਇਕ ਰੰਗੀਨ ਜੀਵਨ ਬਤੀਤ ਕਰ ਰਿਹਾ ਸੀ ਪਰ ਫੇਰ ਵੀ ਅਸਮਰ ਦੀ ਮੌਤ ਨੇ ਉਸ ਦੇ ਦਿਲ ਤੇ ਡੂੰਘਾ ਅਸਰ ਕੀਤਾ ਸੀ ਅਤੇ ਉਸ ਦਾ ਖ਼ਿਆਲ ਹਰ ਵੇਲੇ ਉਸ ਦੇ ਦਿਮਾਗ਼ ਵਿਚ ਰਹਿੰਦਾ।

ਫ਼ੀਬਸ, ਜਿਸ ਦਾ ਨਾਂ ਮਰਨ ਲਗਿਆਂ ਵੀ ਅਸਮਰ ਦੇ ਬੁਲ੍ਹਾਂ ਤੇ ਸੀ। ਉਸ ਨੇ ਆਪਣੀ ਚਾਚੇ ਦੀ ਧੀ, ਭੈਣ ਨਾਲ ਵਿਆਹ ਕਰਾ ਲਿਆ ਸੀ। ਅਸਮਰ ਦੀ ਮੌਤ ਦੇ ਖ਼ਿਆਲ ਨੇ ਕਦੇ ਵੀ ਉਸ ਨੂੰ ਦੁਖੀ ਨਾ ਕੀਤਾ।



Digitized by Panjab Digital Library | www.panjabdigilib.org

## ੨੭

### ਕੈਦੋ ਦਾ ਵਿਆਹ

ਅਸੀਂ ਇਹ ਪਹਿਲੇ ਦੱਸ ਚੁਕੇ ਹਾਂ ਕਿ ਟੱਪਰੀਵਾਸ ਕੁੜੀ ਤੇ ਪਾਦਰੀ ਫਰਲੋ ਦੀ ਮੌਤ ਦੇ ਪਿਛੋਂ ਕੁਬਾ ਕੈਦੋ ਨੋਟਰਡੈਮ ਵਿਚੋਂ ਗੁੰਮ ਹੋ ਗਿਆ ਸੀ ਅਤੇ ਅਸਲ ਵਿਚ ਇਸ ਦੇ ਪਿਛੋਂ ਫਿਰ ਕਦੇ ਵੀ ਉਥੇ ਨਜ਼ਰੀਂ ਨਾ ਆਇਆ। ਨਾ ਹੀ ਕਿਸੇ ਬੰਦੇ ਨੂੰ ਪਤਾ ਸੀ ਕਿ ਉਹ ਕਿਥੇ ਹੈ।

ਉਸੇ ਰਾਤ ਜਲਾਦ ਨੇ ਅਮਸਰ ਦੀ ਲਾਸ਼ ਨੂੰ ਟਿਕਟਿਕੀ ਨਾਲੋਂ ਲਾਹਿਆ ਅਤੇ ਉਸ ਜ਼ਮਾਨੇ ਦੇ ਰਿਵਾਜ ਅਨੁਸਾਰ ਉਸ ਦੀ ਲਾਸ਼ ਨੂੰ ਮੌਂਟ ਫ਼ੈਸ਼ਨ ਦੇ ਮੁਰਦੇ ਖ਼ਾਨੇ ਵਿਚ ਰਖ ਦਿਤਾ ਗਿਆ।

ਮੌਂਟ ਫ਼ੈਸ਼ਨ ਦਾ ਮੁਰਦਾਖ਼ਾਨਾ ਸ਼ਹਿਰ ਤੋਂ ਕੋਈ ਸੱਤ ਮੀਲ ਦੇ ਫ਼ਾਸਲੇ ਤੇ ਸੀ। ਸਾਰੀ ਇਮਾਰਤ ਕੀਮਤੀ ਪਥਰਾਂ ਦੀ ਬਣੀ ਹੋਈ ਸੀ ਅਤੇ ਉਸਦਾ ਦਰਵਾਜ਼ਾ ਜਿਹੜਾ ਪੰਦਰਾਂ ਫੁਟ ਚੌੜਾ ਸੀ, ਮਜ਼ਬੂਤ ਫ਼ੌਲਾਦ ਦਾ ਬਣਿਆ ਹੋਇਆ ਸੀ। ਇਸ ਮੁਰਦੇ ਖ਼ਾਨੇ ਦੇ ਆਲੇ ਦੁਆਲੇ ਹਰ ਵੇਲੇ ਇਲਾਂ ਤੇ ਕਾਂ ਘੁੰਮਦੇ ਰਹਿੰਦੇ ਸਨ।

ਪੰਦਰੁਵੀ ਸਦੀ ਦੇ ਅਖ਼ੀਰ ਵਿਚ ਇਸ ਮੁਰਦੇ ਖ਼ਾਨੇ ਵਿਚ ਕਾਫ਼ੀ ਤਬਦੀਲੀ ਆ ਚੁਕੀ ਸੀ। ਉਸਦੀਆਂ ਸ਼ਤੀਰੀਆਂ ਤੇ ਥੰਮ੍ਹਾਂ ਨੂੰ ਸੇਂਕ ਲਗ ਚੁਕੀ ਸੀ ਅਤੇ ਛੱਤ ਨਾਲ ਲਟਕ ਰਹੀਆਂ ਸੰਗਲੀਆਂ ਨੂੰ ਜ਼ੰਗ ਲਗ ਗਿਆ ਸੀ। ਉਸਦੀਆਂ ਕੰਧਾਂ ਤੇ ਹਰਿਆਈ ਉਗ ਪਈ ਸੀ। ਖ਼ਾਸ ਕਰਕੇ ਚਾਨਣੀਆਂ ਰਾਤਾਂ ਨੂੰ ਜਦ ਚੰਨ ਦੀਆਂ ਕਿਰਨਾਂ ਇਸ ਇਮਾਰਤ ਤੇ ਪੈਂਦੀਆਂ ਤਾਂ ਇਸ ਤੋਂ ਬੜਾ ਡਰ ਆਉਂਦਾ ਸੀ। ਜਦ ਸ਼ਾਮ ਨੂੰ ਹਵਾ ਚਲਦੀ ਤਾਂ ਇਸ ਦੇ ਅਵਾਰਾ



Digitized by Panjab Digital Library | www.panjabdigilib.org

ਝੋਲੇ, ਖੋਪਰੀਆਂ ਤੇ ਮੁਰਦਿਆਂ ਦੇ ਪਿੰਜਰਾਂ ਨਾਲ ਟਕਰਾਉਂਦੇ ਅਤੇ ਰਾਤ ਦੇ ਵਧ ਰਹੇ ਹਨੇਰੇ ਵਿਚ ਅਜੀਬ ਡਰਾਉਣੀ ਆਵਾਜ਼ ਪੈਦਾ ਕਰਦੇ ਸਨ। ਖ਼ਾਸ ਕਰਕੇ ਹਨੇਰੀਆਂ ਰਾਤਾਂ ਨੂੰ ਜਦ ਚੌਹੀ ਪਾਸੀਂ ਬਿਲਕੁਲ ਸੁੰਨ ਵਰਤ ਜਾਂਦੀ ਸੀ ਤਾਂ ਕੁਤੇ ਇਸ ਦੇ ਆਲੇ ਦੁਆਲੇ ਭਜਦੇ ਹੋਏ ਭੌਂਕਦੇ ਹੁੰਦੇ ਸਨ ਅਤੇ ਕਦੇ ਕਦੇ ਜਦ ਰਾਤਾਂ ਬਹੁਤੀਆਂ ਹਨੇਰੀਆਂ ਹੁੰਦੀਆ ਸਨ ਤਾਂ ਇਸ ਮੁਰਦੇਖਾਨੇ ਦੇ ਲਾਗੇ ਬਘਿਆੜਾਂ ਦੀਆਂ ਚੀਕਾਂ ਸੁਣਾਈ ਦਿੰਦੀਆਂ ਸਨ। ਉਲੂ ਦੀ ਆਵਾਜ਼ ਨਾਲ ਦਿਲ ਵੀ ਕੰਬ ਉਠਦਾ ਜਿਹੜਾ ਰਾਤ ਦੇ ਹਨੇਰੇ ਵਿਚ ਇਸ ਇਮਾਰਤ ਦੇ ਗੁੰਬਦ ਹੀ ਟੁਟੀ ਹੋਈ ਨੁਕਰੇ ਬੈਠਾ ਇਨ੍ਹਾਂ ਮੁਰਦਿਆਂ ਦਾ ਮਰਸੀਆ ਪੜ੍ਹਦਾ ਸੀ ਅਤੇ ਆਪਣੀ ਆਵਾਜ਼ ਨਾਲ ਪੈਰਿਸ ਦੇ ਲੋਕਾਂ ਨੂੰ ਇਹ ਦਸਿਆ ਕਰਦਾ ਸੀ ਕਿ ਉਸ ਨੇ ਬੜੇ ਬੜੇ ਇਨਸਲਾਬ ਦੇਖੇ ਹਨ ਅਤੇ ਇਸ ਟੁਟੀ ਫੁਟੀ ਇਮਾਰਤ ਵਿਚ, ਜਿਸ ਨੂੰ ਕੇਵਲ ਖੰਡਰ ਹੀ ਸਮਝਿਆ ਜਾਂਦਾ ਹੈ ਇਹ ਖੰਡਰ ਨਹੀਂ ਸਗੋਂ ਇਸ ਵਿਚ ਬੜੀਆਂ ਬੜੀਆਂ ਹਸਤੀਆਂ ਦੀਆ ਮੜ੍ਹੀਆਂ ਹਨ।

ਇਸ ਤੋਂ ਪਹਿਲੇ ਕਿ ਅਸੀਂ ਆਪਣੀ ਇਸ ਕਹਾਣੀ ਨੂੰ ਖ਼ਤਮ ਕਰੀਏ, ਇਹ ਦੱਸ ਦੇਣਾ ਜ਼ਰੂਰੀ ਸਮਝਦੇ ਹਾਂ ਕਿ ਕੈਦੋ ਨੋਟਰਡੈਮ ਵਿਚੋਂ ਗੁੰਮ ਹੋ ਕੇ ਕਿਥੇ ਗਿਆ।

ਇਸ ਘਟਨਾ ਦੇ ਕੋਈ ਦੋ ਸਾਲ ਪਿਛੋਂ ਓਲੀਵਰ ਡੇਮ ਨਾਂ ਦੇ ਇਕ ਬੰਦੇ ਦੀ ਲਾਸ਼ ਨੂੰ ਮੌਂਟ ਫ਼ੈਸ਼ਨ ਦੇ ਮੁਰਦੇ ਖ਼ਾਨੇ ਵਿਚ ਲਭਿਆ ਗਿਆ ਸੀ। ਗਲ ਇਹ ਸੀ ਕਿ ਚਾਰਲਸ ਅਠਵੇਂ ਨੇ ਇਸ ਦੋਸ਼ੀ ਦੇ ਸੰਬੰਧੀਆਂ ਨੂੰ ਇਹ ਆਗਿਆ ਦੇ ਦਿਤੀ ਸੀ ਕਿ ਉਹ ਉਸਦੀ ਲਾਸ਼ ਨੂੰ ਉਥੋਂ ਲੈ ਜਾਣ ਅਤੇ ਸੰਤ ਲੀਰੈਂਟ ਦੇ ਗਿਰਜੇ ਵਿਚ ਆਪਣੀ ਸ਼ਰਧਾ ਅਨੁਸਾਰ ਉਸਨੂੰ ਦਫ਼ਨਾਉਣ। ਇਹ ਸ਼ਾਹੀ ਹੁਕਮ ਸੀ ਇਸ ਲਈ ਉਸ ਦੀ ਲੋਥ ਦੀ ਖੋਜ ਕੀਤੀ ਜਾ ਰਹੀ ਸੀ।

ਉਨ੍ਹਾਂ ਅਨਗਿਣਤ ਪਿੰਜਰਾਂ ਵਿਚੋਂ ਕੇਵਲ ਦੋ ਪਿੰਜਰ ਨਵੇਂ ਦਿਖਾਈ ਦਿਤੇ ਜਿਨ੍ਹਾਂ ਨੇ ਇਕ ਦੂਜੇ ਦੇ ਆਲੇ ਦੁਆਲੇ ਆਪਣੀਆਂ ਬਾਹਵਾਂ ਪਾਈਆਂ ਹੋਈਆਂ ਸਨ। ਦੋਹਾਂ ਪਿੰਜਰਾਂ ਵਿਚੋਂ ਇਕ ਪਿੰਜਰ ਆਦਮੀ ਦਾ ਸੀ ਅਤੇ ਦੂਜਾ



Digitized by Panjab Digital Library | www.panjabdigilib.org

ਇਸਤ੍ਰੀ ਦਾ। ਇਸਤ੍ਰੀ ਦੇ ਪਿੰਜਰ ਦੇ ਗਲੇ ਵਿਚ ਉਨ੍ਹਾਂ ਨੇ ਇਕ ਜ਼ਮੁੰਰਦ ਵੇਖਿਆ ਜਿਹੜਾ ਮਿਟੀ ਘੱਟਾ ਪੈਣ ਕਰਕੇ ਚਮਕ ਨਹੀਂ ਸੀ ਮਾਰਦਾ।

ਦੂਜਾ ਪਿੰਜਰ ਆਦਮੀ ਦਾ ਸੀ ਜਿਸਨੇ ਆਪਣੀਆਂ ਬਾਹਾਂ ਇਸਤ੍ਰੀ ਦੇ ਆਲ੍ਹੇ ਦੁਆਲੇ ਪਾਈਆਂ ਹੋਈਆਂ ਸਨ। ਇਸ ਪਿੰਜਰ ਦਾ ਇਕ ਮੋਢਾ ਉਚਾ ਸੀ ਅਤੇ ਦੂਜਾ ਨੀਵਾਂ। ਉਸਦੀ ਇਕ ਲੱਤ ਦੂਜੀ ਨਾਲੋਂ ਛੋਟੀ ਸੀ। ਇਸ ਪਿੰਜਰ ਦੀ ਧੌਣ ਦੀ ਹੱਡੀ ਟੁੱਟੀ ਹੋਈ ਨਹੀਂ ਸੀ। ਜਿਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਉਸ ਨੂੰ ਫਾਂਸੀ ਨਹੀਂ ਸੀ ਚੜ੍ਹਾਇਆ ਗਿਆ ਸਗੋਂ ਆਪ ਹੀ ਉਥੇ ਆ ਕੇ ਮਰ ਗਿਆ ਹੈ।

ਜਦ ਇਨ੍ਹਾਂ ਪਿੰਜਰਾਂ ਨੂੰ ਇਕ ਦੂਜੇ ਤੋਂ ਵਖ ਕੀਤਾ ਗਿਆ ਤਾਂ ਉਹ ਭੁਰ ਕੇ ਮਿਟੀ ਵਿਚ ਮਿਲ ਗਏ।

ਇਤਿ

# ਛੇਤੀ ਹੀ

**ਏਸੇ ਕਲਮ ਦਾ ਅਗਲਾ ਨਾਵਲ**

(Sons by Pearl S. Buck)

ਆ ਰਿਹਾ ਹੈ।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸ: ਨਾਨਕ ਸਿੰਘ

## ਰਚਿਤ ਪੁਸਤਕਾਂ

*

| | |
|---|---|
| ਪਵਿਤਰ ਪਾਪੀ | ੨–੮ |
| ਧੁੰਧਲੇ ਪਰਛਾਵੇਂ | ੩–੮ |
| ਪਿਆਰ ਦੀ ਦੁਨੀਆਂ | ੪–੮ |
| ਗ਼ਰੀਬ ਦੀ ਦੁਨੀਆਂ | ੩–੦ |
| ਜੀਵਨ ਸੰਗਰਾਮ | ੩–੦ |
| ਲਵ ਮੈਰਿਜ | ੪–੦ |
| ਕਾਗਤਾਂ ਦੀ ਬੇੜੀ | ੩–੦ |
| ਫ਼ੌਲਾਦੀ ਫੁੱਲ | ੩–੦ |
| ਪਤ-ਝੜ ਦੇ ਪੰਛੀ | ੨–੮ |
| ਪਥਰ ਕਾਂਬਾ | ੩–੦ |
| ਤਸਵੀਰ ਦੇ ਦੋਵੇਂ ਪਾਸੇ | ੧–੮ |
| ਰਜਨੀ | ੨–੦ |
| ਮਿਠਾ ਮਹੁਰਾ | ੧–੪ |
| ਪ੍ਰੇਮ ਸੰਗੀਤ | ੧–੬ |
| ਫ਼ਰਾਂਸ ਦਾ ਡਾਕੂ | ੧–੪ |
| ਪ੍ਰਾਸਚਿਤ | ੧–੪ |
| ਮਤਰੇਈ ਮਾਂ | ੧–੦ |

ਲਾਹੌਰ

**ਪ੍ਰੀਤ ਨਗਰ ਸ਼ਾਪ**

੩੦, ਨਿਸਬਤ ਰੋਡ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-0651

Digitized by Panjab Digital Library | www.panjabdigilib.org

Digitized by Panjab Digital Library | www.panjabdigilib.org